ਅੰਗ ੬੬੦ = ਧਨਾਸਰੀ ਮਹਲਾ ੧ ਘਰੁ ੧ ਚਉਪਦੇ ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ ਜੀਉ ਡਰਤੁ ਹੈ ਆਪਣਾ, ਕੈ ਸਿਉ ਕਰੀ ਪੁਕਾਰ ॥ ਦੂਖ ਵਿਸਾਰਣੁ ਸੇਵਿਆ, ਸਦਾ ਸਦਾ ਦਾਤਾਰੁ ॥੧॥ ਸਾਹਿਬੁ ਮੇਰਾ ਨੀਤ ਨਵਾ, ਸਦਾ ਸਦਾ ਦਾਤਾਰੁ ॥੧॥ਰਹਾਉ॥ ਅਨਦਿਨੁ ਸਾਹਿਬੁ ਸੇਵੀਐ ਅੰਤਿ ਛਡਾਏ ਸੋਇ ॥ ਸੁਣਿ ਸੁਣਿ ਮੇਰੀ ਕਾਮਣੀ ਪਾਰਿ ਉਤਾਰਾ ਹੋਇ ॥੨॥ ਦਇਆਲ ਤੇਰੈ ਨਾਮਿ ਤਰਾ ॥ ਸਦ ਕੁਰਬਾਣੈ ਜਾਉ ॥੧॥ਰਹਾਉ॥ ਸਰਬੰ ਸਾਚਾ ਏਕੁ ਹੈ, ਦੂਜਾ ਨਾਹੀ ਕੋਇ ॥ ਤਾ ਕੀ ਸੇਵਾ ਸੋ ਕਰੇ, ਜਾ ਕਉ ਨਦਰਿ ਕਰੇਇ ॥੩॥ ਤੁਧੁ ਬਾਝੁ ਪਿਆਰੇ ਕੇਵ ਰਹਾ ॥ ਸਾ ਵਡਿਆਈ ਦੇਹਿ, ਜਿਤੁ ਨਾਮਿ ਤੇਰੇ ਲਾਗਿ ਰਹਾਂ ॥ ਦੂਜਾ ਨਹੀ ਕੋਇ, ਜਿਸੁ ਆਗੈ ਪਿਆਰੇ ਜਾਇ ਕਹਾ ॥੧॥ਰਹਾਉ॥ ਸੇਵੀ ਸਾਹਿਬੁ ਆਪਣਾ ਅਵਰੁ ਨ ਜਾਚੰਉ ਕੋਇ ॥ ਨਾਨਕੁ ਤਾ ਕਾ ਦਾਸੁ ਹੈ, ਬਿੰਦ ਬਿੰਦ ਚੁਖ ਚੁਖ ਹੋਇ ॥੪॥ ਸਾਹਿਬ ਤੇਰੇ ਨਾਮ ਵਿਟਹੁ ਬਿੰਦ ਬਿੰਦ ਚੁਖ ਚੁਖ ਹੋਇ ॥੧॥ਰਹਾਉ॥੪॥੧॥ (ਅਪਣੇ ਪਾਪਾਂ ਦਾ ਖਿਆਲ ਜਾਂ ਪ੍ਰਲੋਕ ਦਾ ਹਾਲ ਸੁਣ ਕਰਕੇ ਹੇ ਪ੍ਰਭੂ !) ਮੇਰਾ ਦਿਲ ਡਰਦਾ (ਕੰਬਦਾ) ਹੈ, ਮੈਂ (ਇਸ ਭੈ ਨੂੰ ਦੂਰ ਕਰਨ ਵਾਸਤੇ ਤੇਰੇ ਬਿਨਾ ਹੋਰ) ਕਿਸ ਪਾਸ ਜਾ ਕੇ ਪੁਕਾਰ ਕਰਾਂ? (ਇਸ ਲਈ) ਮੈਂ ਦੁੱਖਾਂ ਦੇ ਭੁਲਾ ਦੇਣ ਵਾਲੇ ਹਰੀ ਨੂੰ ਸਿਮਰਿਆ ਹੈ, ਜੋ ਸਦਾ ਸਦਾ ਦਾਤਾਂ ਦੇਣ ਵਾਲਾ ਹੈ।੧।ਮੇਰਾ ਮਾਲਕ ਪ੍ਰਭੂ ਸਦਾ ਨਵਾਂ ਹੈ, ਉਹ ਸਦਾ ਸਦਾ (ਸਭ ਨੂੰ) ਦਾਤਾਂ ਦੇਣ ਵਾਲਾ ਹੈ।੧।ਰਹਾਉ।ਹਰ ਰੋਜ ਮਾਲਕ ਪ੍ਰਭੂ ਦੀ ਸੇਵਾ ਭਗਤੀ ਕਰਨੀ ਚਾਹੀਦੀ ਹੈ, (ਕਿਉਂਕਿ) ਅੰਤ ਨੂੰ (ਦੁੱਖਾਂ ਤੋਂ) ਉਹ ਹੀ ਛੁਡਾਉਂਦਾ ਹੈ।ਹੇ ਮੇਰੀ ਬੁੱਧੀ ਰੂਪ ਇਸਤ੍ਰੀ! (ਤੂੰ ਮਨ ਤੇ ਤਨ ਕਰਕੇ ਹਰੀ ਦਾ ਨਾਮ) ਸੁਣ, (ਇਉਂ ਤੇਰਾ ਭਵਜਲ ਤੋਂ) ਪਾਰ ਉਤਾਰਾ ਹੋ ਜਾਵੇਗਾ।੨।ਹੇ ਦਇਆ ਕਰਨ ਵਾਲੇ ਪ੍ਰਭੂ ! ਤੇਰੇ ਨਾਮ ਦੁਆਰਾ ਮੈਂ (ਸੰਸਾਰ ਸਮੁੰਦਰ ਤੋਂ) ਤਰ ਜਾਵਾਂਗਾ।ਮੈਂ ਤੇਰੇ ਤੋਂ ਸਦਾ ਕੁਰਬਾਨ ਜਾਂਦਾ ਹਾਂ।੧।ਰਹਾਉ।ਸਭ ਜਗ੍ਹਾ ਇਕੋ ਸੱਚਾ ਪ੍ਰਭੂ ਵਿਆਪਕ ਹੈ, (ਉਸ ਤੋਂ ਬਿਨਾ ਹੋਰ) ਦੂਜਾ ਕੋਈ ਨਹੀਂ।ਉਸ ਪ੍ਰਭੂ ਦੀ ਸੇਵਾ ਭਗਤੀ ਉਹ (ਮਨੁੱਖ) ਕਰਦਾ ਹੈ, ਜਿਸ ਉਤੇ ਉਹ ਮੇਹਰ ਦੀ ਨਜਰ ਕਰਦਾ ਹੈ।੩।ਹੇ ਪਿਆਰੇ ਪ੍ਰਭੂ ! ਤੇਰੇ ਬਿਨਾ ਮੈਂ ਕਿਵੇਂ ਜਿਉਂਦਾ ਰਹਿ ਸਕਦਾ ਹਾਂ।ਮੈਨੂੰ ਉਹ ਵਡਿਆਈ ਦੇਹ, ਜਿਸ ਕਰਕੇ ਮੈ ਤੇਰੇ ਨਾਮ ਸਿਮਰਨ ਵਿਚ ਲੱਗਾ ਰਹਾਂ।ਹੇ ਪਿਆਰੇ ਪ੍ਰਭੂ ! ਜਿਸ ਅੱਗੇ ਮੈਂ ਜਾ ਕੇ (ਅਪਣਾ ਦੁਖ) ਦੱਸਾਂ, (ਮੇਰੀ ਬੇਨਤੀ ਸੁਣਨ ਵਾਲਾ ਤੇਰੇ ਬਿਨਾ ਹੋਰ) ਦੂਜਾ ਕੋਈ ਨਹੀਂ।੧।ਰਹਾਉ।ਮੈਂ ਅਪਣੇ ਮਾਲਕ ਪ੍ਰਭੂ ਦਾ ਸਿਮਰਨ ਕਰਦਾ ਹਾਂ, (ਉਸ ਤੋਂ ਬਿਨਾ ਮੈਂ) ਹੋਰ ਕਿਸੇ ਪਾਸੋਂ ਕੁਝ ਨਹੀਂ ਮੰਗਦਾ।ਨਾਨਕ ਉਸ ਪ੍ਰਭੂ ਦਾ ਦਾਸ ਹੈ ਅਤੇ (ਪ੍ਰਭੂ ਤੋਂ) ਪਲ ਪਲ ਕੁਰਬਾਨ ਹੁੰਦਾ ਹੈ।੪।ਹੇ ਸਾਹਿਬ ! (ਨਾਨਕ) ਤੇਰੇ ਨਾਮ ਤੋਂ ਪਲ ਪਲ ਕੁਰਬਾਨ ਹੁੰਦਾ ਹੈ।੧।ਰਹਾਉ।੪।੧।(ਇਸ ਸ਼ਬਦ ਵਿਚ ਚਾਰ ਰਹਾਉ ਹਨ, ਹਰੇਕ ਪਦੇ ਨਾਲ ਇਕ ਇਕ ਰਹਾਉ ਵਾਲੀ ਪੰਗਤੀ ਹੈ)।

ਪਦਾਰਥ = ਚਉਪਦੇ-ਚਾਰ ਪਦਿਆਂ ਵਾਲੇ ਸ਼ਬਦ।ਜੀਉ-ਦਿਲ।ਡਰਤੁ ਹੈ-ਡਰਦਾ ਹੈ।ਕੈ ਸਿਉ-ਕਿਸ ਪਾਸ।ਕਰੀ-ਮੈਂ ਕਰਾਂ।ਦੂਖ ਵਿਸਾਰਣੁ-ਦੁਖ ਦੂਰ ਕਰਨ ਵਾਲਾ ਪ੍ਰਭੂ।ਸੇਵਿਆ-ਸਿਮਰਿਆ।ਦਾਤਾਰੁ-ਦਾਤਾਂ ਦੇਣ ਵਾਲਾ।੧।ਸਾਹਿਬੁ-ਮਾਲਕ ਪ੍ਰਭੂ।ਨੀਤ-ਨਿਤ। ਨਵਾ-ਨਵਾਂ; ਸਦਾ ਬਹਾਰ।੧।ਰਹਾਉ।ਅਨਦਿਨੁ-ਹਰ ਰੋਜ।ਸੇਵੀਐ-ਸੇਵਾ ਭਗਤੀ ਕਰਨੀ ਚਾਹੀਦੀ ਹੈ।ਅੰਤਿ-ਅੰਤ ਨੂੰ।ਸੋਇ-ਉਹ ਹੀ।ਕਾਮਣੀ-ਹੇ ਬੁੱਧੀ ਰੂਪ ਇਸਤ੍ਰੀ!।ਪਾਰਿ ਉਤਾਰਾ-ਸੰਸਾਰ ਸਮੁੰਦਰ ਤੋਂ ਪਾਰ ਉਤਰ (ਲੰਘ) ਜਾਣਾ।੨।ਦਇਆਲ-ਹੇ ਦਇਆ ਕਰਨ ਵਾਲੇ ਪ੍ਰਭੂ !।ਨਾਮਿ-ਨਾਮ ਦੁਆਰਾ।ਤਰਾ-ਤਰ ਜਾਵਾਂਗਾ।ਸਦ-ਸਦਾ।ਸਰਬੰ-ਸਭ ਜਗ੍ਹਾ।ਏਕੁ-ਇਕੋ ਪ੍ਰਭੂ।ਤਾ ਕੀ-ਉਸ ਦੀ।ਸੋ-ਉਹ।ਜਾ ਕਉ-ਜਿਸ ਨੂੰ (ਉਤੇ)।ਨਦਰਿ ਕਰੇਇ-ਮੇਹਰ ਦੀ ਨਜਰ ਕਰਦਾ ਹੈ।੩।ਤੁਧੁ ਬਾਝੁ-ਤੇਰੇ ਬਿਨਾ।ਪਿਆਰੇ-ਹੇ ਪਿਆਰੇ ਪ੍ਰਭੂ !।ਕੇਵ ਰਹਾ-ਕਿਵੇਂ ਰਹਿ ਸਕਦਾ ਹਾਂ? ਸਾ-ਉਹ।ਵਡਿਆਈ-ਵਡੱਪਣ; ਬਜੁਰਗੀ; ਉੱਚਤਾ।ਜਿਤੁ-ਜਿਸ ਕਰਕੇ। ਲਾਗਿ ਰਹਾਂ-ਲੱਗਿਆ (ਜੁੜਿਆ) ਰਹਾਂ।ਕਹਾ-ਕਹਾਂ।੧।ਰਹਾਉ।ਸੇਵੀ-ਸੇਵਾ ਭਗਤੀ ਕਰਦਾ ਹਾਂ।ਨ ਜਾਚੰਉ-ਨਹੀਂ ਮੰਗਦਾ।ਤਾ ਕਾ -ਉਸ ਦਾ।ਬਿੰਦ ਬਿੰਦ-ਪਲ ਪਲ; ਘੜੀ ਮੁੜੀ; ਵਾਰ ਵਾਰ।ਚੁਖ ਚੁਖ-ਟੁਕੜੇ ਟੁਕੜੇ (ਕੁਰਬਾਨ ਹਾਂ)।੪।ਵਿਟਹੁ-ਤੋਂ।੪।੧।

ਧਨਾਸਰੀ ਮਹਲਾ ੧ ॥ ਹਮ ਆਦਮੀ ਹਾਂ ਇਕ ਦਮੀ, ਮੁਹਲਤਿ ਮੁਹਤੁ ਨ ਜਾਣਾ ॥ ਨਾਨਕੁ ਬਿਨਵੈ ਤਿਸੈ ਸਰੇਵਹੁ ,ਜਾ ਕੇ ਜੀਅ ਪਰਾਣਾ ॥੧॥ ਅੰਧੇ ਜੀਵਨਾ ਵੀਚਾਰਿ, ਦੇਖਿ ਕੇਤੇ ਕੇ ਦਿਨਾ ॥੧॥ਰਹਾਉ॥ ਸਾਸੁ ਮਾਸੁ ਸਭੁ ਜੀਉ ਤੁਮਾਰਾ, ਤੂ ਮੈ ਖਰਾ ਪਿਆਰਾ ॥ ਨਾਨਕੁ ਸਾਇਰੁ ਏਵ ਕਹਤੁ ਹੈ, ਸਚੇ ਪਰਵਦਗਾਰਾ ॥੨॥ ਜੇ ਤੂ ਕਿਸੈ ਨ ਦੇਹੀ ਮੇਰੇ ਸਾਹਿਬਾ, ਕਿਆ ਕੋ ਕਢੈ ਗਹਣਾ ॥ ਨਾਨਕੁ ਬਿਨਵੈ ਸੋ ਕਿਛੁ ਪਾਈਐ, ਪੁਰਬਿ ਲਿਖੇ ਕਾ ਲਹਣਾ ॥੩॥ ਨਾਮੁ ਖਸਮ ਕਾ ਚਿਤਿ ਨ ਕੀਆ, ਕਪਟੀ ਕਪਟੁ ਕਮਾਣਾ ॥ ਜਮ ਦੁਆਰਿ ਜਾ ਪਕੜਿ ਚਲਾਇਆ, ਤਾ ਚਲਦਾ ਪਛੁਤਾਣਾ ॥੪॥ (ਹੇ ਭਾਈ!) ਅਸੀਂ ਇਕ ਦਮ (ਇਕ ਸਾਹ ਭਰ ਜਿਉਣ) ਵਾਲੇ ਆਦਮੀ ਹਾਂ ਅਤੇ (ਅਸੀਂ ਅਪਣੇ ਜੀਵਨ ਦੀ) ਮੁਹਲਤ ਅਤੇ (ਮਰਨ ਦਾ) ਸਮਾਂ ਨਹੀਂ ਜਾਣਦੇ (ਇਕ ਘੜੀ ਵੀ ਜਿਉਣ ਦਾ ਭਰੋਸਾ ਨਹੀਂ।ਇਸ ਲਈ) ਨਾਨਕ ਬੇਨਤੀ ਕਰਦਾ ਹੈ ਕਿ ਉਸ ਹਰੀ ਨੂੰ ਸਿਮਰੋ, ਜਿਸ ਹਰੀ ਦੇ ਦਿਤੇ ਹੋਏ ਪਰਾਣ ਤੇ ਜਿੰਦ ਹਨ।੧।ਹੇ ਅੰਨ੍ਹੇ (ਅਗਿਆਨੀ) ਮਨੁੱਖ! ਵਿਚਾਰ ਕਰ, ਦੇਖ ਕਿੰਨੇ ਕੁ ਦਿਨ ਅਸੀਂ ਜਿਉਣਾ ਹੈ? (ਜੀਵਨ ਦਾ ਕੋਈ ਪਤਾ ਨਹੀਂ)।੧।ਰਹਾਉ।ਨਾਨਕ ਕਵੀ ਇਸ ਤਰ੍ਹਾਂ ਕਹਿੰਦਾ ਹੈ ਕਿ ਹੇ ਸੱਚੇ ਪਾਲਣਹਾਰ ਪ੍ਰਭੂ ! (ਸਾਨੂੰ ਜੀਵਾਂ ਨੂੰ) ਸੁਆਸ, ਸਰੀਰ ਤੇ ਜਿੰਦ ਸਭ ਤੇਰੇ ਦਿਤੇ ਹੋਏ ਹਨ, (ਮੇਰੇ ਸਰੀਰ ਤੇ ਸੁਆਸਾਂ ਨਾਲੋਂ ਵੀ) ਤੂੰ ਮੈਨੂੰ ਬਹੁਤ ਪਿਆਰਾ ਹੈਂ।੨।ਹੇ ਮੇਰੇ ਸਾਹਿਬ! ਜੇ ਤੂੰ ਕਿਸੇ ਨੂੰ ਦਾਤ ਨਾ ਦੇਵੇਂ, ਤਾਂ ਕੀ ਕੋਈ ਮਨੁੱਖ

ਗਹਿਣੇ ਰੱਖ ਕੇ ਦਾਤ ਲੈ ਸਕਦਾ ਹੈ? (ਜਾਂ ਤੇਰੇ ਪਾਸੋਂ ਦਾਤ ਲੈਣ ਵਾਸਤੇ ਬਦਲੇ ਵਿਚ) ਕੋਈ ਮਨੁੱਖ ਕਿਹੜਾ ਗਹਿਣਾ ਕੱਢ ਕੇ ਦੇਵੇ? (ਮਨੁੱਖ ਕੋਲ ਕੁਛ ਹੈ ਹੀ ਨਹੀਂ, ਜੋ ਗਿਰਵੀ ਰੱਖ ਕੇ ਹਰੀ ਕੋਲੋਂ ਕੋਈ ਦਾਤ ਲੈ ਸਕੇ, ਜੋ ਮਿਲਣਾ ਹੈ, ਉਹ ਮੁਫਤ ਉਸ ਦੀ ਮੇਹਰ ਨਾਲ ਮਿਲਣਾ ਹੈ)। ਨਾਨਕ ਬੇਨਤੀ ਕਰਦਾ ਹੈ ਕਿ ਉਹੋ ਕੁਛ ਪ੍ਰਾਪਤ ਕਰੀਦਾ ਹੈ, ਜੋ ਪਹਿਲਾਂ ਤੋਂ (ਪਿਛਲੇ ਜਨਮਾਂ ਦੇ) ਕੀਤੇ ਕਰਮਾਂ ਦਾ ਮਿਲਣਾ ਲਿਖਿਆ ਹੈ।੩।(ਹੇ ਭਾਈ!) ਕਪਟੀ ਮਨੁੱਖ ਕਪਟ ਹੀ ਕਮਾਉਂਦਾ ਰਿਹਾ, ਪ੍ਰਭੂ ਦਾ ਨਾਮ ਚੇਤੇ ਨਹੀਂ ਕੀਤਾ।(ਅੰਤ ਵੇਲੇ) ਜਦੋਂ ਪਕੜ ਕੇ ਜਮ ਦੇ ਦਰਵਾਜੇ ਵੱਲ ਤੋਰਿਆ ਗਿਆ ਤਾਂ (ਉਸ ਵੇਲੇ ਜੀਵ) ਚਲਦਾ ਹੋਇਆ ਪਛਤਾਉਂਦਾ ਹੈ।੪।

ਅੰਗ ੬੬੧ = ਜਬ ਲਗੁ ਦੁਨੀਆ ਰਹੀਐ ਨਾਨਕ, ਕਿਛੁ ਸੁਣੀਐ ਕਿਛੁ ਕਹੀਐ ॥ ਭਾਲਿ ਰਹੇ ਹਮ ਰਹਣੁ ਨ ਪਾਇਆ, ਜੀਵਤਿਆ ਮਰਿ ਰਹੀਐ ॥੫॥੨॥ ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਜਦੋਂ ਤਕ ਦੁਨੀਆਂ ਵਿਚ ਜਿਉਂਦੇ ਰਹੀਏ, (ਉਦੋਂ ਤਕ ਗੁਰਮੁਖਾਂ ਦੀ ਸੰਗਤ ਵਿਚ ਰੱਬ ਦਾ ਜਸ) ਕੁਛ ਸੁਣੀਏ ਅਤੇ ਕੁਛ ਕਹੀਏ (ਜਪੀਏ ਜਾਂ ਹੋਰਨਾਂ ਨੂੰ ਸੁਣਾਈਏ, ਇਹੋ ਜਿਉਣ ਦਾ ਲਾਭ ਹੈ)।ਅਸੀਂ ਖੋਜਦੇ ਰਹੇ ਹਾਂ ਕਿ (ਇਸ ਸੰਸਾਰ ਵਿਚ ਕਿਸੇ ਨੂੰ ਵੀ ਸਦਾ ਲਈ ਜਿਉਂਦੇ) ਰਹਿਣਾ ਪ੍ਰਾਪਤ ਨਹੀਂ ਹੋਇਆ, (ਇਸ ਲਈ ਦੁਨੀਆਂ ਵਿਚ) ਜਿਉਦਿਆਂ (ਜੀਵਤ ਭਾਵ ਤੋਂ) ਮਰ ਕੇ ਰਹਿਣਾ ਚਾਹੀਦਾ ਹੈ (ਵਾਸ਼ਨਾਵਾਂ ਵੱਲੋਂ ਮਰ ਕੇ ਜੀਵੀਏ)।੫।੨।

ਪਦਾਰਥ = ਹਮ–ਅਸੀਂ।ਇਕ ਦਮੀ–ਇਕ ਸੁਆਸ ਵਾਲੇ (ਅੰਦਰੋਂ ਬਾਹਰ ਗਏ ਸਾਹ ਦਾ ਮੁੜ ਆਉਣ ਦਾ ਭਰੋਸਾ ਨਹੀਂ)।ਮੁਹਲਤਿ –ਹੱਦ (ਜੀਵਨ ਦੀ ਮਿਆਦ)।ਮੁਹਤੁ–ਘੜੀ (ਮੌਤ ਦਾ ਸਮਾਂ)।ਬਿਨਵੈ–ਬੇਨਤੀ ਕਰਦਾ ਹੈ।ਤਿਸੈ–ਉਸ ਨੂੰ।ਸਰੇਵਹੁ–ਸਿਮਰੋ।ਜਾ ਕੇ– ਜਿਸ ਦੇ।ਜੀਅ–ਜਿੰਦ।ਪਰਾਣਾ–ਪ੍ਰਾਣ (ਸੁਆਸ)।੧।ਅੰਧੇ–ਹੇ ਅਗਿਆਨੀ ਮਨੁੱਖ!।ਵਿਚਾਰਿ–ਵਿਚਾਰ ਕਰ।ਕੇਤੇ ਕੇ ਦਿਨਾ–ਕਿੰਨੇ ਕੁ ਦਿਨਾਂ ਦਾ ਹੈ।੧।ਰਹਾਉ।ਸਾਸੁ–ਸੁਆਸ।ਮਾਸੁ–ਸਰੀਰ।ਜੀਉ–ਜਿੰਦ।ਮੈ–ਮੈਨੂੰ।ਖਰਾ–ਬਹੁਤ।ਸਾਇਰੁ–ਕਵੀ।ਪਰਵਦਗਾਰਾ–ਹੇ ਪਾਲਣ ਵਾਲੇ ਪ੍ਰਭੂ!।ਏਵ–ਇਸ ਤਰ੍ਹਾਂ।੨।ਕਿਸੈ–ਕਿਸੇ ਨੂੰ।ਨ ਦੇਹੀ–ਨਾ ਦੇਵੇਂ।ਸਾਹਿਬਾ–ਹੇ ਮਾਲਕ ਪ੍ਰਭੂ!।ਕੋ–ਕੋਈ।ਕਢੈ–ਰੱਖ ਕੇ; ਦੇ ਕੇ; ਕੱਢ ਕੇ।ਗਹਣਾ–ਗਿਰਵੀ (ਜੇਵਰ ਆਦਿ ਗਿਰਵੀ ਰੱਖ ਕੇ ਕੋਈ ਚੀਜ ਲੈਣੀ; ਕਰਜ ਆਦਿ ਉਤਾਰਨ ਵਾਸਤੇ ਜਮੀਨ ਰੈਹਣ ਕਰ ਦੇਣੀ)।ਸੋ ਕਿਛੁ–ਉਹੋ ਕੁਛ।ਪੁਰਬਿ ਕਾ–ਪਹਿਲਾਂ ਤੋਂ ਕੀਤੇ ਕਰਮਾਂ ਦਾ ਲੇਖ।ਲਹਣਾ–ਲੱਭਣਾ; ਮਿਲਣਾ।੩।ਖਸਮ ਕਾ– ਰੱਬ ਦਾ।ਚਿਤਿ ਨ ਕੀਆ–ਚੇਤੇ ਨਹੀਂ ਕੀਤਾ।ਕਪਟੀ–ਫਰੇਬੀ; ਪਖੰਡੀ।ਕਪਟੁ–ਛਲ ਫਰੇਬ।ਜਮ ਦੁਆਰਿ–ਜਮ ਦੇ ਦਰਵਾਜੇ ਵੱਲ। ਜਾ–ਜਦ।ਤਾ–ਤਾਂ।੪।ਜਬ ਲਗੁ–ਜਦ ਤਕ।ਰਹੀਐ–(ਜਿਉਂਦੇ) ਰਹੀਏ।ਭਾਲਿ ਰਹੇ–ਖੋਜਦੇ ਰਹੇ ਹਾਂ।ਰਹਣੁ–(ਸਦਾ ਜਿਉਂਦੇ) ਰਹਿਣਾ; ਪੱਕਾ ਟਿਕਾਣਾ।ਮਰਿ ਰਹੀਐ–(ਦੁਨੀਆਂ ਦੀਆਂ ਵਾਸ਼ਨਾਵਾਂ ਤੋਂ) ਮਰ ਕੇ ਰਹੀਏ (ਹੰਕਾਰ ਨਾ ਕਰੀਏ)।੫।੨।

ਧਨਾਸਰੀ ਮਹਲਾ ੧ ਘਰੁ ਦੂਜਾ ੴ ਸਤਿਗੁਰ ਪ੍ਰਸਾਦਿ ॥ ਕਿਉ ਸਿਮਰੀ ਸਿਵਰਿਆ ਨਹੀ ਜਾਇ ॥ ਤਪੈ ਹਿਆਉ ਜੀਅੜਾ ਬਿਲਲਾਇ ॥ ਸਿਰਜਿ ਸਵਾਰੇ ਸਾਚਾ ਸੋਇ ॥ ਤਿਸੁ ਵਿਸਰਿਐ ਚੰਗਾ ਕਿਉ ਹੋਇ ॥੧॥ ਹਿਕਮਤਿ ਹੁਕਮਿ ਨ ਪਾਇਆ ਜਾਇ ॥ ਕਿਉ ਕਰਿ ਸਾਚਿ ਮਿਲਉ ਮੇਰੀ ਮਾਇ ॥੧॥ਰਹਾਉ॥ ਵਖਰੁ ਨਾਮੁ ਦੇਖਣ ਕੋਈ ਜਾਇ ॥ ਨਾ ਕੋ ਚਾਖੈ ਨਾ ਕੋ ਖਾਇ ॥ ਲੋਕਿ ਪਤੀਣੈ ਨਾ ਪਤਿ ਹੋਇ ॥ ਤਾ ਪਤਿ ਰਹੈ ਰਾਖੈ ਜਾ ਸੋਇ ॥੨॥ ਜਹ ਦੇਖਾ ਤਹ ਰਹਿਆ ਸਮਾਇ ॥ ਤੁਧੁ ਬਿਨੁ ਦੂਜੀ ਨਾਹੀ ਜਾਇ ॥ ਜੇ ਕੋ ਕਰੇ ਕੀਤੈ ਕਿਆ ਹੋਇ ॥ ਜਿਸ ਨੋ ਬਖਸੇ ਸਾਚਾ ਸੋਇ ॥੩॥ ਹੁਣਿ ਉਠਿ ਚਲਣਾ ਮੁਹਤਿ ਕਿ ਤਾਲਿ ॥ ਕਿਆ ਮੁਹੁ ਦੇਸਾ ਗੁਣ ਨਹੀ ਨਾਲਿ ॥ ਜੈਸੀ ਨਦਰਿ ਕਰੇ ਤੈਸਾ ਹੋਇ ॥ ਵਿਣੁ ਨਦਰੀ ਨਾਨਕ ਨਹੀ ਕੋਇ ॥੪॥੧॥੩॥ (ਹੇ ਮੇਰੀ ਮਾਂ! ਪ੍ਰਭੂ ਨੂੰ) ਮੈਂ ਕਿਵੇਂ ਸਿਮਰਾਂ ? (ਮੇਰੇ ਤੋਂ ਉਹ) ਸਿਮਰਿਆ ਨਹੀਂ ਜਾਂਦਾ।(ਪ੍ਰਭੂ ਦਾ ਸਿਮਰਨ ਕੀਤੇ ਬਿਨਾ ਤ੍ਰਿਸਨਾ ਨਾਲ ਮੇਰਾ) ਹਿਰਦਾ ਤਪ ਰਿਹਾ ਹੈ ਅਤੇ ਮਨ ਦੁਖੀ ਹੋਇਆ ਚੀਖ ਪੁਕਾਰ ਕਰਦਾ ਹੈ।ਉਹ ਸੱਚਾ ਪ੍ਰਭੂ ਹੀ (ਹਰੇਕ ਜੀਵ ਨੂੰ) ਪੈਦਾ ਕਰਕੇ (ਫਿਰ ਉਸ ਨੂੰ ਸਿਮਰਨ ਦੀ ਦਾਤ ਦੇ ਕੇ) ਸਵਾਰਦਾ ਹੈ।ਉਸ ਪ੍ਰਭੂ ਨੂੰ ਭੁੱਲਾ ਦੇਣ ਨਾਲ (ਜੀਵ) ਚੰਗਾ ਕਿਵੇਂ ਹੋ ਸਕਦਾ ਹੈ? (ਜੀਵ ਚੰਗਾ ਨਹੀਂ ਬਣ ਸਕਦਾ।੧।ਕਿਸੇ ਤਰ੍ਹਾਂ ਦੀ) ਚਲਾਕੀ ਤੇ ਹੁਕਮ ਕਰਨ (ਅਪਣੇ ਜੋਰ) ਨਾਲ ਹਰੀ ਨਹੀਂ ਪਾਇਆ ਜਾ ਸਕਦਾ।ਹੇ ਮੇਰੀ ਮਾਈ! (ਤੂੰ ਦੱਸ) ਸੱਚੇ ਹਰੀ ਵਿਚ ਮੈਂ ਕਿਵੇਂ ਮਿਲਾਂ? ੧।ਰਹਾਉ।ਕੋਈ ਵਿਰਲਾ ਮਨੁੱਖ (ਗੁਰੂ ਦੇ ਦਰ ਤੇ) ਨਾਮ ਰੂਪ ਸੌਦਾ ਦੇਖਣ (ਪਰਖਣ; ਖੋਜਣ) ਜਾਂਦਾ ਹੈ। (ਪਰ ਜੇ ਕਦੇ ਕੋਈ ਜਾਵੇ ਤਾਂ ਪ੍ਰੇਮ ਤੋਂ ਬਿਨਾ) ਨਾ ਕੋਈ ਮਨੁੱਖ (ਨਾਮ ਰਸ) ਚੱਖਦਾ ਹੈ ਤੇ ਕੋਈ ਖਾਂਦਾ ਹੈ (ਅਮਲੀ ਤੌਰ ਤੇ ਨਾ ਕੋਈ ਜਪ ਕੇ ਦੇਖਦਾ ਹੈ ਤੇ ਨਾ ਹਿਰਦੇ ਵਿਚ ਧਾਰਨ ਕਰਦਾ ਹੈ, ਤਾਂ ਫਿਰ ਮਿਲਾਪ ਕਿਵੇਂ ਹੋਵੇ?।ਪਰ ਐਵੇਂ) ਲੋਕਾਂ ਦੇ ਪ੍ਰਸੰਨ ਹੋਣ ਨਾਲ; ਲੋਕਾਂ ਦੀ ਤਸੱਲੀ ਕਰਾਇਆਂ (ਲੋਕ ਦਿਖਾਵਾ ਕਰਨ ਨਾਲ ਹਰੀ ਦੀ ਦਰਗਾਹ ਵਿਚ) ਇੱਜਤ ਨਹੀਂ ਹੁੰਦੀ।ਇੱਜਤ ਤਦ ਰਹਿੰਦੀ ਹੈ, ਜੇ ਉਹ ਵਾਹਿਗੁਰੂ ਆਪ ਹੀ ਰੱਖੇ।੨।(ਹੇ ਪ੍ਰਭੂ!) ਜਿੱਥੇ ਮੈਂ ਦੇਖਦਾ ਹੈ, ਉਥੇ ਤੂੰ ਸਮਾ ਰਿਹਾ (ਸਰਬ ਵਿਆਪਕ) ਹੈਂ।ਤੈਥੋਂ ਬਿਨਾ ਦੂਜੀ ਹੋਰ ਕੋਈ ਜਗ੍ਹਾ ਨਹੀਂ (ਸਭ ਥਾਂ ਹਾਜਰ ਹੈਂ)।ਜੇ ਕੋਈ (ਮਨੁੱਖ ਰੱਬ ਨੂੰ ਮਿਲਣ ਵਾਸਤੇ ਹਿਕਮਤ ਤੇ ਹੁਕਮ ਵਾਲਾ ਜਤਨ) ਕਰੇ, ਤਾਂ (ਉਸ ਦੇ) ਕੀਤਿਆਂ ਕੀ ਹੋ ਸਕਦਾ ਹੈ? (ਕੁਛ ਨਹੀਂ ਹੋ ਸਕਦਾ)।ਜਿਸ ਨੂੰ ਉਹ ਪ੍ਰਭੂ ਬਖਸ਼ਿਸ਼ ਕਰੇ, (ਉਸ ਨੂੰ ਨਾਮ; ਸਤਸੰਗ) ਪ੍ਰਾਪਤ ਹੁੰਦਾ ਹੈ (ਉਹ ਹੀ ਰੱਬ ਨੂੰ ਮਿਲ ਸਕਦਾ ਹੈ)।੩।ਮੈਂ ਹੁਣ ਸੰਸਾਰ ਤੋਂ ਉਠ ਕੇ ਚਲੇ ਜਾਣਾ ਹੈ, ਇਕ ਘੜੀ ਵਿਚ ਕਿ ਤਾੜੀ ਵੱਜਣ ਜਿੰਨੇ ਸਮੇਂ ਵਿਚ।(ਸਦਾ ਜਿਉਂਦੇ ਕਿਸੇ ਨੇ ਨਹੀਂ ਰਹਿਣਾ ਪਰ ਰੱਬੀ ਦਰਬਾਰ ਵਿਚ) ਕੀ ਮੂੰਹ ਦੇਵਾਂਗਾ (ਦਿਖਾਵਾਂਗਾ?

ਜਦੋਂ ਕਿ ਮੇਰੇ) ਨਾਲ ਗੁਣ ਨਹੀਂ ਹਨ।(ਵਿਚਾਰੇ ਜੀਵ ਦੇ ਵਸ ਵਿਚ ਵੀ ਕੀ ਹੈ?) ਜਿਸ ਤਰ੍ਹਾਂ ਦੀ (ਮੇਹਰ ਜਾਂ ਕਰੋਪੀ ਦੀ) ਹਰੀ ਨਜਰ ਕਰਦਾ ਹੈ, ਉਹੋ ਜਿਹਾ (ਮਨੁੱਖ ਚੰਗਾ ਜਾਂ ਮਾੜਾ) ਹੋ ਜਾਂਦਾ ਹੈ {ਚਿਤੈ ਅੰਦਰਿ ਸਭੁ ਕੋ ਵੇਖਿ ਨਦਰੀ ਹੇਠਿ ਚਲਾਇਦਾ ੪੭੨} ।ਨਾਨਕ ਗੁਰੂ ਜੀ ਆਖਦੇ ਹਨ ਕਿ ਪ੍ਰਭੂ ਦੀ ਨਜਰ ਤੋਂ ਬਿਨਾ (ਜਗਤ ਵਿਚ) ਕੋਈ ਵੀ ਜੀਵ ਨਹੀਂ ਹੈ।੪।੧।੩।

ਪਦਾਰਥ = ਕਿਉ–ਕਿਵੇਂ।ਸਿਮਰੀ–ਮੈਂ ਸਿਮਰਾਂ।ਸਿਵਰਿਆ–ਸਿਮਰਿਆ।ਤਪੈ–ਤਪਦਾ ਹੈ।ਹਿਆਉ–ਹਿਰਦਾ।ਜੀਅੜਾ–ਜਿੰਦ; ਮਨ ।ਬਿਲਲਾਇ–ਬਿਲਕਦਾ (ਦੁਖੀ ਹੋਇਆ ਚੀਖ ਪੁਕਾਰ ਕਰਦਾ) ਹੈ।ਸਿਰਜਿ–ਪੈਦਾ ਕਰਕੇ।ਸਵਾਰੇ–ਸੁਧਾਰਦਾ ਹੈ।ਸਾਚਾ–ਸੱਚਾ ਪ੍ਰਭੂ। ਸੋਇ–ਉਹ ਹੀ।ਤਿਸੁ–ਉਸ ਨੂੰ।ਵਿਸਰਿਐ–ਭੁਲਾ ਦੇਣ ਨਾਲ।੧।ਹਿਕਮਤਿ–ਚਲਾਕੀ ਨਾਲ।ਹੁਕਮਿ–ਹੁਕਮ ਕਰਨ ਨਾਲ।ਸਾਚਿ– ਸੱਚੇ ਹਰੀ ਵਿਚ।ਮਿਲਉ–ਮੈਂ ਮਿਲਾਂ।ਮਾਇ–ਹੇ ਮਾਂ!।੧।ਰਹਾਉ।ਵਖਰੁ–ਸੌਦਾ; ਪਦਾਰਥ।ਦੇਖਣ–ਪਰਖਣ; ਖੋਜਣ।ਕੋਈ–ਕੋਈ ਵਿਰਲਾ ਮਨੁੱਖ।ਕੋ–ਕੋਈ।ਲੋਕ ਪਤੀਣੈ–ਲੋਕਾਂ ਦੀ ਤਸੱਲੀ ਕਰਾਇਆਂ; ਲੋਕਾਂ ਦੇ ਖੁਸ਼ ਹੋਣ ਨਾਲ।ਪਤਿ–ਇੱਜਤ; ਆਦਰ।ਤਾ–ਤਦ; ਤਾਂ।ਜਾ–ਜੇ; ਜਦ।੨।ਜਹ–ਜਿੱਥੇ।ਦੇਖਾ–ਮੈਂ ਦੇਖਦਾ ਹਾਂ।ਤਹ–ਉਥੇ।ਰਹਿਆ ਸਮਾਇ–ਸਮਾ ਰਿਹਾ ਹੈ।ਜਾਇ–ਜਗ੍ਹਾ।ਕੀਤੈ– ਕੀਤਿਆਂ।੩।ਹੁਣਿ–ਹੁਣੇ ਹੀ।ਮਹਤਿ–ਇਕ ਘੜੀ ਵਿਚ।ਕਿ–ਜਾਂ।ਤਾਲਿ–ਤਾੜੀ ਵੱਜਣ ਜਿੰਨੇ ਸਮੇਂ ਵਿਚ (ਤੁਰੰਤ)।ਮੁਹੁ–ਮੂੰਹ।ਦੇਸਾ –ਦੇਵਾਂਗਾ (ਦਿਖਾਵਾਂਗਾ)।ਨਾਲਿ–ਸੰਗ; ਸਾਥ।ਨਦਰਿ–ਨਜਰ।ਵਿਣੁ ਨਦਰੀ–ਨਜਰ ਤੋਂ ਬਿਨਾ।੪।੧।੩।

ਧਨਾਸਰੀ ਮਹਲਾ ੩ ॥ ਨਦਰਿ ਕਰੇ ਤਾ ਸਿਮਰਿਆ ਜਾਇ ॥ ਆਤਮਾ ਦ੍ਰਵੈ ਰਹੈ ਲਿਵ ਲਾਇ ॥ ਆਤਮਾ ਪਰਾਤਮਾ ਏਕੋ ਕਰੈ ॥ ਅੰਤਰ ਕੀ ਦੁਬਿਧਾ ਅੰਤਰਿ ਮਰੈ ॥੧॥ ਗੁਰ ਪਰਸਾਦੀ ਪਾਇਆ ਜਾਇ ॥ ਹਰਿ ਸਿਉ ਚਿਤੁ ਲਾਗੈ, ਫਿਰਿ ਕਾਲੁ ਨ ਖਾਇ ॥੧॥ਰਹਾਉ॥ ਸਚਿ ਸਿਮਰਿਐ ਹੋਵੈ ਪਰਗਾਸੁ ॥ ਤਾ ਤੇ ਬਿਖਿਆ ਮਹਿ ਰਹੈ ਉਦਾਸੁ ॥ ਸਤਿਗੁਰ ਕੀ ਐਸੀ ਵਡਿਆਈ ॥ ਪੁਤ੍ਰ ਕਲਤ੍ਰ ਵਿਚੇ ਗਤਿ ਪਾਈ ॥੨॥ ਐਸੀ ਸੇਵਕੁ ਸੇਵਾ ਕਰੈ ॥ ਜਿਸ ਕਾ ਜੀਉ ਤਿਸੁ ਆਗੈ ਧਰੈ ॥ ਸਾਹਿਬ ਭਾਵੈ ਸੋ ਪਰਵਾਣੁ ॥ ਸੋ ਸੇਵਕੁ ਦਰਗਹ ਪਾਵੈ ਮਾਣੁ ॥੩॥ ਸਤਿਗੁਰ ਕੀ ਮੂਰਤਿ ਹਿਰਦੈ ਵਸਾਇ ॥ ਜੋ ਇਛੈ ਸੋਈ ਫਲੁ ਪਾਇ ॥ ਸਾਚਾ ਸਾਹਿਬੁ ਕਿਰਪਾ ਕਰੈ ॥ ਸੋ ਸੇਵਕੁ ਜਮ ਤੇ ਕੈਸਾ ਡਰੈ ॥੪॥ ਭਨਤਿ ਨਾਨਕੁ ਕਰੇ ਵੀਚਾਰੁ ॥ ਸਾਚੀ ਬਾਣੀ ਸਿਉ ਧਰੇ ਪਿਆਰੁ ॥ ਤਾ ਕੋ ਪਾਵੈ ਮੋਖ ਦੁਆਰੁ ॥ ਜਪੁ ਤਪੁ ਸਭੁ ਇਹੁ ਸਬਦੁ ਹੈ ਸਾਰੁ ॥੫॥੨॥੪॥ (ਹੇ ਭਾਈ! ਜੇ ਪ੍ਰਭੂ) ਮੇਹਰ ਦੀ ਨਜਰ ਕਰੇ ਤਾਂ (ਗੁਰੂ ਦੀ ਸ਼ਰਨ ਵਿਚ ਪੈ ਕੇ ਉਸ ਨੂੰ) ਸਿਮਰਿਆ ਜਾਂਦਾ ਹੈ।(ਸਿਮਰਨ ਨਾਲ) ਆਤਮਾ ਪਿਘਲ (ਕੋਮਲ ਹੋ) ਜਾਂਦਾ (ਮਨ ਦੀ ਕਠੋਰਤਾ ਮੁੱਕ ਜਾਂਦੀ) ਹੈ ਅਤੇ (ਮਨੁੱਖ ਪ੍ਰਭੂ ਵਿਚ) ਬਿਰਤੀ ਲਾਈ ਰਖਦਾ ਹੈ।(ਉਹ) ਅਪਣੀ ਆਤਮਾ ਨੂੰ ਪ੍ਰਮਾਤਮਾ ਨਾਲ ਇਕ ਮਿਕ ਕਰ ਲੈਂਦਾ ਹੈ।(ਉਸ ਦੇ) ਮਨ ਦੇ ਅੰਦਰ ਦੀ ਦੁਬਿਧਾ ਮਨ ਦੇ ਅੰਦਰ ਹੀ ਮਰ ਜਾਂਦੀ ਹੈ।੧।ਗੁਰੂ ਦੀ ਕਿਰਪਾ ਨਾਲ ਪ੍ਰਭੂ ਦਾ ਨਾਮ ਪਾਇਆ ਜਾਂਦਾ ਹੈ।(ਜਿਸ ਮਨੁੱਖ ਦਾ) ਚਿਤ ਹਰੀ ਨਾਲ ਜੁੜ ਜਾਵੇ, ਫਿਰ (ਉਸ ਨੂੰ) ਕਾਲ ਨਹੀਂ ਖਾਂਦਾ।੧।ਰਹਾਉ।ਸੱਚ ਰੂਪ ਪ੍ਰਭੂ ਦੇ ਸਿਮਰਿਆਂ ਗਿਆਨ ਦਾ ਚਾਨਣਾ ਹੁੰਦਾ ਹੈ।ਉਸ (ਗਿਆਨ) ਕਰਕੇ ਮਨੁੱਖ ਜਹਿਰ ਰੂਪ ਮਾਇਆ ਵਿਚ ਉਦਾਸ ਰਹਿੰਦਾ ਹੈ (ਦੁਨੀਆਂ ਦੇ ਧੰਧੇ ਕਰਦਾ ਹੋਇਆ ਉਨ੍ਹਾਂ ਵਿਚ ਮਨੋਂ ਖੁਭਦਾ ਨਹੀਂ)।ਸਤਿਗੁਰੂ ਦੀ ਅਜੇਹੀ ਵਡਿਆਈ ਹੈ ਕਿ ਉਹ ਪੁਤ੍ਰਾਂ ਤੇ ਇਸਤ੍ਰੀ ਦੇ ਵਿਚ ਰਹਿੰਦਾ ਹੋਇਆ ਮੁਕਤੀ ਪਾ ਲੈਂਦਾ ਹੈ।੨।(ਜੇ ਕੋਈ ਮਨੁੱਖ) ਸੇਵਕ ਹੋ ਕੇ ਪ੍ਰਭੂ ਦੀ ਅਜੇਹੀ ਸੇਵਾ ਕਰੇ।ਜਿਸ ਪ੍ਰਭੂ ਦੀ ਬਖਸੀ ਹੋਈ ਜਿੰਦ ਹੈ, ਉਸ ਦੇ ਅੱਗੇ (ਇਹ ਜਿੰਦ ਭੇਟਾ ਵੱਜੋਂ) ਧਰ ਦੇਵੇ (ਅਪਣਾ ਜੀਵਨ ਪ੍ਰਭੂ ਦੇ ਭਾਣੇ ਵਿਚ ਬਤੀਤ ਕਰੇ)।ਜੋ ਮਾਲਕ ਪ੍ਰਭੂ ਨੂੰ ਭਾਵੇ, ਉਹ ਪ੍ਰਵਾਨ ਕਰੇ (ਸਿਰ ਮੱਥੇ ਮੰਨੇ; ਜੋ ਸੇਵਕ) ਪ੍ਰਭੂ ਨੂੰ ਚੰਗਾ ਲਗਦਾ ਹੈ, ਉਹ (ਪ੍ਰਭੂ ਦੇ ਦਰ ਤੇ) ਪ੍ਰਵਾਨ ਹੁੰਦਾ ਹੈ)।ਉਹ ਸੇਵਕ ਹਰੀ ਦੀ ਦਰਗਾਹ ਵਿਚ ਆਦਰ ਮਾਣ ਪਾਉਂਦਾ ਹੈ।੩।ਜੇ ਕੋਈ ਮਨੁੱਖ ਸਤਿਗੁਰੂ ਦੀ ਮੂਰਤ ਨੂੰ ਅਪਣੇ ਹਿਰਦੇ ਵਿਚ ਵਸਾ ਲਵੇ, ਫਿਰ ਉਹ ਮਨ ਵਿਚ) ਜੋ ਇੱਛਾ ਕਰੇਗਾ ਉਹ ਹੀ ਫਲ ਪਾ ਲਵੇਗਾ (ਇਥੇ ਸਤਿਗੁਰੂ ਦੀ ਦੇਹ ਜਾਂ ਤਸਵੀਰ ਤੋਂ ਭਾਵ ਨਹੀਂ ਹੈ {ਮਾਨੁਖ ਕਾ ਕਰਿ ਰੂਪੁ ਨ ਜਾਨੁ ੮੯੫; ਗੁਰ ਮੂਰਤਿ ਗੁਰ ਸਬਦੁ ਹੈ ਸਾਧਸੰਗਤਿ ਵਿਚਿ ਪਰਗਟੀ ਆਇਆ ਭਾ. ਗੁ. ਵਾਰ ੨੪–੨੫।(ਉਸ ਸੇਵਕ ਉਤੇ) ਸੱਚਾ ਮਾਲਕ ਕ੍ਰਿਪਾ ਕਰਦਾ ਹੈ।ਉਹ ਸੇਵਕ ਜਮ ਤੋਂ ਕਿਸ ਤਰ੍ਹਾਂ ਡਰ ਸਕਦਾ ਹੈ? ਭਾਵ ਨਹੀਂ ਡਰਦਾ।੪।ਨਾਨਕ ਗੁਰੂ ਜੀ ਆਖਦੇ ਹਨ ਕਿ (ਜੇ ਮਨੁੱਖ) ਸੱਚੀ ਬਾਣੀ ਨਾਲ ਪਿਆਰ ਕਰੇ ਅਤੇ (ਇਸ ਬਾਣੀ ਦੀ) ਵੀਚਾਰ ਕਰੇ।ਤਦ ਕੋਈ ਮਨੁੱਖ ਮੁਕਤੀ ਦਾ ਦੁਆਰ (ਗਿਆਨ) ਪ੍ਰਾਪਤ ਕਰਦਾ ਹੈ।(ਉਸ ਮਨੁੱਖ ਲਈ) ਇਹ ਸ਼ਬਦ ਹੀ ਸ੍ਰੇਸ਼ਟ ਜਪ, ਤਪ ਆਦਿ ਸਭ ਕੁਛ ਹੈ।੫।੨।੪।

ਵਿਸ਼ੇਸ਼ = ਸੰ. ਸ. ਨੇ ਇਹ ਸ਼ਬਦ 'ਧਨਾਸਰੀ ਮਹਲਾ ੩' ਦਾ ਲਿਖਿਆ ਦਸਿਆ ਹੈ।ਸ਼ਬਦਾਰਥ, ਦਰਪਣ, ਫ.ਸ. ਅਤੇ ਨਿਰਣੈ ਨੇ 'ਧਨਾਸਰੀ ਮਹਲਾ ੧' ਦਾ ਲਿਖਿਆ ਦੱਸਿਆ ਹੈ।ਸੰਤ ਗਿਃ ਗੁਰਬਚਨ ਸਿੰਘ ਭਿੰਡਰਾਂ ਵਾਲਿਆਂ ਨੇ ਅਪਣੀ ਕਥਾ ਦੀ ਟੇਪ ਵਿਚ ਦਸਿਆ ਹੈ ਕਿ ਇਹ ਸ਼ਬਦ ਇਸ ਤੋਂ ਪਹਿਲਾਂ ਆਏ ਗੁਰੂ ਨਾਨਕ ਦੇਵ ਦੇ ਸ਼ਬਦ 'ਕਿਉ ਸਿਮਰੀ ਸਿਵਰਿਆ ਨਹੀਂ ਜਾਇ' ਦੇ ਉਤਰ ਵਿਚ ਗੁਰੂ ਅਮਰਦਾਸ ਜੀ ਨੇ 'ਨਦਰਿ ਕਰੇ ਤਾ ਸਿਮਰਿਆ ਜਾਇ' ਸ਼ਬਦ ਉਚਾਰਿਆ ਹੈ।ਉਨ੍ਹਾਂ ਅਨੁਸਾਰ ਕਰਤਾਰ ਪੁਰ ਵਾਲੀ ਬੀੜ ਵਿਚ ਅਤੇ ਦਮਦਮੀ ਬੀੜ ਵਿਚ ਇਸ ਸ਼ਬਦ ਦੇ ਅਰੰਭ ਵਿਚ 'ਮਹਲਾ ੩' ਹੀ ਲਿਖਿਆ ਹੋਇਆ ਹੈ।ਇਹ ਸ਼ਬਦ 'ਮਹਲਾ ੧' ਦੇ ਸ਼ਬਦਾਂ ਵਿਚ ਉਸੇ ਤਰ੍ਹਾਂ ਲਿਖਿਆ ਹੋਇਆ ਹੈ, ਜਿਵੇਂ ਰਾਗੁ ਆਸਾ ਅੰਗ ੩੪੮ ਤੇ ਸੋ ਦਰੁ ਵਾਲੇ ਸ਼ਬਦ ਤੋਂ ਅਗਲਾ ਸ਼ਬਦ 'ਆਸਾ

ਮਹਲਾ ੪' ਦਾ ਸੋ ਪੁਰਖੁ ਵਾਲਾ ਸ਼ਬਦ ਲਿਖਿਆ ਹੋਇਆ ਹੈ।

ਪਦਾਰਥ = ਨਦਰਿ-ਮੇਹਰ ਦੀ ਨਜਰ। ਤਾ-ਤਾਂ। ਦ੍ਰਵੈ-ਪਿਘਲ (ਕੋਮਲ ਹੋ) ਜਾਂਦਾ ਹੈ। ਰਹੈ ਲਿਵ ਲਾਇ-ਬਿਰਤੀ ਲਾਈ ਰਖਦਾ ਹੈ। ਪਰਾਤਮਾ-ਪ੍ਰਮਾਤਮਾ। ਏਕੋ-ਇਕ ਰੂਪ (ਇਕ ਮਿਕ)। ਅੰਤਰ ਕੀ-ਮਨ ਦੇ ਅੰਦਰ ਦੀ। ਦੁਬਿਧਾ-ਦੁਚਿੱਤਾ ਪਣ।੧। ਗੁਰ ਪਰਸਾਦੀ-ਗੁਰੂ ਦੀ ਕ੍ਰਿਪਾ ਨਾਲ। ਹਰਿ ਸਿਉ-ਹਰੀ ਨਾਲ। ਫਿਰਿ-ਮੁੜ ਕੇ। ਕਾਲੁ-ਮੌਤ।੧। ਰਹਾਉ। ਸਚਿ-ਸੱਚ ਸਰੂਪ ਪ੍ਰਭੂ ਦੇ। ਸਿਮਰਿਐ-ਸਿਮਰਿਆਂ। ਪਰਗਾਸੁ-ਗਿਆਨ ਦਾ ਚਾਨਣ। ਤਾ ਤੇ-ਉਸ ਕਰਕੇ। ਬਿਖਿਆ-ਜਹਿਰ ਰੂਪ ਮਾਇਆ। ਉਦਾਸੁ-ਉਪਰਾਮ (ਮੋਹ ਰਹਿਤ)। ਵਡਿਆਈ-ਮਹਾਨਤਾ। ਕਲਤ੍ਰ-ਇਸਤ੍ਰੀ। ਗਤਿ-ਮੁਕਤੀ।੨। ਜੀਉ-ਜਿੰਦ। ਜਿਸ ਕਾ-ਜਿਸ ਦੀ (ਬਖਸ਼ੀ ਹੋਈ)। ਧਰੈ-ਧਰ ਦੇਵੇ। ਭਾਵੈ-ਚੰਗਾ ਲੱਗੇ। ਸੋ-ਉਹ। ਮਾਣੁ-ਆਦਰ।੩। ਮੂਰਤਿ-ਆਤਮ ਸਰੂਪ (ਸ਼ਬਦ)। ਹਿਰਦੈ-ਹਿਰਦੇ ਵਿਚ। ਸੋਈ-ਉਹ ਹੀ। ਜਮ ਤੇ-ਜਮ ਤੋਂ।੪। ਭਨਤਿ-ਆਖਦਾ ਹੈ। ਤਾ ਕੋ-ਤਦ ਕੋਈ। ਮੋਖ ਦੁਆਰੁ-ਮੁਕਤੀ ਦਾ ਦਰਵਾਜਾ (ਗਿਆਨ)। ਸਾਰੁ-ਸ੍ਰੇਸ਼ਟ।੫।੨।੪।

ਉਥਾਨਕਾ = ਪਾਕਿਸਤਾਨ ਦੇ ਓਕਾੜਾ ਲਾਗੇ ਦੀਪਾਲਪੁਰ ਵਿਚ ਇਕ ਨੌਰੰਗਾ ਚੌਧਰੀ ਰਹਿੰਦਾ ਸੀ। ਇਕ ਦਿਨ ਇਸ ਚੌਧਰੀ ਦੀ ਨਿਗ੍ਹਾ ਪਿੰਡ ਦੇ ਖੂਹ ਤੋਂ ਪਾਣੀ ਲੈਣ ਆਈ ਇਕ ਹਿੰਦੂ ਕੁਆਰੀ ਕੁੜੀ ਤੇ ਪਈ। ਜਿਸ ਨੂੰ ਚੌਧਰੀ ਨੇ ਅਪਣੇ ਬੰਦੇ ਭੇਜ ਕੇ ਚੁਕਵਾ ਲਿਆ ਅਤੇ ਉਸ ਦਾ ਸਤ ਭੰਗ ਕੀਤਾ। ਘਰ ਆ ਕੇ ਜਦ ਕੁੜੀ ਨੇ ਅਪਣੀ ਮਾਂ ਨੂੰ ਸਾਰੀ ਗਲ ਦੱਸੀ, ਮਾਂ ਗੱਸ਼ ਖਾ ਕੇ ਡਿਗ ਪਈ, ਪਿਓ ਨੂੰ ਪਤਾ ਲਗਾ ਤਾਂ ਇਸ ਦੁਖ ਦੇ ਕਾਰਣ ਉਸ ਦੀ ਮੌਤ ਹੋ ਗਈ। ਮਾਂ ਨੇ ਪ੍ਰਮਾਤਮਾ ਅੱਗੇ ਬੇਨਤੀ ਕੀਤੀ ਕਿ ਅਸੀਂ ਤੇਰੇ ਭਗਤ ਹਾਂ, ਕਦੇ ਕਿਸੇ ਦਾ ਬੁਰਾ ਨਹੀਂ ਕੀਤਾ। ਸਾਡੇ ਨਾਲ ਚੌਧਰੀ ਨੇ ਜੋ ਕੁਝ ਕੀਤਾ, ਉਸ ਦੇ ਕੋਹੜ ਫੁਟ ਪਵੇ। ਮਾਂ ਦੇ ਸੱਚੇ ਦਿਲੋਂ ਨਿਕਲੀ ਅਰਦਾਸ ਦੇ ਕਾਰਣ ਉਸੇ ਰਾਤ ਨੂੰ ਚੌਧਰੀ ਦਾ ਪਿੰਡਾ ਫੁੱਟ ਵਾਂਗ ਫਟ ਪਿਆ। ਸਾਰਾ ਸਰੀਰ ਕੋਹੜੀ ਹੋ ਗਿਆ, ਉਨ੍ਹਾਂ ਦਿਨਾਂ ਵਿਚ ਕੋਹੜ ਦੇ ਰੋਗ ਦਾ ਇਲਾਜ ਬਹੁਤ ਘਟ ਸੀ। ਸਰੀਰ ਵਿਚੋਂ ਬਦਬੋ ਮਾਰਨ ਲਗੀ, ਘਰ ਵਾਲਿਆਂ ਨੇ ਉਸ ਨੂੰ ਘਰੋਂ ਕਢ ਦਿਤਾ, ਪਿੰਡ ਤੋਂ ਬਹਰ ਇਕ ਝੁੱਗੀ ਪਾ ਦਿਤੀ, ਜਿਥੇ ਕੋਈ ਆਉਂਦਾ ਜਾਂਦਾ ਰਾਹੀ ਤਰਸ ਖਾ ਕੇ ਅਪਣੇ ਲੜ ਬੰਨ੍ਹੀ ਰੋਟੀ ਵਿਚੋਂ ਕੁਝ ਹਿੱਸਾ ਦੇ ਦਿੰਦਾ। ਜਗਤ ਨੂੰ ਤਾਰਦੇ ਹੋਏ ਗੁਰੂ ਨਾਨਕ ਦੇਵ ਜੀ ਦੀਪਾਲਪੁਰ ਪਹੁੰਚੇ, ਪਿੰਡ ਵਾਲਿਆਂ ਨੇ ਗੁਰੂ ਜੀ ਨੂੰ ਠਹਿਰਨ ਵਾਸਤੇ ਕੋਈ ਜਗ੍ਹ ਨਹੀਂ ਦਿਤੀ। ਗੁਰੂ ਜੀ ਪਿੰਡ ਤੋਂ ਬਾਹਰ ਇਸ ਕੋਹੜੀ ਦੀ ਝੁੱਗੀ ਲਾਗੇ ਪਹੁੰਚੇ, ਮਾਨੋ ਕੋਹੜੀ ਦੇ ਭਾਗ ਜਾਗ ਪਏ। ਗੁਰੂ ਜੀ ਦੇ ਦਰਸ਼ਨ ਕਰਕੇ ਕੋਹੜੀ ਦੇ ਮਨ ਵਿਚ ਕੁਝ ਸ਼ਾਂਤੀ ਪਈ ਅਤੇ ਕੋਹੜ ਦੀ ਪੀੜ ਘਟੀ। ਕੋਹੜੀ ਨੇ ਘਿਘਿਆ ਕੇ ਬੇਨਤੀ ਕੀਤੀ ਕਿ ਮੇਰੇ ਕੋਲ ਕੋਈ ਨਹੀ ਆ ਕੇ ਠਹਿਰਦਾ, ਆਪ ਆਏ ਹੋ, ਮੈਨੂੰ ਸ਼ਾਂਤੀ ਮਿਲੀ ਹੈ, ਆਪ ਕੋਈ ਮਹਾਨ ਪੁਰਖ ਹੋ। ਕਿਰਪਾ ਕਰਕੇ ਮੇਰਾ ਦੁਖ ਹਰੋ, ਗੁਰੂ ਜੀ ਕਿਹਾ, ਮਰਦਾਨਿਆਂ ਰਬਾਬ ਵਜਾ, ਬਾਣੀ ਆਈ ਹੈ। ਉਸ ਵਕਤ ਗੁਰੂ ਜੀ ਨੇ ਇਹ ਸ਼ਬਦ ਉਚਾਰਨ ਕੀਤਾ, ਸ਼ਬਦ ਸੁਣ ਕੇ ਕੋਹੜੀ ਦਾ ਕੋਹੜ ਦੂਰ ਹੋਇਆ। ਗੁਰੂ ਜੀ ਨੇ ਇਸ ਨੂੰ ਉਪਦੇਸ਼ ਦੇ ਕੇ ਅਪਣਾ ਸਿਖ ਬਣਾਇਆ।

ਧਨਾਸਰੀ ਮਹਲਾ ੧ ॥ ਜੀਉ ਤਪਤੁ ਹੈ ਬਾਰੋ ਬਾਰ ॥ ਤਪਿ ਤਪਿ ਖਪੈ ਬਹੁਤੁ ਬੇਕਾਰ ॥ ਜੈ ਤਨਿ ਬਾਣੀ ਵਿਸਰਿ ਜਾਇ ॥ ਜਿਉ ਪਕਾ ਰੋਗੀ ਵਿਲਲਾਇ ॥੧॥ ਬਹੁਤਾ ਬੋਲਣੁ ਝਖਣੁ ਹੋਇ ॥ ਵਿਣੁ ਬੋਲੇ ਜਾਣੈ ਸਭੁ ਸੋਇ ॥੧॥ਰਹਾਉ॥ ਜਿਨਿ ਕਨ ਕੀਤੇ ਅਖੀ ਨਾਕੁ ॥ (ਹੇ ਭਾਈ! ਰੱਬ ਨੂੰ ਭੁੱਲ ਕੇ ਮਨੁੱਖ ਦਾ) ਦਿਲ ਬਾਰ ਬਾਰ ਤਪ ਰਿਹਾ ਹੈ। ਬਹੁਤ ਵਿਕਾਰਾਂ ਵਿਚ ਤਪ ਤਪ ਕੇ ਖਪਦਾ ਹੈ। ਜਿਸ ਮਨੁੱਖ ਦੇ ਤਨ ਵਿਚੋਂ ਰੱਬੀ ਬਾਣੀ ਭੁੱਲ ਜਾਂਦੀ ਹੈ। ਉਹ ਇਸ ਤਰ੍ਹਾਂ ਵਿਰਲਾਪ ਕਰਦਾ ਹੈ, ਜਿਵੇਂ ਕੋਹੜ ਦੇ ਰੋਗ ਵਾਲਾ ਮਨੁੱਖ ਦੁਖੀ ਹੁੰਦਾ ਹੈ।੧। ਬਹੁਤਾ ਬੋਲਣਾ ਬਿਅਰਥ ਬਕਵਾਸ ਹੀ ਹੁੰਦਾ ਹੈ। ਉਹ ਸਾਡੇ ਬਿਨਾ ਬੋਲੇ ਹੀ (ਸਾਡੇ ਅੰਦਰ ਦੀ) ਸਭ ਗੱਲ ਜਾਣਦਾ ਹੈ।੧। ਰਹਾਉ। ਜਿਸ ਪ੍ਰਭੂ ਨੇ ਸਾਡੇ ਸੁਣਨ ਲਈ ਕੰਨ, ਦੇਖਣ ਲਈ ਅੱਖਾਂ ਅਤੇ ਸੁੰਘਣ ਲਈ ਨੱਕ (ਆਦਿ ਇੰਦ੍ਰੇ) ਪੈਦਾ ਕੀਤੇ ਹਨ।

ਅੰਗ ੬੬੨ = ਜਿਨਿ ਜਿਹਵਾ ਦਿਤੀ ਬੋਲੇ ਤਾਤੁ ॥ ਜਿਨਿ ਮਨੁ ਰਾਖਿਆ ਅਗਨੀ ਪਾਇ ॥ ਵਾਜੈ ਪਵਣੁ ਆਖੈ ਸਭ ਜਾਇ ॥੨॥ ਜੇਤਾ ਮੋਹੁ ਪਰੀਤਿ ਸੁਆਦ ॥ ਸਭਾ ਕਾਲਖ ਦਾਗਾ ਦਾਗ ॥ ਦਾਗ ਦੋਸ ਮੁਹਿ ਚਲਿਆ ਲਾਇ ॥ ਦਰਗਹ ਬੈਸਣ ਨਾਹੀ ਜਾਇ ॥੩॥ ਕਰਮਿ ਮਿਲੈ ਆਖਣੁ ਤੇਰਾ ਨਾਉ ॥ ਜਿਤੁ ਲਗਿ ਤਰਣਾ ਹੋਰੁ ਨਹੀ ਥਾਉ ॥ ਜੇ ਕੋ ਡੂਬੈ ਫਿਰਿ ਹੋਵੈ ਸਾਰ ॥ ਨਾਨਕ ਸਾਚਾ ਸਰਬ ਦਾਤਾਰ ॥੪॥੩॥੫॥ ਜਿਸ ਨੇ ਜੀਭ ਦਿਤੀ ਹੈ, ਜੋ ਤੁਰੰਤ (ਛੇਤੀ ਛੇਤੀ) ਬੋਲਦੀ ਹੈ। ਜਿਸ ਨੇ ਮਨ ਨੂੰ (ਸਾਨੂੰ) ਮਾਤਾ ਦੇ ਗਰਭ ਦੀ ਅਗਨੀ ਵਿਚ ਪਾ ਕੇ ਬਚਾਈ ਰੱਖਿਆ; ਜਿਸ ਨੇ ਸਰੀਰ ਵਿਚ ਗਰਮੀ (ਅਗਨੀ) ਪਾ ਕੇ ਦਿਲ ਨੂੰ ਹਰਕਤ ਕਰਦਾ ਰਖਿਆ (ਮ.ਕੋ.)। ।(ਜਿਸ ਪ੍ਰਭੂ ਦੀ ਕ੍ਰਿਪਾ ਨਾਲ ਕੰਨਾਂ ਵਿਚ) ਹਵਾ ਜਾ ਕੇ ਵਜਦੀ ਹੈ, ਅਵਾਜ ਪੈਦਾ ਹੁੰਦੀ ਹੈ ਅਤੇ ਸਭ ਗੱਲਾਂ ਜਾ ਕੇ (ਕੰਨਾਂ ਵਿਚੋਂ ਹੋ ਕੇ ਜੀਵ ਨੂੰ) ਦਸਦੀ ਹੈ (ਧੰਨਵਾਦ ਵੱਜੋਂ ਦਾਤਾਰ ਹਰੀ ਨੂੰ ਜਪਣਾ ਚਾਹੀਦਾ ਹੈ)।੨।(ਹੇ ਭਾਈ!) ਜਿਤਨਾ ਵੀ (ਮਾਇਆ ਤੇ ਪ੍ਰਵਾਰ ਦਾ) ਮੋਹ ਹੈ ਅਤੇ ਪਦਾਰਥਾਂ ਦੇ ਸੁਆਦਾਂ ਦੀ ਪ੍ਰੀਤ ਹੈ।(ਇਹ) ਸਭ ਕਾਲਖ ਰੂਪ ਹੈ (ਆਤਮਾ ਨੂੰ ਕਾਲਾ ਕਰਨ ਵਾਲੀ ਮੈਲ ਹੈ) ਅਤੇ ਆਤਮਾ ਉਤੇ ਦਾਗਾਂ ਦੇ ਦਾਗ ਲਾ ਦਿੰਦੀ ਹੈ।(ਜਦ ਮਨੁੱਖ ਇਨ੍ਹਾਂ) ਦੋਸ਼ਾਂ ਦੇ ਦਾਗ ਅਪਣੇ ਮੂੰਹ ਤੇ ਲਾ ਕੇ (ਪ੍ਰਲੋਕ ਨੂੰ) ਚਲ ਪੈਂਦਾ ਹੈ, ਤਾਂ ਉਸ ਨੂੰ ਹਰੀ ਦੀ ਦਰਗਾਹ ਵਿਚ ਬੈਠਣ ਦੀ ਜਗ੍ਹਾ ਨਹੀਂ ਮਿਲਦੀ।੩।(ਹੇ ਪ੍ਰਭੂ! ਤੇਰੀ) ਬਖਸ਼ਿਸ਼ ਨਾਲ ਤੇਰਾ ਨਾਉ ਆਖਣ (ਜਪਣ) ਲਈ ਮਿਲਦਾ ਹੈ। ਜਿਸ (ਨਾਮ ਸਿਮਰਨ) ਨਾਲ ਲਗ ਕੇ (ਭਵਜਲ ਤੋਂ) ਤਰਨਾ ਹੁੰਦਾ ਹੈ (ਇਸ ਤੋਂ ਬਿਨਾ ਤਰਨ ਲਈ)

ਹੋਰ ਕੋਈ ਥਾਂ ਨਹੀਂ। ਜੇ ਕੋਈ ਮਨੁੱਖ ਡੁਬ ਰਿਹਾ ਹੋਵੇ, ਤਾਂ (ਨਾਮ ਜਪਣ ਨਾਲ ਪ੍ਰਭੂ ਵੱਲੋਂ ਉਸ ਦੀ ਵੀ) ਫਿਰ ਸੰਭਾਲ ਹੁੰਦੀ ਹੈ। ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਉਹ ਸੱਚਾ ਪ੍ਰਭੂ ਸਭ (ਜੀਵਾਂ) ਨੂੰ ਦਾਤਾਂ ਦੇਣ ਵਾਲਾ ਹੈ।੪।੩।੫।

ਵਾਜੈ ਪਵਣੁ ਆਖੈ ਸਭ ਜਾਇ = ੧. ਜਦੋਂ ਪ੍ਰਸੂਤ ਕਰਨ ਵਾਲੀ ਹਵਾ ਵਜਦੀ (ਚਲਦੀ) ਹੈ ਤਾਂ ਸਭ ਕੋਈ ਆਖਦਾ ਹੈ ਕਿ ਜੀਵ ਜੰਮ ਪਿਆ ਹੈ (ਸੰ.ਸ.; ਫ.ਸ.; ਟਕਸਾਲ; ਬਾ.ਪ੍ਰ.)।੨. ਸਭ ਜਗ੍ਹਾ ਪੌਣ ਚਲਦੀ ਆਖੀ ਜਾਂਦੀ ਹੈ (ਜੋ ਅਵਾਜ ਸੁਣੀਦੀ ਹੈ, ਉਹ ਪੌਣ ਕਰਕੇ ਹੀ ਸੁਣੀਦੀ ਹੈ) (ਸੰ.ਸ.; ਟਕਸਾਲ)।

ਪਦਾਰਥ = ਜੀਉ–ਜਿੰਦ। ਤਪਤੁ ਹੈ–ਦੁਖੀ ਹੁੰਦਾ ਹੈ; ਸੜਦਾ ਹੈ। ਤਪਿ ਤਪਿ–ਤਪ ਤਪ (ਦੁਖੀ ਹੋ ਹੋ) ਕੇ। ਖਪੈ–ਖਪਦਾ (ਦੁਖੀ ਹੁੰਦਾ) ਹੈ। ਬੇਕਾਰ–ਵਿਕਾਰਾਂ ਵਿਚ ਪੈ ਕੇ। ਜੈ ਤਨਿ–ਜਿਸ ਸਰੀਰ ਵਿਚੋਂ। ਵਿਸਰਿ ਜਾਇ–ਭੁੱਲ ਜਾਂਦੀ ਹੈ। ਵਿਲਲਾਇ–ਦੁਖੀ ਹੋਇਆ ਰੋਂਦਾ ਹੈ। ਪਕਾ ਰੋਗੀ–ਕੋਹੜ ਦਾ ਰੋਗੀ।੧। ਝਖਣੁ–ਬਿਅਰਥ ਬਕਵਾਸ। ਵਿਣੁ ਬੋਲੇ–ਬਿਨਾ ਬੋਲੇ। ਸੋਇ–ਉਹ ਹੀ।੧। ਰਹਾਉ। ਕੀਤੇ–ਪੈਦਾ ਕੀਤੇ। ਜਿਨਿ–ਜਿਸ ਨੇ। ਅਖੀ–ਅੱਖਾਂ। ਨਾਕੁ–ਨੱਕ। ਜਿਹਵਾ–ਜੀਭ। ਤਾਤੁ–ਤੁਰੰਤ; ਤਤਕਾਲ (ਛੇਤੀ ਛੇਤੀ; ਤਾੜ ਤਾੜ)। ਮਨੁ–ਜੀਵ ਨੂੰ। ਰਾਖਿਆ–ਬਚਾਈ ਰੱਖਿਆ। ਅਗਨੀ–(ਗਰਭ ਦੀ) ਅੱਗ; ਸਰੀਰ ਦੀ ਚੇਤਨ ਸੱਤਾ। ਪਾਇ–ਪਾ ਕੇ। ਵਾਜੈ ਪਵਣੁ–ਹਵਾ ਵੱਜਦੀ; ਪ੍ਰਸੂਤ ਵਾਲੀ ਹਵਾ ਚਲਦੀ ਹੈ। ਆਖੈ–ਆਖਦੀ (ਦਸਦੀ) ਹੈ। ਜਾਇ–ਜਾ ਕੇ; ਜੰਮ ਪਿਆ ਹੈ।੨। ਜੇਤਾ–ਜਿਤਨਾ ਵੀ। ਦਾਗ ਦੋਸ–ਦੋਸ਼ਾਂ ਦੇ ਦਾਗ। ਮੁਹਿ–ਮੂੰਹ ਉਤੇ। ਲਾਇ–ਲਾ ਕੇ। ਜਾਇ–ਜਗ੍ਹਾ।੩। ਕਰਮਿ–ਬਖਸ਼ਿਸ਼ ਨਾਲ। ਆਖਣੁ–ਜਪਣ ਲਈ। ਜਿਤੁ ਲਗਿ–ਜਿਸ ਨਾਲ ਲਗ ਕੇ। ਜੇ ਕੋ–ਜੇ ਕੋਈ। ਫਿਰਿ–ਫਿਰ ਵੀ। ਸਾਰ–ਸੰਭਾਲ। ਸਰਬ ਦਾਤਾਰ–ਸਭ ਜੀਵਾਂ ਨੂੰ ਦਾਤਾਂ ਦੇਣ ਵਾਲਾ।੪।੩।੫।

ਧਨਾਸਰੀ ਮਹਲਾ ੧ ॥ ਚੋਰੁ ਸਲਾਹੇ ਚੀਤੁ ਨ ਭੀਜੈ ॥ ਜੇ ਬਦੀ ਕਰੇ ਤਾ ਤਸੂ ਨ ਛੀਜੈ ॥ ਚੋਰ ਕੀ ਹਾਮਾ ਭਰੇ ਨ ਕੋਇ ॥ ਚੋਰੁ ਕੀਆ ਚੰਗਾ ਕਿਉ ਹੋਇ ॥੧॥ ਸੁਣਿ ਮਨ ਅੰਧੇ ਕੁਤੇ ਕੂੜਿਆਰ ॥ ਬਿਨੁ ਬੋਲੇ ਬੂਝੀਐ ਸਚਿਆਰ ॥੧॥ਰਹਾਉ॥ ਚੋਰੁ ਸੁਆਲਿਉ ਚੋਰੁ ਸਿਆਣਾ ॥ ਖੋਟੇ ਕਾ ਮੁਲੁ ਏਕੁ ਦੁਗਾਣਾ ॥ ਜੇ ਸਾਥਿ ਰਖੀਐ ਦੀਜੈ ਰਲਾਇ ॥ ਜਾ ਪਰਖੀਐ ਖੋਟਾ ਹੋਇ ਜਾਇ ॥੨॥ ਜੈਸਾ ਕਰੇ ਸੁ ਤੈਸਾ ਪਾਵੈ ॥ ਆਪਿ ਬੀਜਿ ਆਪੇ ਹੀ ਖਾਵੈ ॥ ਜੇ ਵਡਿਆਈਆ ਆਪੇ ਖਾਇ ॥ ਜੇਹੀ ਸੁਰਤਿ ਤੇਹੈ ਰਾਹਿ ਜਾਇ ॥੩॥ ਜੇ ਸਉ ਕੂੜੀਆ ਕੂੜੁ ਕਬਾੜੁ ॥ ਭਾਵੈ ਸਭੁ ਆਖਉ ਸੰਸਾਰੁ ॥ ਤੁਧੁ ਭਾਵੈ ਅਧੀ ਪਰਵਾਣੁ ॥ ਨਾਨਕ ਜਾਣੈ ਜਾਣੁ ਸੁਜਾਣੁ ॥੪॥੪॥੬॥

(ਹੇ ਭਾਈ! ਜੇ ਕੋਈ) ਚੋਰ ਫੜਿਆ ਜਾਵੇ, ਜਿਸ ਹਾਕਮ ਦੇ ਅੱਗੇ ਉਸਦੀ ਪੇਸ਼ੀ ਹੈ, ਚੋਰ ਉਸਦੀ) ਸ਼ਲਾਘਾ ਕਰੇ ਤਾਂ (ਚੋਰ ਉਤੇ ਹਾਕਮ ਦਾ) ਚਿਤ ਪ੍ਰਸੰਨ ਨਹੀਂ ਹੁੰਦਾ (ਚੋਰ ਤੇ ਭਰੋਸਾ ਨਹੀਂ ਕਰਦਾ)। ਜੇ (ਉਹ ਚੋਰ ਹਾਕਮ ਦੀ) ਬੁਰਿਆਈ ਕਰੇ ਭਾਵ ਹਾਕਮ ਨੂੰ ਬੁਰਾ ਭਲਾ ਬੋਲੇ ਤਾਂ (ਹਾਕਮ ਦਾ ਮਾਣ, ਜਸ ਜਾਂ ਨਿਆਂ ਆਦਿ) ਰੱਤਾ ਜਿੰਨਾ ਵੀ ਘਟਦਾ ਨਹੀਂ। ਚੋਰ ਦੀ ਜਮਾਨਤ ਕੋਈ ਨਹੀਂ ਭਰਦਾ। ਚੋਰ ਦਾ ਕੀਤਾ ਕੰਮ ਚੰਗਾ ਕਿਵੇਂ ਹੋ ਸਕਦਾ ਹੈ? (ਮੰਦ ਕਰਮੀਆਂ ਉਤੇ ਪ੍ਰਭੂ ਖੁਸ਼ ਨਹੀਂ ਹੁੰਦਾ)।੧। ਹੇ ਅਗਿਆਨ ਕਰਕੇ ਅੰਨ੍ਹੇ, ਕੁੱਤੇ ਵਾਂਗ ਲੋਭੀ ਅਤੇ ਝੂਠੇ ਮਨਾ! ਸੁਣ। ਜੋ ਮਨੁੱਖ ਸੱਚਾ ਹੈ, ਉਹ ਬਿਨਾ ਬੋਲੇ ਹੀ ਬੁਝ (ਪਛਾਣ) ਲਿਆ ਜਾਂਦਾ ਹੈ (ਰੱਬ ਦੀ ਦਰਗਾਹ ਵਿਚ ਕੁਛ ਲੁਕਦਾ ਨਹੀਂ)।੧। ਰਹਾਉ। ਚੋਰ ਭਾਵੇਂ ਸੁੰਦਰ ਰੂਪ ਵਾਲਾ ਹੋਵੇ, ਚੋਰ ਭਾਵੇਂ ਚਤਰ ਵੀ ਹੋਵੇ (ਸੋਹਣਾ ਬਣ ਕੇ ਦਿਸੇ ਜਾਂ ਅਕਲਵੰਦ ਬਣੇ)। ਖੋਟੇ ਮਨੁੱਖ ਦਾ ਮੁੱਲ ਇਕ ਦਮੜੀ ਹੈ। ਜੇ ਖੋਟਾ ਰੁਪਿਆ ਖਰੇ ਰੁਪਿਆਂ ਨਾਲ ਰਖ ਦੇਈਏ ਜਾਂ (ਖਰਿਆਂ ਵਿਚ) ਰਲਾ ਦੇਈਏ। ਪਰ ਜਦੋਂ ਪਰਖੀਦਾ ਹੈ ਤਾਂ ਖੋਟਾ ਰੁਪਿਆ ਖੋਟਾ ਹੀ ਹੋ ਜਾਂਦਾ ਹੈ (ਖੋਟਾ ਮਨੁੱਖ ਖਰਿਆਂ ਨਾਲ ਰਲ ਕੇ ਵੀ ਖੋਟਾ ਹੀ ਹੁੰਦਾ ਹੈ, ਭਲੇ ਪੁਰਖਾਂ ਦੀ ਸੰਗਤ ਕਰਕੇ ਅਪਣੇ ਜੀਵਨ ਨੂੰ ਬਦਲਦਾ ਨਹੀਂ)।੨। (ਹੇ ਭਾਈ! ਮਨੁੱਖ) ਜਿਹੋ ਜਿਹਾ ਕਰਮ ਕਰਦਾ ਹੈ, ਉਹ (ਉਸ ਕਰਮ ਦਾ) ਉਹੋ ਜਿਹਾ ਫਲ ਪਾ ਲੈਂਦਾ ਹੈ। (ਮਨੁੱਖ) ਆਪ ਬੀਜ ਕੇ (ਉਸ ਦਾ) ਆਪ ਹੀ ਫਲ ਖਾਂਦਾ (ਭੋਗਦਾ) ਹੈ। ਜੇ (ਖੋਟਾ ਮਨੁੱਖ ਅਪਣੀਆਂ) ਵਡਿਆਈਆਂ ਆਪ ਹੀ ਖਾਵੇ (ਅਪਣੇ ਮੂੰਹੋਂ ਅਪਣੀ ਵਡਿਆਈ ਆਪ ਹੀ ਕਰੀ ਜਾਵੇ। ਉਸ ਦੀ) ਜਿਹੋ ਜਿਹੀ ਸਮਝ ਹੈ, (ਉਹ ਜੀਵਨ ਦੇ) ਉਹੋ ਜਿਹੇ ਰਸਤੇ ਤੇ ਚਲਦਾ ਹੈ।੩। ਜੇ ਖੋਟਾ ਆਦਮੀ ਸੌ ਝੂਠੀਆਂ ਗੱਲਾਂ ਕਰੇ ਅਤੇ ਨਿਕੰਮੀਆਂ ਚੀਜਾਂ ਨੂੰ ਚੰਗੀਆਂ ਕਰਕੇ ਦੱਸੇ। ਭਾਵੇਂ ਸਾਰਾ ਸੰਸਾਰ (ਧੋਖਾ ਖਾ ਕੇ ਉਸ ਨੂੰ) ਚੰਗਾ ਆਖੀ ਜਾਵੇ (ਪਰ ਉਹ ਖੋਟਾ ਹੀ ਹੈ ਅਤੇ ਰੱਬੀ ਦਰਬਾਰ ਵਿਚ ਪ੍ਰਵਾਨ ਨਹੀਂ ਹੁੰਦਾ। ਹੇ ਪ੍ਰਭੂ! ਜੇ) ਤੈਨੂੰ ਚੰਗਾ ਲੱਗੇ ਤਾਂ ਬੁੱਧੀ ਹੀਣ (ਮੂਰਖ ਵੀ ਤੈਨੂੰ) ਪ੍ਰਵਾਨ ਹੋ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਜਾਣਨਹਾਰ ਸਿਆਣਾ ਪ੍ਰਭੂ ਸਭ ਕੁਛ ਜਾਣਦਾ ਹੈ।੪।੪।੬।

ਪਦਾਰਥ = ਸਲਾਹੇ–ਸਿਫਤ ਕਰੇ। ਨ ਭੀਜੈ–ਪ੍ਰਸੰਨ ਨਹੀਂ ਹੁੰਦਾ (ਚੋਰ ਪ੍ਰਤੀ ਨਰਮ ਨਹੀਂ ਹੁੰਦਾ)। ਬਦੀ–ਬੁਰਿਆਈ; ਨਿੰਦਿਆ। ਤਾ–ਤਾਂ। ਤਸੂ–ਰੱਤੀ ਭਰ (ਥੋੜਾ ਜਿਹਾ ਵੀ)। ਨ ਛੀਜੈ–ਘਟਦਾ ਨਹੀਂ। ਹਾਮਾ–ਜਮਾਨਤ (ਜਿੰਮੇਦਾਰੀ); ਹਮਾਇਤ। ਕੀਆ–ਕੀਤਾ ਕੰਮ।੧। ਮਨ–ਹੇ ਮਨ!। ਅੰਧੇ–ਅੰਨ੍ਹੇ (ਅਗਿਆਨੀ)। ਕੁਤੇ–ਕੁੱਤੇ ਵਾਂਗ ਲੋਭੀ। ਕੂੜਿਆਰ–ਝੂਠੇ। ਬੂਝੀਐ–ਜਾਣ (ਪਛਾਣ) ਲਿਆ ਜਾਂਦਾ ਹੈ। ਸਚਿਆਰ–ਸੱਚਾ ਮਨੁੱਖ।੧। ਰਹਾਉ। ਸੁਆਲਿਉ–ਸੁੰਦਰ ਰੂਪ ਵਾਲਾ। ਸਿਆਣਾ–ਚਤਰ। ਏਕੁ ਦੁਗਾਣਾ–ਇਕ ਦਮੜਾ (ਤੁੱਛ)। ਜਾ–ਜਦੋਂ।੨। ਸੁ–ਉਹ। ਆਪੇ–ਆਪ ਹੀ। ਖਾਇ–ਖਾਵੇ (ਕਰੇ)। ਜੇਹੀ–ਜਿਹੋ ਜਿਹੀ। ਸੁਰਤਿ–ਸਮਝ; ਮਨ ਦੀ ਵਾਸ਼ਨਾ। ਤੇਹੈ–ਉਹੋ ਜਿਹੇ। ਰਾਹਿ–ਰਸਤੇ ਉਤੇ। ਜਾਇ–ਜਾਂਦਾ (ਚਲਦਾ) ਹੈ।੩। ਸਉ ਕੂੜੀਆ–ਸੌ ਝੂਠੀਆਂ ਗੱਲਾਂ। ਕੂੜੁ ਕਬਾੜੁ–ਟੁੱਟੀਆਂ ਫੁੱਟੀਆਂ ਚੀਜਾਂ ਨੂੰ

ਚੰਗੀਆਂ ਬਣਾ ਕੇ ਵੇਚਣਾ (ਜਿਵੇਂ ਕਬਾੜੀ ਲੋਕ ਕਰਦੇ ਹਨ); ਕੂੜਾ ਕਰਕਟ।ਭਾਵੈ–ਭਾਵੇਂ; ਬੇਸ਼ੱਕ।ਆਖਉ–ਆਖੀ ਜਾਵੇ।ਤੁਧੁ–ਤੈਨੂੰ।ਭਾਵੈ–ਚੰਗਾ ਲੱਗੇ।ਅਧੀ–ਬੁੱਧੀ ਹੀਣ (ਮੂਰਖ; ਸਿੱਧਾ ਸਾਦਾ ਮਨੁੱਖ)।ਜਾਣੁ–ਜਾਨਣਹਾਰ।ਸੁਜਾਣੁ–ਸਿਆਣਾ।੪।੪।੬।

ਧਨਾਸਰੀ ਮਹਲਾ ੧ ॥ ਕਾਇਆ ਕਾਗਦੁ ਮਨੁ ਪਰਵਾਣਾ ॥ ਸਿਰ ਕੇ ਲੇਖ ਨ ਪੜੈ ਇਆਣਾ ॥ ਦਰਗਹ ਘੜੀਅਹਿ ਤੀਨੇ ਲੇਖ ॥ ਖੋਟਾ ਕਾਮਿ ਨ ਆਵੈ ਵੇਖੁ ॥੧॥ ਨਾਨਕ ਜੇ ਵਿਚਿ ਰੁਪਾ ਹੋਇ ॥ ਖਰਾ ਖਰਾ ਆਖੈ ਸਭੁ ਕੋਇ ॥੧॥ ਰਹਾਉ॥ ਕਾਦੀ ਕੂੜੁ ਬੋਲਿ ਮਲੁ ਖਾਇ ॥ ਬ੍ਰਾਹਮਣੁ ਨਾਵੈ ਜੀਆ ਘਾਇ ॥ ਜੋਗੀ ਜੁਗਤਿ ਨ ਜਾਣੈ ਅੰਧੁ ॥ ਤੀਨੇ ਓਜਾੜੇ ਕਾ ਬੰਧੁ ॥੨॥ ਸੋ ਜੋਗੀ ਜੋ ਜੁਗਤਿ ਪਛਾਣੈ ॥ ਗੁਰ ਪਰਸਾਦੀ ਏਕੋ ਜਾਣੈ ॥ ਕਾਜੀ ਸੋ ਜੋ ਉਲਟੀ ਕਰੈ ॥ ਗੁਰ ਪਰਸਾਦੀ ਜੀਵਤੁ ਮਰੈ ॥ ਸੋ ਬ੍ਰਾਹਮਣੁ ਜੋ ਬ੍ਰਹਮੁ ਬੀਚਾਰੈ ॥ ਆਪਿ ਤਰੈ ਸਗਲੇ ਕੁਲ ਤਾਰੈ ॥੩॥ ਦਾਨਸਬੰਦੁ ਸੋਈ ਦਿਲਿ ਧੋਵੈ ॥ ਮੁਸਲਮਾਣੁ ਸੋਈ ਮਲੁ ਖੋਵੈ ॥ ਪੜਿਆ ਬੂਝੈ ਸੋ ਪਰਵਾਣੁ ॥ ਜਿਸੁ ਸਿਰਿ ਦਰਗਹ ਕਾ ਨੀਸਾਣੁ ॥੪॥੫॥੭॥ (ਹੇ ਭਾਈ! ਮਨੁੱਖੀ) ਸਰੀਰ ਕਾਗਜ ਹੈ ਤੇ ਮਨ (ਸੁਭਾਵ, ਆਚਰਣ) ਉਸ ਕਾਗਜ ਉਤੇ ਲਿਖਿਆ ਰੱਬੀ ਹੁਕਮ ਹੈ।ਬੇਸਮਝ ਮਨੁੱਖ ਮੱਥੇ ਉਤੇ ਲਿਖੇ ਲੇਖ ਨਹੀਂ ਪੜ੍ਹਦਾ (ਵਿਚਾਰਦਾ, ਜੋ ਇਸ ਦੇ ਪਿਛਲੇ ਸੰਸਕਾਰਾਂ ਅਨੁਸਾਰ ਬਣੇ ਹਨ, ਜਿਨ੍ਹਾਂ ਕਰਮਾਂ ਦਾ ਫਲ ਹੁਣ ਭੋਗਦਾ ਹੈ, ਅਗੇ ਨੂੰ ਚੰਗੇ ਕਰਮ ਕਰੇ ਤਾਂ ਕਿ ਕਰਮਾਂ ਦੀ ਕੈਦ ਵਿਚੋਂ ਨਿਕਲ ਸਕੇ।ਜਿਵੇਂ ਰਾਜੇ ਦੀ ਟਕਸਾਲ ਵਿਚ ਤਿੰਨ ਤਰ੍ਹਾਂ ਦੇ ਸੋਨੇ, ਚਾਂਦੀ ਤੇ ਤਾਂਬੇ ਦੇ ਸਿੱਕੇ ਘੜੀਦੇ ਹਨ, ਤਿਵੇਂ) ਰਬ ਦੀ ਦਰਗਾਹ ਵਿਚ ਤਿੰਨ (ਰਾਜਸੀ, ਸਾਂਤਕੀ ਤੇ ਤਾਮਸੀ) ਗੁਣਾਂ ਦੇ ਲੇਖਾਂ ਵਾਲੇ ਮਨੁੱਖ ਘੜੇ ਜਾਂਦੇ ਹਨ (ਮਨੁੱਖ ਦਾ ਮਨ ਤਿੰਨ ਗੁਣਾਂ ਦੇ ਅਸਰ ਹੇਠ ਕੀਤੇ ਕੰਮਾਂ ਦੇ ਸੰਸਕਾਰਾਂ ਅਨੁਸਾਰ ਘੜਿਆ ਜਾਂਦਾ ਹੈ, ਇਹੋ ਮੱਥੇ ਉਤੇ ਲਿਖਿਆ ਲੇਖ ਹੈ।ਵਿਚਾਰ ਕੇ) ਦੇਖ ਲਵੋ ਖੋਟਾ ਸਿੱਕਾ ਕਿਸੇ ਕੰਮ ਨਹੀਂ ਆਉਂਦਾ (ਧਰਮ ਹੀਣ; ਗੁਣ ਹੀਣ ਬੰਦਾ ਰੱਬ ਦੀ ਦਰਗਾਹ ਵਿਚ ਪ੍ਰਵਾਨ ਨਹੀਂ ਹੁੰਦਾ)।੧।ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਜੇ ਸਿੱਕੇ ਵਿਚ ਚਾਂਦੀ (ਮਨੁੱਖ ਦਾ ਮਨ ਨਿਰਮਲ) ਹੋਵੇ।ਤਾਂ ਸਭ ਕੋਈ ਉਸ ਸਿੱਕੇ (ਮਨੁੱਖ) ਨੂੰ ਖਰਾ ਖਰਾ ਆਖਦੇ ਹਨ।੧।ਰਹਾਉ। ਕਾਜੀ ਝੂਠ ਬੋਲ ਕੇ ਮੈਲ (ਵੱਢੀ ਲੈ ਕੇ ਹਰਾਮ ਦੀ ਕਮਾਈ) ਖਾਂਦਾ ਹੈ।ਬ੍ਰਾਹਮਣ ਜੀਵਾਂ ਨੂੰ ਮਾਰ (ਦੁੱਖ ਦੇ) ਕੇ ਦਿਖਾਵੇ ਲਈ ਤੀਰਥਾਂ ਉਤੇ ਨ੍ਹਾਉਂਦਾ ਹੈ।ਅੰਨ੍ਹਾ (ਅਗਿਆਨੀ) ਜੋਗੀ ਪ੍ਰਭੂ ਨਾਲ ਜੁੜਨ ਦੀ ਜੁਗਤੀ ਨਹੀਂ ਜਾਣਦਾ।(ਇਹ ਤਿੰਨੇ ਆਗੂ ਲੋਕਾਂ ਦਾ ਉਧਾਰ ਕਰਨ ਵਾਸਤੇ ਰਚੇ ਸਨ, ਪਰ) ਤਿੰਨੇ ਉਜਾੜੇ ਦਾ ਕਾਰਣ ਬਣ ਗਏ ਹਨ; ਤਿੰਨੇ ਆਗੂ ਬੰਧਨ ਰੂਪ ਹਨ, ਜਿਸ ਕਰਕੇ ਦੈਵੀ ਗੁਣਾਂ ਦੀ ਬਰਬਾਦੀ ਹੁੰਦੀ ਹੈ (ਲੋਕਾਂ ਨੂੰ ਰੱਬ ਨਾਲੋਂ ਤੋੜ ਕੇ ਕਰਮ ਕਾਂਡ ਤੇ ਇਸਲਾਮੀ ਸ਼ਰ੍ਹਾ ਵਿਚ ਫਸਾ ਦਿਤਾ।੨।ਇਹ ਖੋਟੀ ਕਿਸਮ ਹੈ, ਅੱਗੇ ਖਰਾ ਦਸਦੇ ਹਨ)।ਉਹ ਅਸਲੀ ਜੋਗੀ ਹੈ, ਜੋ ਪ੍ਰਮੇਸਰ ਨਾਲ ਜੁੜਨ ਦੀ ਜੁਗਤੀ ਪਛਾਣਦਾ ਹੈ।ਅਤੇ ਗੁਰੂ ਦੀ ਕ੍ਰਿਪਾ ਨਾਲ (ਸਭ ਵਿਚ ਵਿਆਪਕ) ਇਕ ਪ੍ਰਮੇਸਰ ਨੂੰ ਜਾਣਦਾ ਹੈ।ਕਾਜੀ ਉਹ ਹੈ, ਜੋ (ਅਪਣੀ ਬੁੱਧੀ ਨੂੰ ਹਰਾਮ ਦੀ ਕਮਾਈ ਵੱਲੋਂ) ਮੋੜ ਲੈਂਦਾ ਹੈ।ਅਤੇ ਗੁਰੂ ਦੀ ਕ੍ਰਿਪਾ ਨਾਲ ਜੀਵਤ ਭਾਵ ਤੋਂ ਮਰਦਾ ਹੈ।ਬ੍ਰਾਹਮਣ ਉਹ ਹੈ, ਜੋ ਬ੍ਰਹਮ ਨੂੰ ਬਿਚਾਰਦਾ ਹੈ।(ਫਿਰ ਉਹ ਭਵਜਲ ਤੋਂ) ਆਪ ਵੀ ਤਰ ਜਾਂਦਾ ਹੈ ਅਤੇ ਅਪਣੀ ਕੁਲ ਨੂੰ ਵੀ ਤਾਰ ਲੈਂਦਾ ਹੈ।੩।ਗਿਆਨਵਾਨ ਉਹ ਹੀ ਹੈ, ਜੋ ਦਿਲ ਵਿਚ ਲੱਗੀ (ਵਿਕਾਰਾਂ ਦੀ) ਮੈਲ ਨੂੰ ਧੋਂਦਾ ਹੈ।(ਸੱਚਾ) ਮੁਸਲਮਾਨ ਉਹ ਹੀ ਹੈ, ਜੋ (ਪਾਪਾਂ ਦੀ) ਮੈਲ ਦੂਰ ਕਰਦਾ ਹੈ।ਅਸਲ ਪੜ੍ਹਿਆ ਵਿਦਵਾਨ ਉਹ ਪ੍ਰਵਾਨ ਹੈ, ਜੋ (ਪੜ੍ਹੀ ਵਿਦਿਆ ਨੂੰ) ਸਮਝਦਾ ਹੈ।ਅਤੇ ਜਿਸ ਦੇ ਮੱਥੇ ਉਤੇ ਹਰੀ ਦੀ ਪ੍ਰਵਾਨਗੀ ਦੀ ਮੋਹਰ ਹੋਵੇ।੪।੫।੭।

ਪਦਾਰਥ = ਕਾਇਆ–ਸਰੀਰ।ਕਾਗਦੁ–ਕਾਗਜ।ਪਰਵਾਣਾ–ਰੱਬੀ ਹੁਕਮ।ਇਆਣਾ–ਬੇਸਮਝ (ਅਗਿਆਨੀ)।ਦਰਗਹ–ਦਰਗਾਹ ਵਿਚ।ਘੜੀਅਹਿ–ਘੜੇ (ਰਚੇ) ਜਾਂਦੇ ਹਨ।ਤੀਨੇ ਲੇਖ–ਤਿੰਨ (ਰਾਜਸੀ, ਸਾਂਤਕੀ ਤੇ ਤਾਮਸੀ) ਗੁਣਾਂ ਅਧੀਨ ਕੀਤੇ ਕੰਮਾਂ ਵਾਲੇ ਲੇਖ। ਖੋਟਾ–ਮਿਲਾਵਟ ਵਾਲਾ।ਕਾਮਿ–ਕੰਮ ਵਿਚ।ਵੇਖੁ–ਦੇਖੋ।੧।ਰੁਪਾ–ਚਾਂਦੀ।ਖਰਾ–ਸ਼ੁੱਧ; ਬਿਨਾ ਮਿਲਾਵਟ।੧।ਰਹਾਉ।ਕਾਦੀ–ਕਾਜੀ (ਇਸਲਾਮ ਦਾ ਧਾਰਮਕ ਆਗੂ ਤੇ ਨਿਆਂ ਕਰਨ ਵਾਲਾ)।ਕੂੜੁ–ਝੂਠ।ਮਲੁ–ਮੈਲ (ਵੱਢੀ ਦੀ ਹਰਾਮ ਦੀ ਕਮਾਈ)।ਨਾਵੈ–ਨ੍ਹਾਉਂਦਾ ਹੈ।ਜੀਆ ਘਾਇ–ਜੀਵਾਂ ਨੂੰ ਮਾਰ ਕੇ (ਦੇਵਤਿਆਂ ਦੀ ਪ੍ਰਸੰਨਤਾ ਲਈ ਪਸ਼ੂਆਂ ਦੀ ਬਲੀ ਦੇ ਕੇ; ਗਰੀਬਾਂ ਨੂੰ ਦੁਖ ਦੇ ਕੇ)।ਅੰਧੁ–ਅੰਨ੍ਹਾ (ਅਗਿਆਨੀ)।ਜੁਗਤਿ–ਤਰੀਕਾ।ਤੀਨੇ–ਤਿੰਨੇ (ਆਗੂ)।ਓਜਾੜੇ ਕਾ–ਤਬਾਹੀ ਦਾ।ਬੰਧੁ–ਕਾਰਣ।੨।ਸੋ–ਉਹ।ਗੁਰ ਪਰਸਾਦੀ–ਗੁਰੂ ਦੀ ਕ੍ਰਿਪਾ ਨਾਲ।ਏਕੋ–ਇਕ ਪ੍ਰਭੂ ਨੂੰ।ਉਲਟੀ ਕਰੈ–ਮੋੜ ਲੈਂਦਾ ਹੈ।ਜੀਵਤੁ ਮਰੈ–ਜੀਵਤ ਭਾਵ ਤੋਂ ਮਰਦਾ ਹੈ।ਬ੍ਰਹਮੁ–ਪ੍ਰਮਾਤਮਾ। ਤਰੈ–ਤਰ ਜਾਂਦਾ ਹੈ।ਸਗਲੇ ਕੁਲ–ਸਾਰੇ ਖਾਨਦਾਨ ਨੂੰ।੩।ਦਾਨਸਬੰਦੁ–ਗਿਆਨਵਾਨ; ਅਕਲਵੰਦ।ਸੋਈ–ਉਹ ਹੀ।ਖੋਵੈ–ਦੂਰ ਕਰਦਾ ਹੈ।ਪੜਿਆ–ਪੜ੍ਹਿਆ ਵਿਦਵਾਨ।ਬੂਝੈ–ਸਮਝਦਾ ਹੈ।ਸਿਰਿ–ਮੱਥੇ ਉਤੇ।ਨੀਸਾਣੁ–ਮੋਹਰ; ਚਿੰਨ੍ਹ।੪।੫।੭।

ਤੀਨੇ ਲੇਖ = ਕਾਜੀ, ਬ੍ਰਾਹਮਣ ਤੇ ਜੋਗੀ ਤਿੰਨਾਂ ਦੇ ਦੱਸੇ ਕਰਮ ਕਮਾਉਣ ਵਾਲੇ ਲੋਕਾਂ ਦੇ ਲੇਖ ਦਰਗਾਹ ਵਿਚ ਘੜੇ (ਰਚੇ) ਜਾਂਦੇ ਹਨ।ਗੁਰੂ ਜੀ ਦੇ ਸਮੇਂ ਇਹ ਤਿੰਨੇ ਆਗੂ ਆਪੋ ਅਪਣੇ ਧਰਮਾਂ ਦੇ ਮੁਖੀ ਸਨ, ਇਨ੍ਹਾਂ ਦੇ ਦੱਸੇ ਕਰਮ ਤੀਨੇ ਲੇਖ ਨਾਲ ਸਬੰਧਤ ਹਨ।ਇਨ੍ਹਾਂ ਤਿੰਨਾਂ ਦੀ ਸਿਖਿਆ ਤੇ ਲੋਕ ਅਪਣਾ ਜੀਵਨ ਬਸਰ ਕਰਦੇ ਸਨ, ਉਨ੍ਹਾਂ ਪ੍ਰਤੀ ਇਹ ਵਾਕ ਹਨ।ਰੱਬੀ ਦਰਗਾਹ ਵਿਚ ਇਨ੍ਹਾਂ ਦੇ ਲੇਖ ਇਨ੍ਹਾਂ ਦੇ ਕੀਤੇ ਕੰਮਾਂ ਅਨੁਸਾਰ ਹੀ ਲਿਖੇ ਜਾਂਦੇ ਹਨ।ਸਾਰੇ ਸੰਸਾਰੀ ਜੀਵ ਰਾਜਸੀ, ਸਾਂਤਕੀ ਤੇ ਤਾਮਸੀ ਗੁਣਾਂ ਵਿਚ ਕੰਮ ਕਰਦੇ ਹਨ, ਚਾਹੇ ਉਹ ਕਿਸੇ ਵੀ ਜਾਤ ਜਾਂ ਧਰਮ ਦੇ ਹੋਣ।ਤਿੰਨਾਂ ਆਗੂਆਂ ਦੀ ਦਿਤੀ ਸਿਖਿਆ ਉਤੇ ਚਲ ਕੇ ਜੋ ਲੋਕ ਕਰਮ ਕਰਦੇ ਹਨ, ਉਨ੍ਹਾਂ

ਕੀਤੇ ਕਰਮਾਂ ਅਨੁਸਾਰ ਮਨੁੱਖ ਨੂੰ ਅਗਲਾ ਜਨਮ ਮਿਲਦਾ ਹੈ। ਜੋ ਮਨੁੱਖ ਇਨ੍ਹਾਂ ਤਿੰਨਾਂ ਗੁਣਾਂ ਤੋਂ ਉਪਰ ਉਠਦਾ ਹੈ, ਉਹ ਚੌਥੇ ਪਦ ਵਿਚ ਰਹਿ ਕੇ ਰੱਬ ਰੂਪ ਹੋ ਕੇ ਲੇਖੇ ਤੋਂ ਰਹਿਤ ਹੋ ਜਾਂਦਾ ਹੈ। ਕਾਜੀ ਦਾ ਧਰਮ ਹੈ ਨਿਆਂ ਕਰਨਾ, ਜੇ ਨਹੀਂ ਕਰਦਾ ਤਾਂ ਖੋਟਾ ਹੈ। ਇਸੇ ਤਰ੍ਹਾਂ ਬ੍ਰਾਹਮਣ ਦੇਵਤਿਆਂ ਨੂੰ ਖੁਸ਼ ਕਰਨ ਲਈ ਨਹਾ ਧੋ ਕੇ ਮੱਥੇ ਤੇ ਤਿਲਕ ਲਾ ਕੇ ਜਗ ਵਿਚ ਜੀਵਾਂ ਨੂੰ ਮਾਰ ਕੇ ਬਲੀ ਦੇਂਦਾ ਹੈ, ਇਸ ਲਈ ਉਹ ਖੋਟਾ ਹੈ। ਜੋਗੀ ਅਪਣੇ ਮੱਤ ਦੇ ਚਿੰਨ੍ਹਾਂ ਨੂੰ ਧਾਰਨ ਕਰਦਾ ਹੈ, ਪਰ ਹਰੀ ਨਾਲ ਜੁੜਨ ਦੀ ਜੁਗਤੀ ਨਹੀਂ ਜਾਣਦਾ, ਉਹ ਵੀ ਖੋਟਾ ਹੈ। ਇਨ੍ਹਾਂ ਆਗੂਆਂ ਦੇ ਦੱਸੇ ਕਰਮ ਰੱਬੀ ਦਰਬਾਰ ਵਿਚ ਸਹਾਈ ਨਹੀਂ ਹੋ ਸਕਦੇ।

ਉਥਾਨਕਾ = ਅਗਲਾ ਸ਼ਬਦ ਇਕ ਪਖੰਡੀ ਬ੍ਰਾਹਮਣ ਪ੍ਰਤੀ ਉਚਾਰਨ ਕੀਤਾ ਦਸਿਆ ਜਾਂਦਾ ਹੈ। ਲਹੌਰ ਵਿਖੇ ਇਕ ਬ੍ਰਾਹਮਣ ਇਕ ਚੌਂਕੀ ਉਤੇ ਠਾਕਰ ਰੱਖ ਕੇ ਆਪ ਪਦਮ ਆਸਨ ਲਾ ਕੇ ਅੱਖਾਂ ਮੀਚ ਕੇ ਬੈਠਾ ਰਹਿੰਦਾ ਸੀ। ਇਹ ਆਖਿਆ ਕਰਦਾ ਸੀ ਕਿ ਮੈਨੂੰ ਸਮਾਧੀ ਵਿਚ ਤਿੰਨ ਲੋਕ ਦਿਸਦੇ ਹਨ। ਲੋਕ ਚੰਗਾ ਸੰਤ ਜਾਣ ਕੇ ਇਸ ਦੀ ਚੌਂਕੀ ਉਤੇ ਪੈਸੇ ਰੱਖ ਕੇ ਮੱਥਾ ਟੇਕੀ ਜਾਂਦੇ ਹਨ। ਗੁਰੂ ਜੀ ਨੇ ਇਸ ਦੀ ਚੌਂਕੀ ਮਰਦਾਨੇ ਤੋਂ ਉਠਵਾ ਕੇ ਇਸੇ ਦੇ ਪਿੱਠ ਪਿੱਛੇ ਰੱਖ ਦਿਤੀ। ਜਦੋਂ ਇਸ ਨੇ ਅੱਖ ਖੋਲ੍ਹ ਕੇ ਦੇਖਿਆ ਤਾਂ ਚੌਂਕੀ ਨਜਰ ਨਾ ਆਈ। ਇਸ ਨੇ ਰੌਲਾ ਪਾ ਦਿਤਾ ਕਿ ਮੇਰੀ ਚੌਂਕੀ ਕੋਈ ਚੁਰਾ ਕੇ ਲੈ ਗਿਆ ਹੈ। ਗੁਰੂ ਜੀ ਨੇ ਆਖਿਆ ਕਿ ਤੈਨੂੰ ਤਿੰਨ ਲੋਕ ਨਜਰ ਆਉਂਦੇ ਹਨ, ਚੌਂਕੀ ਤਿੰਨ ਲੋਕਾਂ ਤੋਂ ਬਾਹਰ ਤਾਂ ਨਹੀਂ ਗਈ ਹੋਵੇਗੀ ? ਗੁਰੂ ਜੀ ਨੇ ਇਸ ਨੂੰ ਉਪਦੇਸ਼ ਦਿਤਾ ਕਿ ਪਖੰਡ ਛਡ ਕੇ ਰੱਬ ਨੂੰ ਯਾਦ ਕਰਿਆ ਕਰ, ਸਭ ਦਾ ਪਾਲਣਹਾਰ ਉਹ ਹੀ ਹੈ।

ਧਨਾਸਰੀ ਮਹਲਾ ੧ ਘਰੁ ੩ ੴ ਸਤਿਗੁਰ ਪ੍ਰਸਾਦਿ ॥ ਕਾਲੁ ਨਾਹੀ ਜੋਗੁ ਨਾਹੀ, ਨਾਹੀ ਸਤ ਕਾ ਢਬੁ ॥ ਥਾਨਸਟ ਜਗ ਭਰਿਸਟ ਹੋਏ, ਡੂਬਤਾ ਇਵ ਜਗੁ ॥੧॥ ਕਲ ਮਹਿ ਰਾਮ ਨਾਮੁ ਸਾਰੁ ॥ ਅਖੀ ਤ ਮੀਟਹਿ ਨਾਕ ਪਕੜਹਿ, ਠਗਣ ਕਉ ਸੰਸਾਰੁ ॥੧॥ਰਹਾਉ॥ (ਹੇ ਭਾਈ ! ਅਜ ਕਲ੍ਹ ਪਹਿਲਾਂ ਵਰਗਾ ਚੰਗਾ) ਸਮਾਂ ਨਹੀਂ ਰਿਹਾ, ਨਾ (ਹਰੀ ਨਾਲ ਜੁੜਨ ਵਾਲਾ ਉਹ) ਜੋਗ ਹੈ ਅਤੇ ਨਾ ਹੀ ਸਤਵਾਦੀ ਜੀਵਨ ਦਾ (ਕਿਸੇ ਮਨੁੱਖ ਨੂੰ) ਢੰਗ ਆਉਂਦਾ ਹੈ। ਜਗਤ ਦੇ ਧਾਰਮਕ ਅਸਥਾਨ ਭਰਿਸਟ ਹੋਏ ਪਏ ਹਨ; ਧਰਮ ਮੰਦਰਾਂ ਦੇ ਪੁਜਾਰੀ ਪਤਿਤ ਹੋ ਗਏ ਹਨ, ਇਸ ਤਰ੍ਹਾਂ ਜਗਤ ਡੁਬ ਰਿਹਾ ਹੈ (ਸਾਰੇ ਜਗਤ ਵਿਚ ਕੂੜ ਵਰਤ ਰਿਹਾ ਹੈ)।੧। ਕਲਜੁਗ ਵਿਚ ਰਾਮ ਦਾ ਨਾਮ ਜਪਣਾ (ਸਾਰੇ ਜਪ ਤਪ ਆਦਿ ਕਰਮਾਂ ਨਾਲੋਂ) ਸ੍ਰੇਸਟ ਹੈ। (ਪਖੰਡੀ ਲੋਕ) ਅੱਖਾਂ ਤਾਂ ਮੀਟਦੇ ਹਨ ਅਤੇ ਨੱਕ ਵੀ ਫੜਦੇ ਹਨ, (ਪਰ ਇਹ ਸਭ) ਸੰਸਾਰ ਨੂੰ ਠੱਗਣ ਵਾਸਤੇ ਕਰਦੇ ਹਨ (ਦਿਖਾਵੇ ਦੀ ਸਮਾਧੀ ਲਾ ਕੇ ਲੋਕਾਂ ਨੂੰ ਧੋਖਾ ਦੇਂਦੇ ਹਨ)।੧। ਰਹਾਉ।

ਅੰਗ ੬੬੩ = ਆਂਟ ਸੇਤੀ ਨਾਕੁ ਪਕੜਹਿ, ਸੂਝਤੇ ਤਿਨਿ ਲੋਅ ॥ ਮਗਰ ਪਾਛੈ ਕਛੁ ਨ ਸੂਝੈ, ਏਹੁ ਪਦਮੁ ਅਲੋਅ ॥੨॥ ਖਤ੍ਰੀਆ ਤ ਧਰਮੁ ਛੋਡਿਆ, ਮਲੇਛ ਭਾਖਿਆ ਗਹੀ ॥ ਸ੍ਰਿਸਟਿ ਸਭ ਇਕ ਵਰਨ ਹੋਈ, ਧਰਮ ਕੀ ਗਤਿ ਰਹੀ ॥੩॥ ਅਸਟ ਸਾਜ ਸਾਜਿ ਪੁਰਾਣ ਸੋਧਹਿ, ਕਰਹਿ ਬੇਦ ਅਭਿਆਸੁ ॥ ਬਿਨੁ ਨਾਮ ਹਰਿ ਕੇ ਮੁਕਤਿ ਨਾਹੀ, ਕਹੈ ਨਾਨਕੁ ਦਾਸੁ ॥੪॥੧॥੬॥੮॥ (ਪਖੰਡੀ ਲੋਕ) ਅੰਗੂਠਾ ਤੇ ਨਾਲ ਵਾਲੀ ਉਂਗਲੀ (ਚੁਟਕੀ) ਨਾਲ ਨੱਕ ਫੜਦੇ (ਪ੍ਰਾਣਾਯਾਮ ਕਰਦੇ) ਹਨ (ਅਤੇ ਦਾਵਾ ਕਰਦੇ ਹਨ ਕਿ ਸਾਨੂੰ) ਤਿੰਨ ਲੋਕ ਦਿਸਦੇ ਹਨ (ਤਿੰਨ ਲੋਕਾਂ ਦੀ ਜਾਣਕਾਰੀ ਹੈ। ਪਰ ਇਨ੍ਹਾਂ ਨੂੰ ਅਪਣੀ) ਪਿੱਠ ਪਿਛੇ ਕੁਛ ਨਹੀਂ ਦਿਸਦਾ (ਅਪਣੇ ਪਿਛੇ ਪਈ ਚੀਜ ਦਾ ਪਤਾ ਨਹੀਂ ਲਗਦਾ), ਇਹ ਅਨੋਖਾ ਪਦਮਾਸਨ ਹੈ; ਇਹ ਬੜਾ ਅਸਚਰਜ ਹੈ।੨। ਖਤ੍ਰੀਆਂ ਨੇ ਤਾਂ ਅਪਣਾ ਧਰਮ ਛਡ ਦਿਤਾ ਅਤੇ ਮਲੇਛਾਂ ਦੀ ਬੋਲੀ (ਅਰਬੀ ਫਾਰਸੀ) ਗ੍ਰਹਿਣ ਕਰ ਲਈ। ਸਾਰੀ ਸ੍ਰਿਸਟੀ ਇਕ ਵਰਨ (ਇਕੋ ਜਿਹੀ) ਹੋ ਗਈ ਹੈ ਅਤੇ ਧਰਮ ਦੀ ਮਰਿਆਦਾ ਨਾਸ਼ ਹੋ ਗਈ ਹੈ; ਧਰਮ ਦੀ ਪ੍ਰਗਤੀ ਰੁਕ ਗਈ।੩। (ਪੰਡਤ ਲੋਕ ਰਿਸ਼ਿਆਂ ਦੇ) ਰਚੇ ਹੋਏ ਵਿਆਕਰਣ, ਪਾਠ ਬੋਧ ਅਤੇ ਅਰਥ ਬੋਧ ਦੇ ਅੱਠ ਅੰਗ ਸੋਧ ਕੇ ਪੁਰਾਣਾਂ ਦਾ ਵਿਚਾਰ ਕਰਦੇ ਹਨ ਅਤੇ ਬੇਦਾਂ ਦਾ ਅਭਿਆਸ ਕਰਦੇ ਹਨ। (ਪਰ) ਨਾਨਕ ਦਾਸ ਆਖਦਾ ਹੈ ਕਿ ਹਰੀ ਦੇ ਨਾਮ ਜਪਣ ਤੋਂ ਬਿਨਾ (ਕਿਸੇ ਮਨੁੱਖ ਨੂੰ) ਮੁਕਤੀ ਨਹੀਂ ਮਿਲ ਸਕਦੀ।੪।੧।੬।੮।

ਪਦਾਰਥ = ਕਾਲੁ–ਸਮਾਂ। ਜੋਗੁ–ਹਰੀ ਨਾਲ ਜੁੜਨਾ। ਸਤ ਕਾ–ਸਤਵਾਦੀ (ਸੱਚ ਵਾਲੇ) ਜੀਵਨ ਦਾ। ਢਬੁ–ਚਾਲ ਚਲਣ; ਤਰੀਕਾ। ਥਾਨਸਟ–ਇਸ਼ਟ ਦੇ ਅਸਥਾਨ; ਧਰਮ ਮੰਦਰਾਂ ਦੇ ਪੁਜਾਰੀ। ਜਗ–ਜਗਤ ਦੇ। ਭਰਿਸਟ ਹੋਏ–ਪਤਿਤ ਹੋ ਗਏ (ਧਰਮ ਤੋਂ ਗਿਰ ਗਏ); ਗੰਦੇ (ਅਪਵਿਤ੍ਰ) ਹੋ ਗਏ। ਇਵ–ਇਸ ਤਰ੍ਹਾਂ।੧। ਕਲ ਮਹਿ–ਕਲਜੁਗ ਵਿਚ। ਸਾਰੁ–ਸ੍ਰੇਸਟ। ਅਖੀ–ਅੱਖਾਂ। ਤ–ਤਾਂ। ਕਉ–ਵਾਸਤੇ।੧। ਰਹਾਉ। ਆਂਟ–ਅੰਗੂਠਾ ਤੇ ਨਾਲ ਦੀ ਤਰਜਨੀ ਉਂਗਲੀ; ਚੁਟਕੀ। ਸੇਤੀ–ਨਾਲ। ਸੂਝਤੇ–ਦਿਸਦੇ ਹਨ। ਤਿਨਿ ਲੋਅ–ਤਿੰਨ ਲੋਕ। ਮਗਰ ਪਾਛੈ–ਪਿੱਠ ਪਿੱਛੇ। ਨ ਸੂਝੈ–ਸੁਝਦਾ (ਦਿਸਦਾ) ਨਹੀਂ। ਪਦਮੁ–ਪਦਮ ਆਸਨ (ਚੌਂਕੜੀ ਮਾਰ ਕੇ ਖੱਬਾ ਪੈਰ ਸੱਜੇ ਪੱਟ ਉਤੇ ਅਤੇ ਸੱਜਾ ਪੈਰ ਖੱਬੇ ਪੱਟ ਉਤੇ ਰੱਖ ਕੇ ਬੈਠਣਾ); ਵੱਡਾ। ਅਲੋਅ–ਅਨੋਖਾ; ਜੋ ਕਦੇ ਦੇਖਿਆ ਨਾ ਹੋਵੇ।੨। ਮਲੇਛ ਭਾਖਿਆ–ਮਲੇਛਾਂ (ਮੁਸਲਮਾਨਾਂ) ਦੀ ਅਰਬੀ ਫਾਰਸੀ ਬੋਲੀ। ਗਹੀ–ਗ੍ਰਹਿਣ (ਅੰਗੀਕਾਰ) ਕਰ ਲਈ। ਇਕ ਵਰਨ–ਇਕੋ ਜਿਹੀ (ਇਕ ਰੰਗ ਵਿਚ ਰੰਗੀ ਹੋਈ); ਧਰਮ ਹੀਣ। ਗਤਿ–ਮਰਿਆਦਾ; ਪ੍ਰਗਤੀ (ਤਰੱਕੀ)। ਰਹੀ–ਨਾਸ਼ ਹੋ ਗਈ; ਰੁਕ ਗਈ।੩। ਅਸਟ ਸਾਜ–ਵਿਆਕਰਨ ਗ੍ਰੰਥ ਦੇ ਅੱਠ ਅਧਿਆਇ। ਸਾਜਿ–ਸਾਜੇ (ਰਚੇ) ਹੋਏ। ਸੋਧਹਿ–ਵਿਚਾਰਦੇ ਹਨ। ਕਰਹਿ–ਕਰਦੇ ਹਨ।੪।੧।੬।੮।

ਮਲੇਛ ਭਾਖਿਆ = ੧. ਹਿੰਦੂਆਂ ਨੇ ਸੁਆਰਥ ਵਸ ਹੋ ਕੇ ਗਾਇਤ੍ਰੀ ਆਦਿ ਛਡ ਕੇ ਕਲਮਾ ਅੰਗੀਕਾਰ ਕਰ ਲਿਆ ਹੈ (ਮ.ਕੋ.)।

੨. ਗੁਰੂ ਜੀ ਕਿਸੇ ਬੋਲੀ ਦੇ ਵਿਰੁੱਧ ਨਹੀਂ, ਸਗੋਂ ਦੇਸ਼ ਦੀ ਰੱਖਿਆ ਕਰਨ ਵਾਲੇ ਛਤ੍ਰੀਆਂ ਦੀ ਉਸ ਗੁਲਾਮੀ ਵੱਲ ਇਸ਼ਾਰਾ ਕਰ ਰਹੇ ਹਨ ਕਿ ਇਕ ਪਾਸੇ ਮੁਸਲਮਾਨਾਂ ਨੂੰ ਮਲੇਛ ਆਖਣਾ ਤੇ ਦੂਜੇ ਪਾਸੇ ਅਪਣੀ ਬੋਲੀ ਛਡ ਕੇ ਉਨ੍ਹਾਂ ਦੀ ਬੋਲੀ ਅਪਣੀ ਬਣਾ ਲੈਣੀ। ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ (੪੭੧)। ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ ੧੧੯੧। ਗੁਰੂ ਜੀ ਹਿੰਦੂ ਧਰਮ ਦੀ ਗਿਲਾਨੀ ਦੇ ਵਿਰੁੱਧ ਅਵਾਜ ਉਠਾ ਰਹੇ ਹਨ, ਜੋ ਇਸ਼ਟ ਅਸਥਾਨਾਂ ਅਤੇ ਧਰਮ ਆਗੂਆਂ ਵਿਚ ਖਰਾਬੀ ਆ ਜਾਣ ਕਰਕੇ ਆਮ ਲੋਕਾਂ ਵਿਚ ਪ੍ਰਵਿਰਤ ਹੋ ਰਹੀ ਸੀ। ਛਤ੍ਰੀਆਂ ਦਾ ਫਰਜ ਸੀ ਕਿ ਅਪਣੇ ਦੇਸ਼ ਦੇ ਧਰਮ ਕਰਮ ਤੇ ਬੋਲੀ ਨੂੰ ਬਚਾ ਕੇ ਰਖਦੇ, ਪਰ ਉਨ੍ਹਾਂ ਦੀ ਅਣਗਹਿਲੀ ਕਰਕੇ ਆਮ ਜਨਤਾ ਇਕੋ ਮੁਸਲਮਾਨੀ ਅਸਰ ਹੇਠ ਆ ਰਹੀ ਸੀ (ਸ਼ਬਦਾਰਥ)। ਛਤ੍ਰੀਆਂ ਨੇ ਅਪਣੇ ਧਰਮ ਦੀ ਉਨਤੀ ਵੱਲ ਧਿਆਨ ਨਹੀਂ ਦਿਤਾ। ਸਾਹਾਂ ਸੁਰਤਿ ਗਵਾਈਆ ਰੰਗਿ ਤਮਾਸੈ ਚਾਇ। (੪੧੭)

ਉਥਾਨਕਾ = ਸ੍ਰੀ ਗੁਰੂ ਨਾਨਕਦੇਵ ਜੀ ਮਾਰਚ ੧੫੧੦ ਈ. ਵਿਚ ਪੁਰੀ (ਉੜੀਸਾ) ਵਿਖੇ ਜਗਨਨਾਥ ਮੰਦਰ ਦੇ ਸਾਮ੍ਹਣੇ ਸਿੰਘ ਕੌਲ ਵਾਲੀ ਜਗ੍ਹਾ ਤੇ ਜਿਥੇ ਅਜ ਕਲ੍ਹ ਮੰਗੂ ਮਠ ਹੈ, ਜਾ ਬਿਰਾਜੇ। ਗੁਰੂ ਜੀ ਨੇ ਇਸ ਜਗ੍ਹਾ ਤੇ ਬੈਠ ਕੇ ਕੀਰਤਨ ਕੀਤਾ, ਬਹੁਤ ਸਾਰੇ ਸ਼ਹਿਰ ਵਾਸੀ ਕੀਰਤਨ ਸੁਣਨ ਆਏ। ਗੁਰੂ ਜੀ ਦੇ ਕੋਲ ਲੋਕ ਸ਼ਾਮ ਤਕ ਬੈਠੇ ਦਰਸ਼ਨ ਕਰਦੇ ਰਹੇ ਅਤੇ ਗੁਰੂ ਜੀ ਦਾ ਉਪਦੇਸ਼ ਸੁਣਦੇ ਰਹੇ। ਸ਼ਾਮ ਦਾ ਵਕਤ ਹੋ ਗਿਆ, ਲੋਕ ਗੁਰੂ ਜੀ ਨੂੰ ਆਖਣ ਲਗੇ ਕਿ ਹੁਣ ਮੰਦਰ ਵਿਚ ਆਰਤੀ ਹੋਣੀ ਹੈ, ਆਪ ਵੀ ਚਲੋ। ਲੋਕਾਂ ਨਾਲ ਗੁਰੂ ਜੀ ਵੀ ਮੰਦਰ ਵਿਚ ਚਲੇ ਗਏ, ਸਾਰੇ ਲੋਕ ਖਲੋ ਕੇ ਜਗਨਨਾਥ ਦੀ ਮੂਰਤੀ ਦੇ ਅੱਗੇ ਆਰਤੀ ਕਰ ਰਹੇ ਸਨ, ਪਰ ਗੁਰੂ ਜੀ ਸਭ ਦੇ ਪਿਛੇ ਚੁਪ ਕਰ ਕੇ ਬੈਠੇ ਰਹੇ। ਆਰਤੀ ਦੀ ਸਮਾਪਤੀ ਤੋਂ ਬਾਦ ਪੰਡਤਾਂ ਨੇ ਗੁਰੂ ਜੀ ਤੋਂ ਪੁੱਛਿਆ ਕਿ ਆਪ ਕੈਸੇ ਸਾਧੂ ਹੋ? ਆਰਤੀ ਵਿਚ ਸ਼ਾਮਲ ਨਹੀਂ ਹੋਏ? ਗੁਰੂ ਜੀ ਦਾ ਉਤਰ ਸੀ ਕਿ ਅਸੀਂ ਕੁਦਰਤ ਵਲੋਂ ਉਸ ਪਰਮਾਤਮਾ ਦੀ ਹੋ ਰਹੀ ਆਰਤੀ ਸੁਣ ਰਹੇ ਸਾਂ। ਇਸ ਮੰਦਰ ਵਿਚ ਹੋ ਰਹੀ ਆਰਤੀ ਵਿਚ ਛੋਟੇ ਛੋਟੇ ਦੀਵੇ ਜਗਦੇ ਹਨ, ਪ੍ਰਮਾਤਮਾ ਬਹੁਤ ਵੱਡਾ ਹੈ, ਉਸ ਦੀ ਹੋ ਰਹੀ ਆਰਤੀ ਵਿਚ ਵੱਡੇ ਵੱਡੇ ਦੀਵੇ ਬਲ ਰਹੇ ਹਨ। ਗੁਰੂ ਜੀ ਨੇ ਲੋਕਾਂ ਨੂੰ ਕੁਦਰਤ ਵੱਲੋਂ ਹੋ ਰਹੀ ਆਰਤੀ ਰਾਗ ਧਨਾਸਰੀ ਵਿਚ ਗਾ ਕੇ ਸੁਣਾਈ :–

ਧਨਾਸਰੀ ਮਹਲਾ ੧ ਆਰਤੀ ੴ ਸਤਿਗੁਰ ਪ੍ਰਸਾਦਿ ॥ ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ, ਤਾਰਿਕਾ ਮੰਡਲ ਜਨਕ ਮੋਤੀ ॥ ਧੂਪੁ ਮਲਆਨਲੋ ਪਵਣੁ ਚਵਰੋ ਕਰੇ, ਸਗਲ ਬਨਰਾਇ ਫੂਲੰਤ ਜੋਤੀ ॥੧॥ ਕੈਸੀ ਆਰਤੀ ਹੋਇ, ਭਵ ਖੰਡਨਾ ਤੇਰੀ ਆਰਤੀ ॥ ਅਨਹਤਾ ਸਬਦ ਵਾਜੰਤ ਭੇਰੀ ॥੧॥ਰਹਾਉ॥ ਸਹਸ ਤਵ ਨੈਨ ਨਨ ਨੈਨ ਹੈ ਤੋਹਿ ਕਉ ,ਸਹਸ ਮੂਰਤਿ ਨਨਾ ਏਕ ਤੋਹੀ ॥ ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ,ਸਹਸ ਤਵ ਗੰਧ ਇਵ ਚਲਤ ਮੋਹੀ ॥੨॥ ਸਭ ਮਹਿ ਜੋਤਿ ਜੋਤਿ ਹੈ ਸੋਇ ॥ ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ ॥ ਗੁਰ ਸਾਖੀ ਜੋਤਿ ਪਰਗਟੁ ਹੋਇ ॥ ਜੋ ਤਿਸੁ ਭਾਵੈ ਸੁ ਆਰਤੀ ਹੋਇ ॥੩॥ ਹਰਿ ਚਰਣ ਕਮਲ ਮਕਰੰਦ ਲੋਭਿਤ ਮਨੋ, ਅਨਦਿਨੋ ਮੋਹਿ ਆਹੀ ਪਿਆਸਾ ॥ ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ,ਹੋਇ ਜਾ ਤੇ ਤੇਰੈ ਨਾਮਿ ਵਾਸਾ ॥੪॥੧॥੭॥੯॥ ਆਕਾਸ਼ ਰੂਪ ਥਾਲ ਹੈ (ਉਸ ਥਾਲ ਵਿਚ) ਸੂਰਜ ਤੇ ਚੰਦ ਦੋ ਦੀਵੇ ਬਣੇ ਹੋਏ ਹਨ (ਜਿਨ੍ਹਾਂ ਵਿਚ ਨਾ ਤੇਲ ਤੇ ਨਾ ਹੀ ਬੱਤੀ ਪਾਉਣੀ ਪੈਂਦੀ ਹੈ) ਅਤੇ ਤਾਰਿਆਂ ਦਾ ਮੰਡਲ (ਉਸ ਥਾਲ ਵਿਚ) ਮਾਨੋ ਮੋਤੀ (ਰੱਖੇ ਹੋਏ) ਹਨ। ਮਲਯ ਪਰਬਤ ਤੋਂ ਆ ਰਹੀ ਸੁਗੰਧਤ ਹਵਾ (ਮਾਨੋ ਭਗਵਾਨ ਲਈ) ਧੂਪ (ਧੁਖ ਰਹੀ) ਹੈ, ਪੌਣ ਚੌਰ ਕਰ ਰਹੀ ਹੈ ਅਤੇ ਸਾਰੀ ਬਨਸਪਤੀ ਜੋਤੀ ਸਰੂਪ ਪ੍ਰਮਾਤਮਾ ਲਈ ਫਲ ਫੁਲ ਰਹੀ ਹੈ (ਇਹ ਮਾਨੋ ਭਗਵਾਨ ਦੀ ਆਰਤੀ ਲਈ ਫੁੱਲਾਂ ਦੀ ਵਰਖਾ ਹੋ ਰਹੀ ਹੈ)।੧। {ਭਾਰ ਅਠਾਰਹ ਮਾਲਣਿ ਤੇਰੀ। ਚਉਰੁ ਢੁਲੈ ਪਵਣੈ ਲੈ ਫੇਰੀ। ਚੰਦੁ ਸੂਰਜੁ ਦੁਇ ਦੀਪਕ ਰਾਖੇ, ਸਸਿ ਘਰਿ ਸੂਰੁ ਸਮਾਇਦਾ}। (ਅੰਗ ੧੦੩੩)। ਹੇ (ਜੀਵਾਂ ਦਾ) ਜਨਮ ਮਰਨ ਨਾਸ਼ ਕਰਨ ਵਾਲੇ ਪ੍ਰਭੂ! ਇਹੋ ਜੇਹੀ ਆਰਤੀ ਤੋਂ ਬਿਨਾ ਹੋਰ ਤੇਰੀ ਆਰਤੀ ਕਿਹੋ ਜਿਹੀ ਹੋਵੇ? (ਸੰ.ਸ.)।

ਦੂਜਾ ਅਰਥ = ਹੇ ਜਨਮ ਮਰਨ ਨਾਸ਼ ਕਰਨ ਵਾਲੇ ਵਾਹਿਗੁਰੂ! ਜੋ ਤੇਰੀ ਆਰਤੀ (ਕੁਦਰਤ ਵਿਚ ਆਪਣੇ ਆਪ) ਹੋ ਰਹੀ ਹੈ, ਇਹ ਕਿੰਨੀ ਅਸਚਰਜ ਆਰਤੀ ਹੋ ਰਹੀ ਹੈ। ਸਾਰੇ ਜੀਵਾਂ ਦੇ ਅੰਦਰ ਵਜ ਰਿਹਾ ਇਕ ਰਸ (ਲਗਾਤਾਰ) ਸ਼ਬਦ, (ਮਾਨੋ ਤੇਰੀ ਆਰਤੀ ਲਈ) ਨਗਾਰਾ ਹੈ {ਘਟ ਘਟ ਵਾਜਹਿ ਨਾਦ = ਹਰੇਕ ਜੀਵ ਦੇ ਅੰਦਰ ਨਾਦ ਵਜ ਰਿਹਾ ਹੈ (ਜਪੁ ਜੀ)।੧। ਰਹਾਉ। (ਹੇ ਕਰਤਾਰ! ਸਭ ਜੀਵਾਂ ਵਿਚ ਵਿਆਪਕ ਹੋਣ ਕਰਕੇ) ਹਜਾਰਾਂ ਹੀ ਤੇਰੇ ਨੇਤਰ ਹਨ, (ਪਰ ਨਿਰਾਕਾਰ ਹੋਣ ਕਰਕੇ) ਤੇਰਾ ਕੋਈ ਨੇਤ੍ਰ ਨਹੀਂ, (ਸਭ ਵਿਚ ਵਸਦਾ ਹੋਣ ਕਰਕੇ) ਹਜਾਰਾਂ ਹੀ ਤੇਰੇ ਸਰੂਪ ਹਨ {ਤੇਰੀ ਮੂਰਤਿ ਏਕਾ ਬਹੁਤ ਰੂਪ ੧੧੬੮} (ਪਰ ਨਿਰਾਕਾਰ ਹੋਣ ਕਰਕੇ) ਤੇਰਾ ਇਕ ਵੀ ਸਰੂਪ ਨਹੀਂ। {ਸਹਸ ਨੇਤ੍ਰ ਨੇਤ੍ਰ ਹੈ ਪ੍ਰਭ ਕਉ ,ਪ੍ਰਭ ਏਕੋ ਪੁਰਖੁ ਨਿਰਾਰੇ। ਸਹਸ ਮੂਰਤਿ ਏਕੋ ਪ੍ਰਭੁ ਠਾਕੁਰੁ ,ਪ੍ਰਭੁ ਏਕੋ ਗੁਰਮਤਿ ਤਾਰੇ ੯੮੦}। (ਸਭ ਵਿਚ ਵਿਆਪਕ ਹੋਣ ਕਰਕੇ ਤੇਰੇ) ਹਜਾਰਾਂ ਹੀ ਨਿਰਮਲ ਪੈਰ ਹਨ (ਪਰ ਨਿਰਾਕਾਰ ਹੋਣ ਕਰ ਕੇ ਤੇਰਾ ਕੋਈ) ਪੈਰ ਨਹੀਂ ਅਤੇ (ਤੂੰ) ਨੱਕ ਤੋਂ ਬਿਨਾ ਹੈ, (ਪਰ ਸਭ ਵਿਚ ਵਿਆਪਕ ਹੋਣ ਕਰਕੇ) ਤੇਰੇ ਹਜਾਰਾਂ ਹੀ ਨੱਕ ਹਨ, (ਇਕ ਪਾਸੇ ਤੇਰਾ ਕੋਈ ਆਕਾਰ ਨਹੀਂ ਅਤੇ ਦੂਜੇ ਪਾਸੇ ਤੇਰੇ ਹਜਾਰਾਂ ਹੀ ਰੂਪ ਹਨ, ਤੇਰੇ) ਇਸ ਤਰ੍ਹਾਂ ਦੇ ਕੌਤਕਾਂ ਨੇ ਮੈਨੂੰ ਮੋਹ ਲਿਆ ਹੈ {ਮੇਰਾ ਮਨੁ ਤਨੁ ਮੋਹਿ ਲੀਆ ਜੀਉ ,ਦੇਖਿ ਚਲਤ ਤੁਮਾਰੇ ੨੪੭}; (ਤੇਰੇ) ਇਸ ਤਰ੍ਹਾਂ ਦੇ ਚਰਿੱਤ੍ਰ ਦੇਖ ਕੇ (ਮੇਰੀ ਬੁਧੀ) ਮੋਹੀ ਗਈ ਹੈ।੨। (ਆਰਤੀ ਕਰਨ ਸਮੇਂ ਜੋਤਾਂ ਜਗਾਈਆਂ ਜਾਂਦੀਆਂ ਹਨ, ਕੁਦਰਤੀ ਹੋ ਰਹੀ ਆਰਤੀ ਵਿਚ ਕਿਹੜੀਆਂ ਜੋਤਾਂ ਹਨ?) ਸਭ (ਜੀਵਾਂ)

ਵਿਚ ਜੋ ਜੋਤ (ਚੇਤਨ ਸੱਤਾ) ਹੈ, ਉਹ ਪ੍ਰਮਾਤਮਾ ਦੀ ਹੀ ਜੋਤ ਹੈ। ਉਸ ਜੋਤ ਦੇ ਪ੍ਰਕਾਸ਼ ਨਾਲ (ਚੰਦ, ਸੂਰਜ, ਤਾਰਿਆਂ ਅਤੇ) ਸਭ ਵਿਚ ਪ੍ਰਕਾਸ਼ ਹੋ ਰਿਹਾ ਹੈ। (ਪਰ ਉਹ) ਜੋਤ ਗੁਰੂ ਦੀ ਸਿਖਿਆ ਰਾਹੀਂ ਪਰਗਟ ਹੁੰਦੀ ਹੈ। ਜਿਹੜੀ (ਆਰਤੀ) ਉਸ ਪ੍ਰਮਾਤਮਾ ਨੂੰ ਭਾਉਂਦੀ ਹੈ, ਉਹ ਆਰਤੀ ਹੀ (ਰੱਬ ਨੂੰ ਪ੍ਰਵਾਨ) ਹੁੰਦੀ ਹੈ। ਦੂਜਾ ਅਰਥ = ਜੋ ਉਸ ਪ੍ਰਭੂ ਨੂੰ ਭਾਵੇ, ਆਰਤੀ ਉਹੋ ਹੈ (ਭਾ.ਵੀਰ ਸਿੰਘ) ਭਾਵ ਜੋ ਕੁਝ ਰੱਬ ਨੂੰ ਚੰਗਾ ਲਗਦਾ ਹੈ, ਉਹ ਹੀ ਸੰਸਾਰ ਵਿਚ ਹੁੰਦਾ ਹੈ, ਰੱਬ ਦੇ ਕੀਤੇ ਨੂੰ ਮਨੁੱਖ ਮਿੱਠਾ ਕਰਕੇ ਮੰਨੇ, ਅਸਲ ਵਿਚ ਇਹ ਹੀ ਆਰਤੀ ਹੈ (ਟਕਸਾਲ ਅਤੇ ਦਰਪਣ ਨੇ ਵੀ ਇਸੇ ਤਰ੍ਹਾਂ ਦੇ ਅਰਥ ਕੀਤੇ ਹਨ)।੩। ਹੇ ਹਰੀ ! ਤੇਰੇ ਚਰਨਾਂ ਕਵਲਾਂ ਦੇ ਮਕਰੰਦ ਲਈ ਮੇਰਾ ਮਨ (ਰੂਪ ਭੌਰਾ) ਲੁਭਾਇਵਾਨ ਹੋ ਰਿਹਾ ਹੈ ਅਤੇ (ਜਿਵੇਂ ਪਪੀਹੇ ਨੂੰ ਸ੍ਵਾਂਤੀ ਬੂੰਦ ਦੀ ਪਿਆਸ ਹੁੰਦੀ ਹੈ ਤਿਵੇਂ) ਮੈਨੂੰ ਦਿਨ ਰਾਤ (ਤੇਰੇ ਦਰਸ਼ਨਾਂ ਦੀ) ਪਿਆਸ ਹੈ। ਪਪੀਹੇ (ਵਰਗੇ ਪ੍ਰੇਮੀ) ਨਾਨਕ ਨੂੰ ਕ੍ਰਿਪਾ ਦਾ ਜਲ ਬਖਸ਼ੋ {ਮੇਰੇ ਪ੍ਰਭ, ਕਿਰਪਾ ਜਲੁ ਦੇਵਹੁ ਹਰਿ ਨਾਈ ੬੦੭}, ਜਿਸ ਕਰਕੇ ਤੇਰੇ ਨਾਮ ਵਿਚ (ਮੇਰਾ) ਵਾਸਾ ਹੋ ਜਾਵੇ।੪।੧।੭।੯।

ਰਹਾਉ ਵਾਲੀ ਤੁਕ ਦਾ ਹੋਰ ਅਰਥ = (ਛੋਟੇ ਜਿਹੇ ਥਾਲ ਵਿਚ ਛੋਟੇ ਛੋਟੇ ਦੀਵੇ ਰੱਖ ਕੇ ਇਤਨੇ ਵੱਡੇ ਪ੍ਰਮਾਤਮਾ ਦੀ ਇਹ) ਕਿਹੋ ਜਿਹੀ ਆਰਤੀ ਹੋ ਰਹੀ ਹੈ। ਹੇ ਜਨਮ ਮਰਨ ਨਾਸ਼ ਕਰਨ ਵਾਲੇ ਵਾਹਿਗੁਰੂ ! ਤੇਰੀ (ਅਸਲ ਵਿਚ ਤਾਂ) ਆਰਤੀ ਇਹ ਹੈ ਜੋ ਅਸੀਂ ਕਹਿ ਰਹੇ ਹਾਂ। (ਟਕਸਾਲ)। (ਦੁਨਿਆਵੀ ਭੇਰੀਆਂ ਤਾਂ ਥੋੜਾ ਸਮਾਂ ਵਜਦੀਆਂ ਹਨ) ਰੱਬ ਦੀ ਚੇਤਨ ਸੱਤਾ ਨਾਲ ਸਾਰੇ ਜੀਵਾਂ ਦੇ ਅੰਦਰੋਂ ਇਕ ਰਸ (ਆਪਣੇ ਆਪ) ਜੋ ਸ਼ਬਦ (ਬੋਲ) ਨਿਕਲਦੇ ਹਨ, ਇਹੋ ਹੀ (ਤੇਰੀ ਆਰਤੀ ਲਈ ਲਗਾਤਾਰ) ਸ਼ਹਿਨਾਈਆਂ ਵਜ ਰਹੀਆਂ ਹਨ {ਸਭੈ ਘਟ ਰਾਮੁ ਬੋਲੈ ਰਾਮਾ ਬੋਲੈ। ਰਾਮ ਬਿਨਾ ਕੋ ਬੋਲੈ ਰੇ ੯੮੮} ਭਾਵ ਸਭ ਦੇ ਅੰਦਰੋਂ ਪ੍ਰਭੂ ਪ੍ਰਗਟ ਹੋ ਰਿਹਾ ਹੈ।

ਪਦਾਰਥ = ਗਗਨ ਮੈ–ਗਗਨ ਮਈ; ਆਕਾਸ਼ ਰੂਪ; ਸਾਰਾ ਅਸਮਾਨ। ਰਵਿ–ਸੂਰਜ। ਦੀਪਕ–ਦੀਵੇ। ਬਨੇ–ਬਣੇ ਹਨ। ਤਾਰਿਕਾ ਮੰਡਲ –ਤਾਰਾ ਮੰਡਲ; ਤਾਰਿਆਂ ਦਾ ਸਮੂਹ। ਜਨਕ–ਮਾਨੋ; ਜਾਣੋ; (ਮੋਤੀ ਜੜੇ ਹੋਏ ਹਨ ਆਕਾਸ ਰੂਪ ਥਾਲ ਵਿਚ, ਵੀ ਅਰਥ ਹੈ)। ਧੂਪੁ– ਸੁਗੰਧੀ ਵਾਲੇ ਪਦਾਰਥਾਂ ਦਾ ਧੂਆਂ (ਜੋ ਇਸ਼ਟ ਨੂੰ ਦੇਂਦੇ ਹਨ)। ਮਲਆਨਲੋ–ਮਲਯ+ਅਨਲੋ–ਮਲਯ ਨੂੰ ਛੋਹ ਕੇ ਆਉਣ ਵਾਲੀ ਸੁਗੰਧਤ ਹਵਾ (ਅਨਲ–ਹਵਾ); ਮਲਯਾਨਲ–ਮਲਯ ਪਹਾੜ ਦੀ ਅੱਗ (ਮਦਰਾਸ ਕੋਲ ਮਲਯ ਪਹਾੜ ਜਿੱਥੇ ਚੰਦਨ ਬਹੁਤ ਹੁੰਦਾ ਹੈ, ਉਥੇ ਬਾਂਸ ਆਪਸ ਵਿਚ ਖਹਿ ਕੇ ਚੰਦਨ ਨੂੰ ਲਗੀ ਅੱਗ ਤੋਂ ਨਿਕਲਿਆ ਖੁਸ਼ਬੋਦਾਰ ਧੂਆਂ)। ਪਵਣੁ–ਪੌਣ। ਚਵਰੋ ਕਰੇ–ਚੌਰ (ਤੇਜ ਹਵਾ ਨਾਲ ਝੂਲਦੇ ਦਰੱਖਤ ਮਾਨੋ ਚੌਰ) ਕਰਦੇ ਹਨ। ਸਗਲ–ਸਾਰੀ। ਬਨਰਾਇ–ਬਨਸਪਤੀ। ਫੂਲੰਤ–ਫਲ (ਖਿੜ) ਰਹੀ ਹੈ। ਜੋਤੀ– ਜੋਤ ਸਰੂਪ ਪ੍ਰਮਾਤਮਾ; ਹੇ ਜੋਤੀ ਸਰੂਪ !।੧। ਕੈਸੀ–ਕਿਹੋ ਜਿਹੀ। ਆਰਤੀ–ਪੂਜਨੀਕ ਦੇਵਤੇ ਜਾਂ ਹੋਰ ਇਸ਼ਟ ਅੱਗੇ ਥਾਲੀ ਵਿਚ ਦੀਵੇ ਘੁਮਾ ਕੇ ਪੂਜਾ ਕਰਨੀ। ਭਵ ਖੰਡਨਾ–ਹੇ ਜਨਮ ਮਰਨ ਨਾਸ਼ ਕਰਨ ਵਾਲੇ !। ਅਨਹਤਾ–ਜੋ ਬਿਨਾ ਵਜਾਏ ਵੱਜੇ; ਇਕ ਰਸ। ਸਬਦ– ਆਵਾਜ; ਬੋਲ। ਵਾਜੰਤ–ਵਜਦੇ ਹਨ। ਭੇਰੀ–ਵਾਜੇ; ਨਗਾਰੇ।੧। ਰਹਾਉ। ਸਹਸ–ਹਜਾਰਾਂ। ਤਵ–ਤੇਰੇ। ਨੈਨ–ਨੇਤਰ। ਨਨ–ਨਹੀਂ। ਤੋਹਿ ਕਉ–ਤੇਰੇ ਵਾਸਤੇ ਭਾਵ ਤੇਰੇ। ਮੂਰਤਿ–ਸਰੀਰ; ਸ਼ਕਲਾਂ; ਸਰੂਪ; ਵਜੂਦ। ਨਨਾ–ਨਹੀਂ। ਤੋਹੀ–ਤੇਰਾ। ਪਦ–ਪੈਰ। ਬਿਮਲ–ਮਲ ਤੋਂ ਬਿਨਾ ਭਾਵ ਪਵਿਤ੍ਰ; ਨਿਰਮਲ। ਗੰਧ–(ਸੁੰਘਣ ਵਾਲਾ ਅੰਗ) ਨੱਕ। ਇਵ–ਇਸ ਤਰ੍ਹਾਂ। ਚਲਤ–ਚਲਿੱਤ੍ਰ; ਕੌਤਕ। ਮੋਹੀ–ਮੋਹ ਲਿਆ ਹੈ; ਮੋਹੀ ਗਈ ਹੈ।੨। ਜੋਤਿ–ਪ੍ਰਕਾਸ਼। ਸੋਇ–ਉਹ (ਪ੍ਰਭੂ ਦੀ)। ਤਿਸ ਕੈ–ਉਸ ਦੇ। ਚਾਨਣਿ–ਚਾਨਣ (ਪ੍ਰਕਾਸ਼) ਨਾਲ। ਸਾਖੀ–ਸਿਖਿਆ; ਸਾਕ੍ਸ਼ੀ (ਸ+ਅਕਸ਼ੀ–ਅੱਖਾਂ ਨਾਲ ਦੇਖਣ ਵਾਲਾ ਭਾਵ ਗੁਰੂ ਦੀ ਬਖਸ਼ੀ ਦੈਵੀ ਨਜਰ ਨਾਲ)। ਸੁ–ਉਹ।੩। ਮਕਰੰਦ–ਪ੍ਰਾਗ (ਫੁੱਲਾਂ ਦੇ ਅੰਦਰਲਾ ਰਸ)। ਲੋਭਿਤ–ਲੁਭਾਇਵਾਨ; ਲਲਚਾ ਰਿਹਾ ਹੈ। ਮਨੋ–ਮੇਰਾ ਮਨ (ਰੂਪ ਭੌਰਾ)। ਅਨਦਿਨੋ–ਦਿਨ ਰਾਤ; ਸਦਾ ਹੀ। ਮੋਹਿ–ਮੈਨੂੰ। ਆਹੀ –ਹੈ। ਸਾਰਿੰਗ–ਪਪੀਹਾ। ਕਉ–ਨੂੰ। ਜਾ ਤੇ–ਜਿਸ ਤੇ; ਜਿਸ ਤੋਂ (ਕਰਕੇ)। ਨਾਮਿ–ਨਾਮ ਵਿਚ। ਵਾਸਾ–ਨਿਵਾਸ।੪।੧।੭।੯।

ਵਿਆਖਿਆ = ਕਰੀਬ ਕਰੀਬ ਸਾਰੇ ਧਰਮਾਂ ਵਿਚ ਕਿਸੇ ਨਾ ਕਿਸੇ ਰੂਪ ਵਿਚ ਜੋਤ ਜਾਂ ਮੋਮ ਬੱਤੀਆਂ ਜਗਾ ਕੇ ਅਪਣੇ ਇਸ਼ਟ ਦੇਵ ਪ੍ਰਤੀ ਅਪਣੀ ਸ਼ਰਧਾ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ। ਹਿੰਦੂ ਧਰਮ ਵਿਚ ਜੋਤ ਦਾ ਬੜਾ ਮਹੱਤਵ ਹੈ, ਮੰਦਰਾਂ ਵਿਚ ਆਮ ਜੋਤ ਬਲਦੀ ਦੇਖੀ ਜਾ ਸਕਦੀ ਹੈ। ਇਕ ਥਾਲ ਵਿਚ ਦੀਵੇ ਬਾਲ ਕੇ ਇਸ਼ਟ ਦੇਵ ਅੱਗੇ ਥਾਲੀ ਵਾਰ ਵਾਰ ਘੁਮਾ ਕੇ ਆਰਤੀ ਕਰਨ ਦੀ ਪੁਰਾਤਨ ਪਰੰਪਰਾ ਸਾਰੇ ਮੰਦਰਾਂ ਵਿਚ ਪ੍ਰਚਲਤ ਹੈ। ਪਰ ਗੁਰਮਤਿ ਵਿਚ ਹਿੰਦੂਆਂ ਵਾਂਙ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਮ੍ਹਣੇ ਥਾਲੀ ਵਿਚ ਦੀਵੇ ਰੱਖ ਕੇ ਆਰਤੀ ਕਰਨ ਦੀ ਮਰਿਆਦਾ ਨਹੀਂ ਹੈ, ਉਂਝ ਸ਼ਾਮ ਵੇਲੇ ਰਹਿਰਾਸ ਸਾਹਿਬ ਦੇ ਪਾਠ ਤੋਂ ਬਾਦ ਗੁਰਦੁਆਰਿਆਂ ਵਿਚ ਆਰਤੀ ਦੇ ਸ਼ਬਦਾਂ ਦਾ ਕੀਰਤਨ ਜਰੂਰ ਹੁੰਦਾ ਹੈ। ਬਹੁਤ ਪੁਰਾਣੇ ਸਮੇਂ ਵਿਚ ਕੁਦਰਤੀ ਸ਼ਕਤੀਆਂ ਦੀ ਖੁਸ਼ੀ ਪ੍ਰਾਪਤ ਕਰਨ ਲਈ ਉਨ੍ਹਾਂ ਨੂੰ ਦੇਵਤੇ ਮੰਨ ਕੇ ਪੂਜਾ ਆਰੰਭ ਹੋ ਗਈ। ਸੂਰਜ, ਚੰਦ ਅਤੇ ਅੱਗ ਨੂੰ ਵੀ ਦੇਵਤੇ ਮੰਨ ਕੇ ਮਨੁੱਖ ਇਨ੍ਹਾਂ ਦੀ ਪੂਜਾ ਕਰਨ ਲਗ ਪਿਆ। ਪਹਿਲਾਂ ਪਹਿਲਾਂ ਤਾਂਤ੍ਰਿਕ ਲੋਕ ਭੈਰੋਂ ਦੀ ਮੂਰਤੀ ਅੱਗੇ ਸਰ੍ਹੋਂ ਦੇ ਤੇਲ ਦਾ ਦੀਵਾ ਬਾਲ ਕੇ ਪੂਜਾ ਕਰਨ ਲੱਗੇ, ਹੌਲੀ ਹੌਲੀ ਲੋਕ ਹਰੇਕ ਦੇਵਤੇ ਅੱਗੇ ਤਿਲਾਂ ਦੇ ਤੇਲ ਜਾਂ ਗਾਂ ਦੇ ਘਿਓ ਦੀ ਜੋਤ ਜਗਾਉਣ ਲਗ ਪਏ। ਕਿਸੇ ਘਰ ਵਿਚ ਦੀਵੇ ਦੀ ਰੋਸ਼ਨੀ ਹੋਣਾ ਇਸ ਗਲ ਦੀ ਨਿਸ਼ਾਨੀ ਹੈ ਕਿ ਇਸ ਘਰ ਵਿਚ ਕੋਈ ਵਸਦਾ ਹੈ, ਕਿਸੇ ਘਰ ਦਾ ਦੀਵਾ ਗੁਲ ਹੋਣਾ ਉਸ ਘਰ ਦਾ ਉਜਾੜਾ ਦਸਦਾ ਹੈ। ਘਰਾਂ ਵਿਚ ਅੱਗੇ ਬਿਜਲੀ ਨਹੀਂ ਸੀ ਹੁੰਦੀ, ਘਰਾਂ ਵਿਚ ਰੋਸ਼ਨੀ ਲਈ ਲਾਲਟਣਾਂ, ਦੀਵਿਆਂ ਮੋਮ ਬੱਤੀਆਂ ਜਾਂ ਮਿਸ਼ਾਲਾਂ ਦੀ ਮੱਦਦ ਲਈ ਜਾਂਦੀ ਸੀ।

ਬਿਜਲੀ ਆਉਣ ਨਾਲ ਦੀਵਿਆਂ ਲਾਲਟਣਾਂ ਦੀ ਲੋੜ ਨਹੀਂ ਰਹੀ, ਘਰਾਂ ਵਿਚ ਚਾਨਣ ਦਾ ਕੰਮ ਬਿਜਲੀ ਤੋਂ ਲੈ ਲਿਆ ਜਾਂਦਾ ਹੈ। ਪੂਜਾ ਕਰਨ ਵਾਲਿਆਂ ਵਾਸਤੇ ਹੁਣ ਬਿਜਲੀ ਦੀਆਂ ਟਿਮ ਟਿਮਾਉਂਦੀਆਂ ਜੋਤਾਂ ਵੀ ਮਾਰਕੀਟ ਵਿਚ ਆ ਗਈਆਂ ਹਨ। ਸਾਰੀ ਊਰਜਾ ਜਾਂ ਅੱਗ ਦਾ ਸੋਮਾ ਸੂਰਜ ਹੈ ਅਤੇ ਸੂਰਜ ਦਾ ਸੋਮਾ ਨਿਰੰਕਾਰ {ਚੰਦੁ ਸੂਰਜੁ ਦੁਇ ਜੋਤਿ ਸਰੂਪੁ। ਜੋਤੀ ਅੰਤਰਿ ਬ੍ਰਹਮੁ ਅਨੂਪ ੬੭੨}, ਸਾਰੇ ਵਿਸ਼ਵ ਨੂੰ ਊਰਜਾ, ਤਾਕਤ ਨਿਰੰਕਾਰ ਤੋਂ ਮਿਲਦੀ ਹੈ। ਸਿੱਖ ਨਿਰੰਕਾਰ ਦਾ ਉਪਾਸ਼ਕ ਹੈ, ਕਿਸੇ ਦੇਵੀ ਦੇਵਤੇ, ਸੂਰਜ, ਚੰਦ ਜਾਂ ਅੱਗ ਆਦਿ ਦਾ ਨਹੀਂ। ਅਠਾਰਵੀਂ ਸਦੀ ਵਿਚ ਹਕੂਮਤ ਨੇ ਸਿੱਖਾਂ ਦਾ ਖੁਰਾ ਖੋਜ ਮਿਟਾਉਣ ਲਈ ਪੂਰਾ ਜੋਰ ਲਗਾਇਆ, ਸਿੱਖਾਂ ਦਾ ਕਤਲਿਆਮ ਕੀਤਾ ਗਿਆ। ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਦਰਸ਼ਨਾਂ ਤੇ ਸਖਤ ਪਾਬੰਦੀ ਸੀ, ਆਲੇ ਦੁਆਲੇ ਸਖਤ ਪਹਿਰਾ ਸੀ, ਕੋਈ ਵੀ ਸਿੱਖ ਕਿਧਰੇ ਪਾਸਿਉਂ ਵੀ ਦਰਸਨਾਂ ਲਈ ਨਹੀਂ ਸੀ ਆ ਸਕਦਾ। ਹਕੂਮਤ ਨੇ ਢੰਡੋਰਾ ਦਿਤਾ ਕਿ ਹੁਣ ਸਿੱਖ ਮੁਕ ਚੁਕੇ ਹਨ, ਇਕ ਸਿੱਖ ਭਾਈ ਮਣਸਾ ਸਿੰਘ ਜੀ ਨੇ ਰਾਤ ਦੇ ਹਨ੍ਹੇਰੇ ਵਿਚ ਸਰੋਵਰ ਵਿਚੋਂ ਦੀ ਤਰ ਕੇ ਸ਼੍ਰੀ ਦਰਬਾਰ ਸਾਹਿਬ ਦੇ ਅੰਦਰ ਜਾ ਕੇ ਜੋਤ ਜਗਾ ਦਿਤੀ। ਭਾਈ ਜੀ ਜੋਤ ਜਗਾ ਕੇ ਵਾਪਸ ਆਉਂਦੇ ਸ਼ਹੀਦ ਹੋ ਗਏ, ਪਰ ਉਨ੍ਹਾਂ ਦਾ ਇਹ ਜੋਤ ਜਗਾਉਣਾ ਪੂਜਾ ਦਾ ਭਾਗ ਨਹੀਂ ਸੀ, ਸ਼੍ਰੀ ਦਰਬਾਰ ਸਾਹਿਬ ਅੰਦਰ ਜੋਤ ਜਗਾ ਕੇ ਉਨ੍ਹਾਂ ਇਹ ਪ੍ਰਗਟਾਇਆ ਹੈ ਕਿ ਸਿੱਖ ਮੁੱਕੇ ਨਹੀਂ। ਸਿਖ ਵੀ ਇਸ ਪੰਜਾਬ ਦੀ ਧਰਤੀ ਤੇ ਵਸਦੇ ਰਹਿਣਗੇ ਅਤੇ ਸ੍ਰੀ ਦਰਬਾਰ ਸਾਹਿਬ ਵੀ ਸਦਾ ਕਾਇਮ ਰਹੇਗਾ। ਉਨ੍ਹਾਂ ਦਾ ਜੋਤ ਜਗਾਉਣਾ ਦਰਬਾਰ ਸਾਹਿਬ ਦੀ ਕਾਇਮੀ ਅਤੇ ਸਿਖਾਂ ਦੀ ਮੌਜੂਦਗੀ ਪ੍ਰਗਟਾਉਣਾ ਸੀ। {ਧੂਪ ਦੀਪ ਕਰਤੇ, ਹਰਿ ਨਾਮ ਤੁਲਿ ਨ ਲਾਗੇ ੧੨੨੯} ਵਾਹਿਗੁਰੂ ਨਾਮ ਦੀ ਬਰਾਬਰੀ ਧੂਪ ਦੀਪ ਨਹੀਂ ਕਰ ਸਕਦੇ। ਸੂਰਜ ਅਤੇ ਚੰਦ ਦੁਨੀਆਂ ਵਿਚ ਤਾਂ ਚਾਨਣ ਕਰਕੇ ਹਨ੍ਹੇਰਾ ਦੂਰ ਕਰਦੇ ਹਨ, ਪਰ ਮਨੁੱਖ ਦੇ ਅੰਦਰ ਅਗਿਆਨਤਾ ਦਾ ਘੁੱਪ ਹਨ੍ਹੇਰਾ ਦੂਰ ਨਹੀਂ ਕਰ ਸਕਦੇ। ਧਰਮ ਦੇ ਰਸਤੇ ਤੇ ਚਲਣ ਵਾਲਾ ਮਨੁੱਖ ਅਪਣੇ ਅੰਦਰਲਾ ਹਨ੍ਹੇਰਾ ਨਿੱਕੇ ਨਿੱਕੇ ਦੀਵਿਆਂ ਦੀਆਂ ਜੋਤਾਂ ਬਾਲ ਕੇ ਦੂਰ ਕਰਨਾ ਲੋੜਦਾ ਹੈ, ਜੋ ਅਸੰਭਵ ਹੈ। ਮਨੁੱਖ ਦੇ ਅੰਦਰਲਾ ਹਨ੍ਹੇਰਾ ਤਾਂ ਨਾਮ ਦੀ ਜੋਤ ਨੇ ਦੂਰ ਕਰਨਾ ਹੈ {ਨਾਮੁ ਤੇਰਾ ਦੀਵਾ ਨਾਮੁ ਤੇਰੋ ਬਾਤੀ, ਨਾਮੁ ਤੇਰੋ ਤੇਲੁ ਲੇ ਮਾਹਿ ਪਸਾਰੇ। ਨਾਮ ਤੇਰੇ ਕੀ ਜੋਤਿ ਲਗਾਈ, ਭਇਓ ਉਜਿਆਰੋ ਭਵਨ ਸਗਲਾਰੇ। ਅੰਗ ੬੯੪}। ਪ੍ਰਮਾਤਮਾ ਨਿਰਾਕਾਰ ਹੈ, ਜੀਵਾਂ ਵਾਂਗ ਉਸ ਦੇ ਅੰਗ ਆਦਿ ਨਹੀਂ ਹਨ। ਪਰ ਉਸਦੀ ਚੇਤਨ ਸੱਤਾ ਸਭ ਵਿਚ ਹੈ, ਜੀਵਾਂ ਦੀਆਂ ਅੱਖਾਂ, ਕੰਨ, ਨੱਕ, ਹੱਥ, ਪੈਰ, ਦਿਲ, ਦਿਮਾਗ ਆਦਿ ਸਭ ਵਾਹਿਗੁਰੂ ਦੀ ਸੱਤਾ ਨਾਲ ਹੀ ਕੰਮ ਕਰਦੇ ਹਨ। ਸਭ ਵਿਚ ਨਿਰੰਕਾਰ ਦੀ ਜੋਤ ਹੋਣ ਕਰਕੇ ਸਮਝੋ ਜੀਵਾਂ ਦੇ ਸਾਰੇ ਇੰਦ੍ਰੇ ਉਸੇ ਦੇ ਅੰਗ ਹਨ। ਇਸ ਕਰਕੇ ਉਹ ਹਜਾਰਾਂ ਅੱਖਾਂ, ਹਜਾਰਾਂ ਮੂਰਤਾਂ (ਸਰੂਪਾਂ), ਹਜਾਰਾਂ ਪੈਰਾਂ ਅਤੇ ਹਜਾਰਾਂ ਹੀ ਨੱਕਾਂ ਵਾਲਾ ਹੈ, ਪਰ ਨਿਰ ਅਕਾਰ ਹੋਣ ਕਰਕੇ ਉਸ ਦਾ ਕੋਈ ਅੰਗ ਨਹੀਂ ,ਕੋਈ ਸਰੂਪ ਨਹੀਂ। ਸਾਰਾ ਜਗਤ ਨਿਰੰਕਾਰ ਦਾ ਹੀ ਦਿਸਦਾ ਰੂਪ ਹੈ, ਇਸ ਗਲ ਦਾ ਗਿਆਨ ਪੂਰਨ ਸਤਿਗੁਰੂ ਤੋਂ ਹੁੰਦਾ ਹੈ, ਜਿਸ ਸਤਿਗੁਰੂ ਨੇ ਆਪਣੀਆਂ ਅੱਖਾਂ ਨਾਲ ਨਿਰੰਕਾਰ ਦਾ ਵਿਸਮਾਦੀ ਰੂਪ ਦੇਖਿਆ ਹੈ। ਗੁਰੂ ਦੇ ਦੱਸੇ ਰਸਤੇ ਤੇ ਚਲ ਕੇ ਵਾਹਿਗੁਰੂ ਦੇ ਚਰਨ ਕਵਲਾਂ ਵਿਚ ਮਨੁੱਖ ਅਰਦਾਸ ਕਰਦਾ ਹੈ ਕਿ ਮੇਰੇ ਤੇ ਇਹ ਕਿਰਪਾ ਕਰ, ਤੇਰੇ ਨਾਮ ਵਿਚ ਵਾਸਾ ਹੋ ਜਾਵੇ।

ਧਨਾਸਰੀ ਮਹਲਾ ੩ ਘਰੁ ੨ ਚਉਪਦੇ ੴ ਸਤਿਗੁਰ ਪ੍ਰਸਾਦਿ ॥ ਇਹੁ ਧਨੁ ਅਖੁਟੁ ਨ ਨਿਖੁਟੈ ਨ ਜਾਇ ॥ ਪੂਰੈ ਸਤਿਗੁਰਿ ਦੀਆ ਦਿਖਾਇ ॥ ਅਪੁਨੇ ਸਤਿਗੁਰ ਕਉ ਸਦ ਬਲਿ ਜਾਈ ॥ ਗੁਰ ਕਿਰਪਾ ਤੇ ਹਰਿ ਮੰਨਿ ਵਸਾਈ ॥੧॥ ਸੇ ਧਨਵੰਤ ਹਰਿ ਨਾਮਿ ਲਿਵ ਲਾਇ ॥ ਗੁਰਿ ਪੂਰੈ ਹਰਿ ਧਨੁ ਪਾਗਾਸਿਆ, ਹਰਿ ਕਿਰਪਾ ਤੇ ਵਸੈ ਮਨਿ ਆਇ ॥ਰਹਾਉ॥ ਅਵਗੁਣ ਕਾਟਿ ਗੁਣ ਰਿਦੈ ਸਮਾਇ ॥ ਪੂਰੈ ਗੁਰ ਕੈ ਸਹਜਿ ਸੁਭਾਇ ॥ ਪੂਰੇ ਗੁਰ ਕੀ ਸਾਚੀ ਬਾਣੀ ॥ ਸੁਖ ਮਨ ਅੰਤਰਿ ਸਹਜਿ ਸਮਾਣੀ ॥੨॥ ਏਕੁ ਅਚਰਜੁ ਜਨ ਦੇਖਹੁ ਭਾਈ ॥ ਦੁਬਿਧਾ ਮਾਰਿ ਹਰਿ ਮੰਨਿ ਵਸਾਈ ॥ ਨਾਮੁ ਅਮੋਲਕੁ ਨ ਪਾਇਆ ਜਾਇ ॥ ਗੁਰ ਪਰਸਾਦਿ ਵਸੈ ਮਨਿ ਆਇ ॥੩॥ ਸਭ ਮਹਿ ਵਸੈ ਪ੍ਰਭੁ ਏਕੋ ਸੋਇ ॥ ਗੁਰਮਤੀ ਘਟਿ ਪਰਗਟੁ ਹੋਇ ॥ (ਹੇ ਭਾਈ!) ਇਹ ਨਾਮ ਧਨ ਨਾ ਮੁੱਕਣ ਵਾਲਾ ਖਜਾਨਾ ਹੈ, (ਇਹ ਧਨ ਖਰਚਿਆਂ) ਮੁੱਕਦਾ ਵੀ ਨਹੀਂ ਅਤੇ ਨਾ ਹੀ (ਸਾਥ ਛਡ ਕੇ) ਕਿਧਰੇ ਜਾਂਦਾ ਹੈ। ਪੂਰੇ ਸਤਿਗੁਰੂ ਨੇ (ਮੈਨੂੰ ਇਹ ਧਨ) ਦਿਖਾ ਦਿਤਾ ਹੈ। (ਇਸੇ ਕਰਕੇ) ਮੈਂ ਅਪਣੇ ਸਤਿਗੁਰੂ ਤੋਂ ਸਦਾ ਬਲਹਾਰ ਜਾਂਦਾ ਹਾਂ। (ਜਿਸ) ਗੁਰੂ ਦੀ ਕ੍ਰਿਪਾ ਨਾਲ ਮੈਂ ਹਰੀ ਦੀ ਪ੍ਰੀਤੀ ਮਨ ਵਿਚ ਵਸਾਈ ਹੈ।੧। (ਹੇ ਭਾਈ!) ਉਹ ਮਨੁੱਖ ਧਨਵਾਨ ਹਨ, ਜੋ ਹਰੀ ਦੇ ਨਾਮ ਵਿਚ ਲਿਵ ਲਾਉਂਦੇ ਹਨ। ਪੂਰੇ ਗੁਰੂ ਨੇ (ਉਨ੍ਹਾਂ ਦੇ ਮਨ ਵਿਚ) ਹਰੀ ਦਾ ਨਾਮ ਧਨ ਪ੍ਰਗਟ ਕਰ ਦਿਤਾ ਹੈ, (ਇਹ ਨਾਮ ਧਨ) ਹਰੀ ਦੀ ਕ੍ਰਿਪਾ ਨਾਲ ਮਨ ਵਿਚ ਆ ਵਸਦਾ ਹੈ। ਰਹਾਉ। ਪੂਰੇ ਗੁਰੂ ਦੇ ਸਹਿਜ ਸੁਭਾਵ ਦੁਆਰਾ (ਪੂਰੇ ਗੁਰੂ ਵਾਲਾ ਸ਼ਾਂਤ ਸੁਭਾਵ ਹਾਸਲ ਕਰਕੇ) ਔਗਣ ਕੱਟੇ ਜਾਂਦੇ ਹਨ ਅਤੇ ਦੈਵੀ ਗੁਣ ਹਿਰਦੇ ਵਿਚ ਟਿਕ ਜਾਂਦੇ ਹਨ। ਪੂਰੇ ਗੁਰੂ ਦੀ ਸੱਚੀ ਬਾਣੀ ਦਾ ਅਭਿਆਸ ਕਰਨ ਨਾਲ ਮਨ ਦੇ ਅੰਦਰ ਸੁਖ ਹੁੰਦਾ ਹੈ ਅਤੇ ਬਿਰਤੀ ਸਹਿਜ ਅਵਸਥਾ ਵਿਚ ਸਮਾ ਜਾਂਦੀ ਹੈ।੨। ਹੇ ਭਾਈ ਜਨੋਂ! ਇਕ ਅਸਚਰਜ ਗੱਲ ਦੇਖੋ। (ਗੁਰੂ ਨੇ ਮੇਰੀ) ਦੁਬਿਧਾ ਮਾਰ ਕੇ ਹਰੀ ਦੀ ਨਾਮ ਬਾਣੀ ਮਨ ਵਿਚ ਵਸਾ ਦਿਤੀ ਹੈ। (ਹਰੀ ਦਾ) ਨਾਮ ਅਮੋਲਕ ਹੈ, (ਅਪਣੇ ਜਤਨਾਂ ਨਾਲ) ਨਹੀਂ ਪਾਇਆ ਜਾ ਸਕਦਾ। (ਇਹ ਨਾਮ) ਗੁਰੂ ਦੀ ਕ੍ਰਿਪਾ ਨਾਲ ਮਨ ਵਿਚ ਆ ਵਸਦਾ ਹੈ।੩। ਸਾਰੇ ਜੀਵਾਂ ਵਿਚ ਉਹ ਇਕ ਪ੍ਰਭੂ ਹੀ ਵਸਦਾ ਹੈ। (ਪਰ ਉਹ ਪ੍ਰਭੂ) ਗੁਰੂ ਦੀ ਸਿੱਖਿਆ ਅਨੁਸਾਰ ਜੀਵਨ ਬਤੀਤਿ ਕਰਨ ਨਾਲ ਹਿਰਦੇ ਵਿਚ ਪਰਗਟ ਹੁੰਦਾ ਹੈ।

ਅੰਗ ੬੬੪ = ਸਹਜੇ ਜਿਨਿ ਪ੍ਰਭੁ ਜਾਣਿ ਪਛਾਣਿਆ ॥ ਨਾਨਕ ਨਾਮੁ ਮਿਲੈ ਮਨੁ ਮਾਨਿਆ ॥੪॥੧॥ ਨਾਨਕ ਗੁਰੂ ਜੀ ਆਖਦੇ ਹਨ ਕਿ ਜਿਸ ਮਨੁੱਖ ਨੇ ਪ੍ਰਭੂ ਨੂੰ ਆਤਮਕ ਗਿਆਨ ਦੀ ਕੁਦਰਤੀ ਅਵਸਥਾ ਦੁਆਰਾ ਸਮਝ ਕੇ ਪਛਾਣਿਆ ਹੈ।(ਉਸ ਨੂੰ) ਨਾਮ ਮਿਲ ਜਾਂਦਾ ਹੈ ਅਤੇ (ਉਸ ਦਾ) ਮਨ ਮੰਨ (ਮਨ ਨੂੰ ਵਿਸ਼ਵਾਸ਼ ਹੋ) ਜਾਂਦਾ ਹੈ।੪।੧।

ਪਦਾਰਥ = ਅਖੁਟੁ–ਨਾ ਮੁਕਣ ਵਾਲਾ।ਨ ਨਿਖੁਟੈ–ਮੁਕਦਾ ਨਹੀਂ।ਨ ਜਾਇ–ਜਾਂਦਾ ਨਹੀਂ।ਸਤਿਗੁਰਿ–ਸਤਿਗੁਰੂ ਨੇ।ਕਉ–ਨੂੰ; ਤੋਂ। ਸਦ–ਸਦਾ।ਬਲਿ ਜਾਈ–ਸਦਕੇ ਜਾਂਦਾ ਹਾਂ।੧।ਤੇ–ਨਾਲ; ਤੋਂ।ਮੰਨਿ–ਮਨ ਵਿਚ।੧।ਸੇ–ਉਹ।ਧਨਵੰਤੁ–ਧਨਵਾਨ (ਅਮੀਰ)।ਨਾਮਿ –ਨਾਮ ਵਿਚ।ਲਿਵ ਲਾਇ–ਬਿਰਤੀ ਜੋੜਦੇ ਹਨ।ਪ੍ਰਗਾਸਿਆ–ਪਰਗਟ ਕਰ ਦਿਤਾ।ਤੇ–ਤੋਂ; ਨਾਲ।ਮਨਿ–ਮਨ ਵਿਚ।ਰਹਾਉ।ਰਿਦੈ– ਹਿਰਦੇ ਵਿਚ।ਸਮਾਇ–ਟਿਕ (ਵਸ) ਜਾਂਦੇ ਹਨ।ਸਹਜਿ ਸੁਭਾਇ–ਸਹਿਜ ਸੁਭਾਵ ਦੁਆਰਾ (ਸ਼ਾਂਤ ਸੁਭਾਵ ਹਾਸਲ ਕਰਕੇ)।ਮਨ ਅੰਤਰਿ –ਮਨ ਦੇ ਅੰਦਰ।ਸਹਜਿ ਸਮਾਣੀ–(ਬਿਰਤੀ) ਸਹਿਜ ਅਵਸਥਾ ਵਿਚ ਸਮਾ ਜਾਂਦੀ ਹੈ।੨।ਅਚਰਜੁ–ਹੈਰਾਨ ਕਰਨ ਵਾਲੀ ਗੱਲ।ਜਨ ਭਾਈ–ਹੇ ਭਾਈ ਜਨੋਂ!।ਦੁਬਿਧਾ–ਦੁਚਿੱਤਾਪਣ (ਮਨ ਦੀ ਡਾਵਾਂ ਡੋਲ ਹਾਲਤ)।ਮੰਨਿ–ਮਨ ਵਿਚ।ਅਮੋਲਕੁ–ਬੇਅੰਤ ਮੁੱਲ ਵਾਲਾ।੩। ਸਭ ਮਹਿ–ਸਾਰੇ ਜੀਵਾਂ ਵਿਚ।ਸੋਇ–ਉਹ ਹੀ।ਗੁਰਮਤੀ–ਗੁਰੂ ਦੀ ਸਿੱਖਿਆ ਦੁਆਰਾ।ਘਟਿ–ਹਿਰਦੇ ਵਿਚ।ਸਹਜੇ–ਆਤਮਕ ਗਿਆਨ ਦੀ ਕੁਦਰਤੀ ਅਵਸਥਾ ਦੁਆਰਾ।ਜਾਣਿ–ਸਮਝ ਕੇ।ਮਨੁ ਮਾਨਿਆ–ਮਨ ਮੰਨ (ਵਿਸ਼ਵਾਸ ਹੋ) ਜਾਂਦਾ ਹੈ।੪।੧।

ਧਨਾਸਰੀ ਮਹਲਾ ੩ ॥ ਹਰਿ ਨਾਮੁ ਧਨੁ ਨਿਰਮਲੁ ਅਤਿ ਅਪਾਰਾ ॥ ਗੁਰ ਕੈ ਸਬਦਿ ਭਰੇ ਭੰਡਾਰਾ ॥ ਨਾਮ ਧਨ ਬਿਨੁ ਹੋਰ ਸਭ ਬਿਖੁ ਜਾਣੁ ॥ ਮਾਇਆ ਮੋਹਿ ਜਲੈ ਅਭਿਮਾਨੁ ॥੧॥ ਗੁਰਮੁਖਿ ਹਰਿ ਰਸੁ ਚਾਖੈ ਕੋਇ ॥ ਤਿਸੁ ਸਦਾ ਅਨੰਦੁ ਹੋਵੈ ਦਿਨੁ ਰਾਤੀ, ਪੂਰੈ ਭਾਗਿ ਪਰਾਪਤਿ ਹੋਇ ॥ਰਹਾਉ॥ ਸਬਦੁ ਦੀਪਕੁ ਵਰਤੈ ਤਿਹੁ ਲੋਇ ॥ ਜੋ ਚਾਖੈ ਸੋ ਨਿਰਮਲੁ ਹੋਇ ॥ ਨਿਰਮਲ ਨਾਮਿ ਹਉਮੈ ਮਲੁ ਧੋਇ ॥ ਸਾਚੀ ਭਗਤਿ ਸਦਾ ਸੁਖੁ ਹੋਇ ॥੨॥ ਜਿਨਿ ਹਰਿ ਰਸੁ ਚਾਖਿਆ, ਸੋ ਹਰਿ ਜਨੁ ਲੋਗੁ ॥ ਤਿਸੁ ਸਦਾ ਹਰਖੁ ਨਾਹੀ ਕਦੇ ਸੋਗੁ ॥ ਆਪਿ ਮੁਕਤੁ ਅਵਰਾ ਮੁਕਤੁ ਕਰਾਵੈ ॥ ਹਰਿ ਨਾਮੁ ਜਪੈ ਹਰਿ ਤੇ ਸੁਖੁ ਪਾਵੈ ॥੩॥ ਬਿਨੁ ਸਤਿਗੁਰ ਸਭ ਮੁਈ ਬਿਲਲਾਇ ॥ ਅਨਦਿਨੁ ਦਾਝਹਿ ਸਾਤਿ ਨ ਪਾਇ ॥ ਸਤਿਗੁਰੁ ਮਿਲੈ ਸਭੁ ਤ੍ਰਿਸਨ ਬੁਝਾਏ ॥ ਨਾਨਕ ਨਾਮਿ ਸਾਂਤਿ ਸੁਖੁ ਪਾਏ ॥੪॥੨॥ (ਹੇ ਭਾਈ!) ਹਰੀ ਦਾ ਨਾਮ ਧਨ ਬਹੁਤ ਨਿਰਮਲ ਅਤੇ ਬਹੁਤ ਮਹਾਨ ਹੈ।ਗੁਰੂ ਦੇ ਸ਼ਬਦ ਵਿਚ ਜੁੜਨ ਵਾਲੇ (ਸਿੱਖਾਂ ਦੇ) ਹਿਰਦੇ ਰੂਪ ਭੰਡਾਰ (ਨਾਮ ਧਨ ਨਾਲ) ਭਰੇ ਪਏ ਹਨ।(ਹੇ ਭਾਈ!) ਨਾਮ ਧਨ ਦੇ ਬਿਨਾ ਹੋਰ (ਦੁਨਿਆਵੀ ਧਨ ਅਤੇ ਪਦਾਰਥ) ਸਭ ਬਿਖ ਰੂਪ ਸਮਝ।(ਨਾਮ ਧਨ ਤੋਂ ਹੀਣ ਮਨੁੱਖ) ਮਾਇਆ ਦੇ ਮੋਹ ਵਿਚ ਸੜਦਾ ਹੈ ਅਤੇ (ਉਸ ਨੂੰ ਮਾਇਆ ਦਾ) ਅਭਿਮਾਨ ਹੋ ਜਾਂਦਾ ਹੈ।੧।ਕੋਈ ਵਿਰਲਾ ਮਨੁੱਖ ਗੁਰੂ ਦੀ ਸਰਣ ਵਿਚ ਪੈ ਕੇ ਹਰੀ ਦਾ ਨਾਮ ਰਸ ਚਖਦਾ ਹੈ।(ਨਾਮ ਰਸ ਚੱਖਣ ਕਰਕੇ) ਉਸ ਨੂੰ ਦਿਨ ਰਾਤ ਸਦਾ ਅਨੰਦ ਪ੍ਰਾਪਤ ਹੁੰਦਾ ਹੈ, (ਪਰ ਇਹ ਅਨੰਦ) ਪੂਰੇ ਭਾਗਾਂ ਨਾਲ ਪ੍ਰਾਪਤ ਹੁੰਦਾ ਹੈ।ਰਹਾਉ।ਸ਼ਬਦ ਰੂਪ ਦੀਵਾ ਤਿੰਨਾਂ ਲੋਕਾਂ ਵਿਚ ਵਰਤ ਰਿਹਾ (ਨਾਮ ਦਾ ਪ੍ਰਕਾਸ਼ ਸਰਬ ਵਿਆਪਕ) ਹੈ।ਜੋ ਮਨੁੱਖ (ਨਾਮ ਰਸ) ਚੱਖਦਾ ਹੈ, ਉਹ ਪਵਿਤ੍ਰ ਹੁੰਦਾ ਹੈ।ਉਹ ਪਵਿਤ੍ਰ ਨਾਮ ਦੁਆਰਾ ਹਉਮੈ ਦੀ ਮੈਲ ਧੋ ਲੈਂਦਾ ਹੈ।ਸੱਚੀ ਭਗਤੀ ਦੁਆਰਾ (ਮਨੁੱਖ ਨੂੰ) ਸਦਾ ਸੁਖ ਪ੍ਰਾਪਤ ਹੁੰਦਾ ਹੈ।੨।ਜਿਸ ਨੇ ਹਰੀ ਦਾ ਨਾਮ ਰਸ ਚੱਖਿਆ ਹੈ, ਉਹ ਮਨੁੱਖ ਹਰੀ ਦਾ ਸੇਵਕ ਹੈ।ਉਸ ਨੂੰ ਸਦਾ ਖੁਸ਼ੀ ਬਣੀ ਰਹਿੰਦੀ ਹੈ, ਕਦੇ ਸੋਗ ਨਹੀਂ ਹੁੰਦਾ।ਉਹ ਆਪ ਮੁਕਤ ਹੋ ਜਾਂਦਾ ਹੈ ਅਤੇ ਹੋਰਨਾਂ ਨੂੰ ਵੀ ਮੁਕਤ ਕਰਾ ਲੈਂਦਾ ਹੈ।(ਕਿਉਂਕਿ ਉਹ) ਹਰੀ ਦਾ ਨਾਮ ਜਪਦਾ ਹੈ ਅਤੇ ਹਰੀ ਤੋਂ ਸੁਖ ਪ੍ਰਾਪਤ ਕਰਦਾ ਹੈ।੩।(ਹੇ ਭਾਈ!) ਸਤਿਗੁਰੂ ਤੋਂ ਬਿਨਾ ਸਾਰੀ ਦੁਨੀਆ ਵਿਰਲਾਪ ਕਰਦੀ ਮਰ ਗਈ ਹੈ।ਹਰ ਰੋਜ (ਲੋਕ ਤ੍ਰਿਸ਼ਨਾ ਦੀ ਅੱਗ ਵਿਚ) ਸੜਦੇ ਹਨ, (ਉਨ੍ਹਾਂ ਨੂੰ) ਸ਼ਾਂਤੀ ਪ੍ਰਾਪਤ ਨਹੀਂ ਹੁੰਦੀ।(ਜਿਸ ਮਨੁੱਖ ਨੂੰ) ਸਤਿਗੁਰੂ ਮਿਲ ਪੈਂਦਾ ਹੈ, (ਸਤਿਗੁਰੂ ਉਸ ਦੀ) ਸਾਰੀ ਤ੍ਰਿਸ਼ਨਾ ਬੁਝਾ ਦੇਂਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਉਹ ਮਨੁੱਖ) ਨਾਮ ਦੁਆਰਾ (ਮਾਨਸਿਕ) ਸ਼ਾਂਤੀ ਤੇ ਸੁਖ ਪਾ ਲੈਂਦਾ ਹੈ।੪।੨।

ਪਦਾਰਥ = ਨਿਰਮਲੁ–ਪਵਿਤ੍ਰ।ਅਤਿ–ਬਹੁਤ।ਅਪਾਰਾ–ਮਹਾਨ।ਸਬਦਿ–ਸ਼ਬਦ ਵਿਚ।ਭੰਡਾਰਾ–ਖਜਾਨੇ।ਬਿਖੁ–ਜਹਿਰ।ਜਾਣੁ–ਸਮਝ ।ਮੋਹਿ–ਮੋਹ ਵਿਚ।ਜਲੈ–ਸੜਦਾ ਹੈ।੧।ਗੁਰਮੁਖਿ–ਗੁਰੂ ਦੀ ਸ਼ਰਣ ਵਿਚ ਪੈ ਕੇ।ਰਸੁ–ਸੁਆਦ।ਤਿਸੁ–ਉਸ ਨੂੰ।ਭਾਗਿ–ਭਾਗਾਂ ਨਾਲ। ਰਹਾਉ।ਸ਼ਬਦੁ–ਨਾਮ।ਦੀਪਕੁ–ਦੀਵਾ; ਚਾਨਣ।ਵਰਤੈ–ਵਰਤ (ਫੈਲ) ਰਿਹਾ ਹੈ।ਤਿਹੁ ਲੋਇ–ਤਿੰਨਾਂ ਲੋਕਾਂ ਵਿਚ।ਸੋ–ਉਹ।ਨਾਮਿ– ਨਾਮ ਦੁਆਰਾ।ਮਲੁ–ਮੈਲ।੨।ਜਿਨਿ–ਜਿਸ ਨੇ।ਹਰਿ ਜਨੁ–ਹਰੀ ਦਾ ਸੇਵਕ।ਲੋਗੁ–ਮਨੁੱਖ।ਹਰਖੁ–ਖੁਸ਼ੀ।ਮੁਕਤੁ–ਜਨਮ ਮਰਨ ਤੋਂ ਅਜਾਦ।ਅਵਰਾ–ਹੋਰਨਾਂ ਨੂੰ।ਤੇ–ਤੋਂ।੩।ਸਭ–ਸਾਰੀ ਦੁਨੀਆਂ।ਮੁਈ–ਮਰ ਗਈ।ਬਿਲਲਾਇ–ਵਿਰਲਾਪ ਕਰਦੀ ਹੋਈ।ਅਨਦਿਨੁ– ਹਰ ਰੋਜ।ਦਾਝਹਿ–ਸੜਦੇ ਹਨ।ਸਾਤਿ–ਸ਼ਾਂਤੀ।ਬੁਝਾਏ–ਬੁਝਾ ਦੇਂਦਾ ਹੈ।ਨਾਮਿ–ਨਾਮ ਦੁਆਰਾ।੪।੨।

ਧਨਾਸਰੀ ਮਹਲਾ ੩ ॥ ਸਦਾ ਧਨੁ ਅੰਤਰਿ ਨਾਮੁ ਸਮਾਲੇ ॥ ਜੀਅ ਜੰਤ ਜਿਨਹਿ ਪ੍ਰਤਿਪਾਲੇ ॥ ਮੁਕਤਿ ਪਦਾਰਥੁ ਤਿਨ ਕਉ ਪਾਏ ॥ ਹਰਿ ਕੈ ਨਾਮਿ ਰਤੇ ਲਿਵ ਲਾਏ ॥੧॥ ਗੁਰ ਸੇਵਾ ਤੇ ਹਰਿ ਨਾਮੁ ਧਨੁ ਪਾਵੈ ॥ ਅੰਤਰਿ ਪਰਗਾਸੁ ਹਰਿ ਨਾਮੁ ਧਿਆਵੈ ॥ਰਹਾਉ॥ ਇਹੁ ਹਰਿ ਰੰਗੁ ਗੂੜਾ ਧਨ ਪਿਰ ਹੋਇ ॥ ਸਾਂਤਿ ਸੀਗਾਰੁ ਰਾਵੇ ਪ੍ਰਭੁ ਸੋਇ ॥ ਹਉਮੈ ਵਿਚਿ ਪ੍ਰਭੁ ਕੋਇ ਨ ਪਾਏ ॥ ਮੂਲਹੁ ਭੁਲਾ ਜਨਮੁ ਗਵਾਏ ॥੨॥ ਗੁਰ ਤੇ ਸਾਤਿ ਸਹਜ ਸੁਖੁ ਬਾਣੀ ॥ ਸੇਵਾ ਸਾਚੀ ਨਾਮਿ ਸਮਾਣੀ ॥ ਸਬਦਿ ਮਿਲੈ ਪ੍ਰੀਤਮੁ ਸਦਾ ਧਿਆਏ ॥ ਸਾਚ ਨਾਮਿ

ਵਡਿਆਈ ਪਾਏ ॥੩॥ ਆਪੇ ਕਰਤਾ ਜੁਗਿ ਜੁਗਿ ਸੋਇ ॥ ਨਦਰਿ ਕਰੇ ਮੇਲਾਵਾ ਹੋਇ ॥ ਗੁਰਬਾਣੀ ਤੇ ਹਰਿ ਮੰਨਿ ਵਸਾਏ ॥ ਨਾਨਕ ਸਾਚਿ ਰਤੇ ਪ੍ਰਭਿ ਆਪਿ ਮਿਲਾਏ ॥੪॥੩॥ (ਹੇ ਭਾਈ!) ਜਿਸ ਪ੍ਰਭੂ ਨੇ ਸਥੂਲ ਜੀਵਾਂ ਤੇ ਸੂਖਮ ਜੰਤਾਂ ਦੀ ਪਾਲਣਾ ਪੋਸਣਾ ਕੀਤੀ ਹੈ।(ਉਸ ਪ੍ਰਭੂ ਦੇ) ਨਾਮ ਧਨ ਨੂੰ ਮਨੁੱਖ ਅਪਣੇ ਮਨ ਦੇ ਅੰਦਰ ਸਦਾ ਸੰਭਾਲ ਕੇ ਰੱਖੇ।ਮੁਕਤੀ ਪਦਾਰਥ ਉਨ੍ਹਾਂ ਗੁਰਮੁਖਾਂ ਨੂੰ ਪ੍ਰਾਪਤ ਹੁੰਦਾ ਹੈ।(ਜਿਹੜੇ) ਲਿਵ ਲਾ ਕੇ ਹਰੀ ਦੇ ਨਾਮ ਵਿਚ ਰੰਗੇ ਹੋਏ ਹਨ।੧।(ਹੇ ਭਾਈ!) ਗੁਰੂ ਦੀ ਸੇਵਾ ਕਰਨ ਤੇ ਮਨੁੱਖ ਹਰੀ ਦਾ ਨਾਮ ਧਨ ਪ੍ਰਾਪਤ ਕਰ ਲੈਂਦਾ ਹੈ।(ਜਦੋਂ ਮਨੁੱਖ) ਹਰੀ ਦਾ ਨਾਮ ਸਿਮਰਦਾ ਹੈ, (ਤਾਂ ਉਸ ਦੇ ਹਿਰਦੇ) ਅੰਦਰ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ।ਰਹਾਉ।ਹਰੀ ਦਾ ਇਹ ਗੂੜ੍ਹਾ ਪ੍ਰੇਮ, ਪਤੀ ਪਤਨੀ (ਦੇ ਪ੍ਰੇਮ) ਵਰਗਾ ਹੁੰਦਾ ਹੈ (ਸ਼ਬਦਾਰਥ); ਹਰੀ ਪਤੀ ਦਾ ਇਹ ਗੂੜ੍ਹਾ ਅਨੰਦ ਉਸ ਇਸਤ੍ਰੀ ਨੂੰ ਪ੍ਰਾਪਤ ਹੁੰਦਾ ਹੈ (ਸੰ.ਸ.; ਫ.ਸ.।ਜਿਹੜੀ ਇਸਤ੍ਰੀ) ਸ਼ਾਂਤੀ ਵਾਲੇ ਗੁਣਾਂ ਦਾ ਸ਼ਿੰਗਾਰ ਕਰਦੀ ਹੈ, ਉਹ ਹੀ ਪ੍ਰਭੂ ਦੇ ਮੇਲ ਦਾ ਅਨੰਦ ਮਾਣਦੀ ਹੈ।ਹੰਕਾਰ ਵਿਚ ਰਹਿਣ ਵਾਲਾ ਕੋਈ ਮਨੁੱਖ ਪ੍ਰਭੂ ਨੂੰ ਨਹੀਂ ਪਾ ਸਕਦਾ।(ਅਜੇਹਾ ਮਨੁੱਖ) ਮੂਲੋਂ ਹੀ ਭੁੱਲਿਆ ਰਹਿੰਦਾ ਹੈ ਅਤੇ ਅਪਣਾ ਜਨਮ ਬਿਅਰਥ ਗਵਾ ਲੈਂਦਾ ਹੈ।੨।ਗੁਰੂ ਤੋਂ ਸ਼ਾਂਤੀ, ਸਹਿਜ ਅਵਸਥਾ ਦਾ ਸੁਖ ਅਤੇ ਬਾਣੀ (ਉਪਦੇਸ਼) ਪ੍ਰਾਪਤ ਹੁੰਦਾ ਹੈ; ਗੁਰੂ ਤੋਂ ਪ੍ਰਾਪਤ ਹੋਈ ਬਾਣੀ ਦੀ ਬਰਕਤ ਨਾਲ ਸ਼ਾਂਤੀ ਤੇ ਸਹਿਜ ਸੁਖ ਮਿਲਦਾ ਹੈ।ਸੱਚੀ ਸੇਵਾ ਕਰਨ ਨਾਲ ਹਰੀ ਦੇ ਨਾਮ ਵਿਚ ਸਮਾਈ ਹੋ ਜਾਂਦੀ ਹੈ।(ਜੋ ਮਨੁੱਖ ਗੁਰੂ ਦੇ) ਸ਼ਬਦ ਨਾਲ ਮਿਲਦਾ ਹੈ, ਉਹ ਸਦਾ ਪਿਆਰੇ ਪ੍ਰਭੂ ਨੂੰ ਸਿਮਰਦਾ ਹੈ ਉਹ ਸੱਚੇ ਨਾਮ ਵਿਚ ਜੁੜ ਕੇ ਵਡਿਆਈ ਪਾ ਪੈਂਦਾ ਹੈ।੩।(ਹੇ ਭਾਈ!) ਉਹ ਪ੍ਰਭੂ ਆਪ ਹੀ ਹਰੇਕ ਜੁਗ ਵਿਚ (ਸਭ ਜੀਵਾਂ ਦਾ) ਰਚਨਹਾਰ ਹੈ; ਹਰੇਕ ਜੁਗ ਵਿਚ ਉਹ ਇਕ ਹੀ ਕਰਤਾਰ ਹੈ (ਹੋਰ ਕੋਈ ਨਹੀਂ।ਜੇ ਉਹ) ਮੇਹਰ ਦੀ ਨਜਰ ਕਰੇ ਤਾਂ (ਉਸ ਨਾਲ) ਮਿਲਾਪ ਹੁੰਦਾ ਹੈ।ਗੁਰਬਾਣੀ ਦੀ ਬਰਕਤ ਨਾਲ (ਮਨੁੱਖ) ਹਰੀ ਨੂੰ ਮਨ ਵਿਚ ਵਸਾ ਲੈਂਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਹੜੇ ਮਨੁੱਖ) ਸੱਚੇ ਨਾਮ ਵਿਚ ਰੰਗੇ ਹੋਏ ਹਨ, (ਉਹ) ਪ੍ਰਭੂ ਨੇ ਆਪ ਅਪਣੇ ਨਾਲ ਮਿਲਾ ਲਏ ਹਨ।੪।੩।

ਪਦਾਰਥ = ਅੰਤਰਿ–ਮਨ ਦੇ ਅੰਦਰ।ਸਮਾਲੇ–ਸੰਭਾਲ ਕੇ ਰੱਖੇ।ਜੀਅ ਜੰਤ–ਸਥੂਲ ਜੀਵ ਤੇ ਸੂਖਮ ਜੀਵ; ਜੀਵ ਤੇ ਪਸ਼ੂ।ਜਿਨਹਿ–ਜਿਸ ਨੇ।ਪ੍ਰਤਿਪਾਲੇ–ਪਾਲਣਾ ਕੀਤੀ ਹੈ।ਤਿਨ ਕਉ–ਉਨ੍ਹਾਂ ਨੂੰ।ਪਾਏ–ਪ੍ਰਾਪਤ ਹੁੰਦਾ ਹੈ।ਨਾਮਿ–ਨਾਮ ਵਿਚ।ਰਤੇ–ਰੰਗੇ ਹੋਏ ਹਨ।ਲਿਵ ਲਾਏ–ਬਿਰਤੀ ਜੋੜ ਕੇ।੧।ਤੇ–ਤੋਂ; ਨਾਲ।ਪਰਗਾਸੁ–ਗਿਆਨ ਦਾ ਚਾਨਣ।ਰਹਾਉ।ਰੰਗੁ–ਪ੍ਰੇਮ ਦਾ ਰੰਗ।ਧਨ–ਇਸਤ੍ਰੀ।ਪਿਰ–ਪਤੀ।ਸਾਂਤਿ ਸੀਗਾਰੁ–ਸ਼ਾਂਤੀ ਆਦਿ ਗੁਣਾਂ ਦਾ ਸ਼ਿੰਗਾਰ।ਰਾਵੇ–ਭੋਗਦੀ (ਮੇਲ ਦਾ ਅਨੰਦ ਮਾਣਦੀ) ਹੈ।ਸੋਇ–ਉਹ ਹੀ।ਮੂਲਹੁ–ਮੁੱਢ ਤੋਂ।੨।ਸਹਜ ਸੁਖ–ਸਹਿਜ ਅਵਸਥਾ ਦਾ ਸੁਖ।ਨਾਮਿ ਸਮਾਣੀ–ਨਾਮ ਵਿਚ ਲੀਨਤਾ ਹੁੰਦੀ ਹੈ।ਨਾਮਿ–ਨਾਮ ਵਿਚ ਜੁੜ ਕੇ।੩।ਕਰਤਾ–ਰਚਨਹਾਰ।ਜੁਗਿ ਜੁਗਿ–ਹਰੇਕ ਜੁਗ ਵਿਚ।ਨਦਰਿ–ਮੇਹਰ ਦੀ ਨਜਰ।ਮੇਲਾਵਾ–ਮਿਲਾਪ।ਮੰਨਿ–ਮਨ ਵਿਚ।ਪ੍ਰਭਿ–ਪ੍ਰਭੂ ਨੇ।੪।੩।

ਧਨਾਸਰੀ ਮਹਲਾ ੩ ਤੀਜਾ ॥ ਜਗੁ ਮੈਲਾ ਮੈਲੋ ਹੋਇ ਜਾਇ ॥ ਆਵੈ ਜਾਇ ਦੂਜੈ ਲੋਭਾਇ ॥ ਦੂਜੈ ਭਾਇ ਸਭ ਪਰਜ ਵਿਗੋਈ ॥ ਮਨਮੁਖਿ ਚੋਟਾ ਖਾਇ ਅਪੁਨੀ ਪਤਿ ਖੋਈ ॥੧॥ ਗੁਰ ਸੇਵਾ ਤੇ ਜਨੁ ਨਿਰਮਲੁ ਹੋਇ ॥ ਅੰਤਰਿ ਨਾਮੁ ਵਸੈ, ਪਤਿ ਊਤਮ ਹੋਇ ॥ਰਹਾਉ॥ ਗੁਰਮੁਖਿ ਉਬਰੇ ਹਰਿ ਸਰਣਾਈ ॥ ਰਾਮ ਨਾਮਿ ਰਾਤੇ ਭਗਤਿ ਦ੍ਰਿੜਾਈ ॥ ਭਗਤਿ ਕਰੇ ਜਨੁ ਵਡਿਆਈ ਪਾਏ ॥ ਸਾਚਿ ਰਤੇ ਸੁਖ ਸਹਜਿ ਸਮਾਏ ॥੨॥ ਸਾਚੇ ਕਾ ਗਾਹਕੁ ਵਿਰਲਾ ਕੋ ਜਾਣੁ ॥ ਗੁਰ ਕੈ ਸਬਦਿ ਆਪੁ ਪਛਾਣੁ ॥ ਸਾਚੀ ਰਾਸਿ ਸਾਚਾ ਵਾਪਾਰੁ ॥ ਸੋ ਧੰਨੁ ਪੁਰਖੁ ਜਿਸੁ ਨਾਮਿ ਪਿਆਰੁ ॥੩॥ (ਹੇ ਭਾਈ!) ਜਗਤ ਮੈਲਾ ਹੈ, (ਇਸ ਨਾਲ ਰਚਿਆ ਮਨੁੱਖ) ਮੈਲਾ ਹੀ ਹੋ ਜਾਂਦਾ ਹੈ।(ਪ੍ਰਭੂ ਨੂੰ ਛਡ ਕੇ) ਦੂਜੇ ਪਾਸੇ ਲਗ ਕੇ ਅਤੇ ਲੋਭ ਵਿਚ ਫਸ ਕੇ ਮਨੁੱਖ ਆਉਂਦਾ ਜਾਂਦਾ (ਜੰਮਦਾ ਮਰਦਾ) ਰਹਿੰਦਾ ਹੈ।ਦ੍ਵੈਤ ਭਾਵ ਵਿਚ ਲਗ ਕੇ ਸਾਰੀ ਪਰਜਾ ਖੁਆਰ ਹੋ ਰਹੀ ਹੈ।ਮਨਮੁਖ ਨੇ (ਮਾਇਆ ਦੇ ਮੋਹ ਦੀਆਂ) ਚੋਟਾਂ ਖਾ ਕੇ ਅਪਣੀ ਇੱਜਤ ਗਵਾ ਲਈ ਹੈ।੧।ਗੁਰੂ ਦੀ ਸੇਵਾ ਕਰਨ ਤੇ ਮਨੁੱਖ (ਦਾ ਮਨ) ਨਿਰਮਲ ਹੁੰਦਾ ਹੈ।(ਜਦੋਂ) ਹਿਰਦੇ ਅੰਦਰ ਹਰੀ ਦਾ ਨਾਮ ਵਸਦਾ ਹੈ ਤਾਂ (ਮਨੁੱਖ ਦੀ) ਇੱਜਤ ਵੀ ਚੰਗੀ ਹੁੰਦੀ ਹੈ।ਰਹਾਉ।ਗੁਰਮੁਖ ਹਰੀ ਦੀ ਸ਼ਰਣ ਵਿਚ ਪੈ ਕੇ (ਮੈਲਾ ਹੋਣ ਜਾਂ ਦੁਐਤ ਭਾਵ ਵਿਚ ਫਸਣ ਤੋਂ) ਬਚ ਗਏ ਹਨ।(ਉਹ) ਵਿਆਪਕ ਪ੍ਰਭੂ ਦੇ ਨਾਮ ਵਿਚ ਰੰਗੇ ਹੋਏ (ਅਪਣੇ ਹਿਰਦੇ ਵਿਚ ਪ੍ਰਭੂ ਦੀ) ਭਗਤੀ ਪੱਕੀ ਕਰਕੇ ਟਿਕਾਈ ਰਖਦੇ ਹਨ।(ਜਿਹੜਾ ਗੁਰਮੁਖ) ਜਨ ਭਗਤੀ ਕਰਦਾ ਹੈ, (ਉਹ ਲੋਕ ਪ੍ਰਲੋਕ ਵਿਚ) ਵਡਿਆਈ ਪਾਉਂਦਾ ਹੈ।(ਜੋ ਮਨੁੱਖ) ਸੱਚੇ ਪ੍ਰਭੂ ਦੇ ਪ੍ਰੇਮ ਰੰਗ ਵਿਚ ਵਿਚ ਰੰਗੇ ਹੋਏ ਹਨ, ਉਹ ਸਹਿਜ ਸੁਖ ਵਿਚ ਸਮਾਏ ਰਹਿੰਦੇ ਹਨ।੨।(ਹੇ ਭਾਈ!) ਕੋਈ ਵਿਰਲਾ ਮਨੁੱਖ ਹੀ ਸੱਚੇ ਪ੍ਰਭੂ ਦੇ ਨਾਮ ਦਾ ਗਾਹਕ ਜਾਣੋ।(ਹੇ ਭਾਈ!) ਗੁਰੂ ਦੇ ਸ਼ਬਦ ਦੁਆਰਾ ਅਪਣੇ ਆਪ (ਅਪਣੀ ਅਸਲੀਅਤ) ਨੂੰ ਪਛਾਣੋ।(ਹੇ ਭਾਈ! ਹਰੀ ਦਾ ਨਾਮ ਧਨ) ਸੱਚੀ ਪੂੰਜੀ ਹੈ ਅਤੇ ਇਸ ਦਾ ਵਪਾਰ ਵੀ ਸੱਚਾ ਹੈ।ਉਹ ਪੁਰਖ ਧੰਨ ਹੈ, ਜਿਸ ਨੂੰ ਹਰੀ ਦੇ ਨਾਮ ਨਾਲ ਪਿਆਰ ਹੈ।੩।

ਅੰਗ ੬੬੫ = ਤਿਨਿ ਪ੍ਰਭਿ ਸਾਚੈ ਇਕਿ ਸਚਿ ਲਾਏ ॥ ਊਤਮ ਬਾਣੀ ਸਬਦੁ ਸੁਣਾਏ ॥ ਪ੍ਰਭ ਸਾਚੇ ਕੀ ਸਾਚੀ ਕਾਰ ॥ ਨਾਨਕ ਨਾਮਿ ਸਵਾਰਣਹਾਰ ॥੪॥੪॥ (ਹੇ ਭਾਈ!) ਉਸ ਸੱਚੇ ਪ੍ਰਭੂ ਨੇ ਕਈ ਪੁਰਖਾਂ ਨੂੰ ਸੱਚਾ ਨਾਮ ਜਪਣ ਵਿਚ ਲਾਇਆ ਹੋਇਆ ਹੈ।(ਅੱਗੋਂ ਉਹ ਪੁਰਖ ਹੋਰਨਾਂ ਨੂੰ) ਉਤਮ ਬਾਣੀ ਦਾ ਉਪਦੇਸ਼ ਸੁਣਾਉਂਦੇ ਹਨ।ਸੱਚੇ ਪ੍ਰਭੂ ਦੀ ਕਾਰ ਸੇਵਾ ਸੱਚੀ (ਸਫਲ) ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਪ੍ਰਭੂ ਅਪਣੇ ਨਾਮ ਵਿਚ ਜੋੜ ਕੇ ਮਨੁੱਖ (ਦੇ ਜੀਵਨ) ਨੂੰ ਸਵਾਰਨ ਵਾਲਾ ਹੈ।੪।੪।

ਤੀਜਾ = ਮਹੱਲਾ ਦੇ ਨਾਲ ਜੋ ੧, ੨ ਤੇ ੩ ਆਦਿ ਅੰਕ ਲਿਖੇ ਹੁੰਦੇ ਹਨ, ਉਨ੍ਹਾਂ ਦਾ ਉਚਾਰਣ ਪਹਿਲਾ, ਦੂਜਾ ਤੇ ਤੀਜਾ ਹੈ (ਇਕ, ਦੋ ਜਾਂ ਤਿੰਨ ਨਹੀਂ)। ਜੇ ਮਹੱਲਾ ਦੀ ਥਾਂ ਮਹਿਲਾ ਉਚਾਰਣ ਕਰੀਏ ਤਾਂ ਪਹਿਲਾ, ਦੂਜਾ ਤੇ ਤੀਜਾ ਦੀ ਥਾਂ ਪਹਿਲੀ, ਦੂਜੀ ਤੇ ਤੀਜੀ ਲਿਖਿਆ ਹੋਣਾ ਸੀ, ਕਿਉਂਕਿ ਮਹਿਲਾ ਦਾ ਅਰਥ ਇਸਤ੍ਰੀ ਹੈ। ਮਹੱਲਾ ਨੂੰ ਮਹਿਲਾ ਉਚਾਰਣ ਕਰਨ ਵਾਲਿਆਂ ਦਾ ਕਥਨ ਹੈ ਕਿ ਗੁਰੂ ਸਾਹਿਬਾਨਾਂ ਨੇ ਅਪਣੇ ਆਪ ਨੂੰ ਇਸਤ੍ਰੀ ਰੂਪ ਮੰਨ ਕੇ ਬਾਣੀ ਦੀ ਰਚਨਾ ਕੀਤੀ ਹੈ, ਪਰ ਅਸਲੀ ਉਚਾਰਣ ਮਹੱਲਾ ਹੀ ਹੈ।

ਪਦਾਰਥ = ਜਗੁ–ਜਗਤ। ਮੈਲੋ–ਮੈਲਾ ਹੀ। ਹੋਇ ਜਾਇ–ਹੁੰਦਾ ਜਾਂਦਾ ਹੈ। ਆਵੈ ਜਾਇ–ਆਉਂਦਾ ਜਾਂਦਾ (ਜੰਮਦਾ ਮਰਦਾ) ਹੈ। ਦੂਜੈ–ਰੱਬ ਤੋਂ ਬਿਨਾ ਦੂਜੇ ਪਾਸੇ ਲਗ ਕੇ। ਲੋਭਾਇ–ਲੋਭ ਵਿਚ ਫਸ ਕੇ। ਦੂਜੈ ਭਾਇ–ਦੁਐਤ ਭਾਵ ਵਿਚ ਲਗ ਕੇ। ਪਰਜ–ਪਰਜਾ; ਦੁਨੀਆਂ। ਵਿਗੋਈ–ਖੁਆਰ ਹੋ ਰਹੀ ਹੈ। ਪਤਿ–ਇੱਜਤ।੧। ਤੇ–ਤੋਂ; ਨਾਲ। ਜਨੁ–ਮਨੁੱਖ; ਸੇਵਕ। ਨਿਰਮਲੁ–ਪਵਿਤ੍ਰ। ਅੰਤਰਿ–ਹਿਰਦੇ ਅੰਦਰ। ਪਤਿ–ਇੱਜਤ। ਰਹਾਉ। ਉਬਰੇ–ਬਚ ਗਏ। ਰਾਤੇ–ਰੰਗੇ ਹੋਏ ਹਨ। ਰਤੇ–ਰੰਗੇ ਹੋਏ। ਦ੍ਰਿੜਾਈ–ਪੱਕੀ ਕਰਕੇ ਟਿਕਾਈ ਰਖਦੇ ਹਨ। ਸੁਖ ਸਹਜਿ–ਸਹਿਜ ਅਵਸਥਾ ਦਾ ਸੁਖ; ਕੁਦਰਤੀ ਸੁਖ। ਸਮਾਏ–ਲੀਨ ਰਹਿੰਦੇ ਹਨ।੨। ਗਾਹਕੁ–ਖ੍ਰੀਦਣ ਵਾਲਾ। ਕੋ–ਕੋਈ। ਆਪੁ ਪਛਾਣੁ–ਅਪਣੇ ਆਪ ਨੂੰ ਪਛਾਣੋ। ਰਾਸਿ–ਪੂੰਜੀ। ਵਾਪਾਰੁ–ਲੈਣ ਦੇਣ (ਚੀਜਾਂ ਖ੍ਰੀਦ ਕੇ ਵੇਚਣਾ ਭਾਵ ਆਪ ਜਪਣਾ ਤੇ ਹੋਰਨਾਂ ਨੂੰ ਜਪਾਉਣਾ)। ਸੋ–ਉਹ। ਨਾਮਿ–ਨਾਮ ਨਾਲ।੩। ਤਿਨਿ ਪ੍ਰਭਿ ਸਾਚੈ–ਉਸ ਸੱਚੇ ਪ੍ਰਭੂ ਨੇ। ਇਕਿ–ਕਈ ਪੁਰਖਾਂ ਨੂੰ। ਸਚਿ–ਸੱਚੇ ਨਾਮ ਵਿਚ। ਕਾਰ–ਸੇਵਾ। ਨਾਮਿ–ਨਾਮ ਵਿਚ ਜੋੜ ਕੇ। ਸਵਾਰਣਹਾਰ–(ਮਨੁੱਖ ਦੇ ਜੀਵਨ ਨੂੰ) ਸਵਾਰਨ ਵਾਲਾ ਹੈ।੪।੪।

ਧਨਾਸਰੀ ਮਹਲਾ ੩ ॥ ਜੋ ਹਰਿ ਸੇਵਹਿ ਤਿਨ ਬਲਿ ਜਾਉ ॥ ਤਿਨ ਹਿਰਦੈ ਸਾਚੁ ਸਚਾ ਮੁਖਿ ਨਾਉ ॥ ਸਾਚੋ ਸਾਚੁ ਸਮਾਲਿਹੁ ਦੁਖੁ ਜਾਇ ॥ ਸਾਚੈ ਸਬਦਿ ਵਸੈ ਮਨਿ ਆਇ ॥੧॥ ਗੁਰਬਾਣੀ ਸੁਣਿ ਮੈਲੁ ਗਵਾਏ ॥ ਸਹਜੇ ਹਰਿ ਨਾਮੁ ਮੰਨਿ ਵਸਾਏ ॥੧॥ਰਹਾਉ॥ ਕੂੜੁ ਕੁਸਤੁ ਤ੍ਰਿਸਨਾ ਅਗਨਿ ਬੁਝਾਏ ॥ ਅੰਤਰਿ ਸਾਂਤਿ ਸਹਜਿ ਸੁਖੁ ਪਾਏ ॥ ਗੁਰ ਕੈ ਭਾਣੈ ਚਲੈ ਤਾ ਆਪੁ ਜਾਇ ॥ ਸਾਚੁ ਮਹਲੁ ਪਾਏ ਹਰਿ ਗੁਣ ਗਾਏ ॥੨॥ ਨ ਸਬਦੁ ਬੂਝੈ ਨ ਜਾਣੈ ਬਾਣੀ ॥ ਮਨਮੁਖਿ ਅੰਧੇ ਦੁਖਿ ਵਿਹਾਣੀ ॥ ਸਤਿਗੁਰੁ ਭੇਟੇ ਤਾ ਸੁਖੁ ਪਾਏ ॥ ਹਉਮੈ ਵਿਚਹੁ ਠਾਕਿ ਰਹਾਏ ॥੩॥ ਕਿਸਨੋ ਕਹੀਐ ਦਾਤਾ ਇਕੁ ਸੋਇ ॥ ਕਿਰਪਾ ਕਰੇ ਸਬਦਿ ਮਿਲਾਵਾ ਹੋਇ ॥ ਮਿਲਿ ਪ੍ਰੀਤਮ ਸਾਚੇ ਗੁਣ ਗਾਵਾ ॥ ਨਾਨਕ ਸਾਚੇ ਸਾਚਾ ਭਾਵਾ ॥੪॥੫॥ (ਹੇ ਭਾਈ!) ਜੋ ਮਨੁੱਖ ਹਰੀ ਦੀ ਸੇਵਾ ਭਗਤੀ ਕਰਦੇ ਹਨ, ਮੈਂ ਉਨ੍ਹਾਂ ਤੋਂ ਬਲਿਹਾਰ ਜਾਂਦਾ ਹਾਂ। ਉਨ੍ਹਾਂ ਦੇ ਹਿਰਦੇ ਵਿਚ ਸੱਚਾ ਪ੍ਰਭੂ ਵਸਦਾ ਹੈ ਅਤੇ ਮੂੰਹ ਵਿਚ ਵੀ ਸੱਚੇ ਨਾਉਂ ਦਾ ਜਾਪ ਹੁੰਦਾ ਹੈ। (ਹੇ ਭਾਈ!) ਨਿਰੋਲ ਸੱਚ ਸਰੂਪ ਪ੍ਰਭੂ ਨੂੰ ਯਾਦ ਕਰਿਆ ਕਰੋ, (ਇਸ ਨਾਲ ਹਰ ਪ੍ਰਕਾਰ ਦਾ) ਦੁਖ ਦੂਰ ਹੋ ਜਾਂਦਾ ਹੈ। ਸੱਚੇ ਗੁਰੂ ਦੇ ਸ਼ਬਦ ਵਿਚ ਜੁੜਨ ਨਾਲ ਪ੍ਰਭੂ ਮਨ ਵਿਚ ਆ ਵਸਦਾ ਹੈ।੧। (ਹੇ ਭਾਈ! ਜਦ ਮਨੁੱਖ) ਗੁਰੂ ਦੀ ਬਾਣੀ ਸੁਣ ਕੇ (ਅਪਣੇ ਮਨ ਵਿਚੋਂ) ਮੈਲ ਗਵਾ ਲੈਂਦਾ ਹੈ। ਤਾਂ ਸੁਤੇ ਸਿਧ ਹੀ (ਉਹ) ਹਰੀ ਦਾ ਨਾਮ ਮਨ ਵਿਚ ਵਸਾ ਲੈਂਦਾ ਹੈ।੧। ਰਹਾਉ। (ਹੇ ਭਾਈ! ਗੁਰਬਾਣੀ ਮਨ ਵਿਚੋਂ) ਝੂਠ ਤੇ ਫਰੇਬ ਮੁਕਾ ਦੇਂਦੀ ਹੈ ਤੇ ਤ੍ਰਿਸ਼ਨਾ ਦੀ ਅੱਗ ਬੁਝਾ ਦੇਂਦੀ ਹੈ। (ਗੁਰਬਾਣੀ ਪੜ੍ਹਨ ਨਾਲ) ਮਨ ਦੇ ਅੰਦਰ ਸ਼ਾਂਤੀ ਪੈਦਾ ਹੁੰਦੀ ਹੈ ਅਤੇ ਸਹਿਜ ਸੁਖ ਦੀ ਪ੍ਰਾਪਤੀ ਹੁੰਦੀ ਹੈ। (ਜਦੋਂ ਮਨੁੱਖ) ਗੁਰੂ ਦੇ ਭਾਣੇ ਵਿਚ ਚਲਦਾ (ਜੀਵਨ ਬਤੀਤ ਕਰਦਾ) ਹੈ ਤਾਂ (ਉਸ ਦੇ ਮਨ ਵਿਚੋਂ) ਆਪਾ ਭਾਵ ਦੂਰ ਹੋ ਜਾਂਦਾ ਹੈ। (ਫਿਰ ਉਹ) ਹਰੀ ਦੇ ਗੁਣ ਗਾ ਗਾ ਕੇ ਪ੍ਰਭੂ ਦਾ ਸੱਚਾ ਮਹਿਲ ਪ੍ਰਾਪਤ ਕਰ ਲੈਂਦਾ ਹੈ।੨। (ਜਿਹੜਾ ਮਨੁੱਖ) ਨਾ ਸ਼ਬਦ ਨੂੰ ਸਮਝਦਾ ਹੈ ਤੇ ਨਾ ਗੁਰੂ ਦੀ ਬਾਣੀ ਜਾਣਦਾ ਹੈ। (ਉਸ) ਮਨਮੁਖ ਅੰਨ੍ਹੇ ਦੀ ਉਮਰ ਦੁਖ ਵਿਚ ਬੀਤਦੀ ਹੈ। (ਪਰ ਜੇ ਉਹ) ਸਤਿਗੁਰੂ ਨੂੰ ਮਿਲ ਪਵੇ ਅਤੇ ਮਨ ਵਿਚੋਂ ਹਉਮੈ ਨੂੰ ਰੋਕ ਕੇ ਰੱਖੇ ਤਾਂ (ਮਨਮੁਖ) ਸੁਖ ਪ੍ਰਾਪਤ ਕਰ ਸਕਦਾ ਹੈ।੩। (ਹੇ ਭਾਈ!) ਉਹ ਪ੍ਰਭੂ ਇਕੋ ਹੀ ਦਾਤਾ ਹੈ, (ਉਸ ਤੋਂ ਬਿਨਾ ਹੋਰ) ਕਿਸ ਨੂੰ ਕਹੀਏ (ਕਿਸ ਅੱਗੇ ਅਰਦਾਸ ਕਰੀਏ?। ਜੇ ਪ੍ਰਭੂ) ਕ੍ਰਿਪਾ ਕਰੇ ਤਾਂ ਸ਼ਬਦ ਦੁਆਰਾ (ਉਸ ਨਾਲ) ਮਿਲਾਪ ਹੁੰਦਾ ਹੈ। (ਮੈਂ ਗੁਰੂ) ਪ੍ਰੀਤਮ ਨਾਲ ਮਿਲ ਕੇ (ਪ੍ਰਭੂ ਦੇ) ਗੁਣ ਗਾਉਂਦਾ ਹਾਂ। ਨਾਨਕ ਗੁਰੂ ਜੀ ਆਖਦੇ ਹਨ ਕਿ ਸੱਚੇ ਪ੍ਰਭੂ ਨੂੰ ਮੈਂ ਸੱਚਾ ਬਣ ਕੇ ਹੀ ਚੰਗਾ ਲਗ ਸਕਦਾ ਹਾਂ।੪।੫।

ਪਦਾਰਥ = ਸੇਵਹਿ–ਸੇਵਾ ਭਗਤੀ ਕਰਦੇ ਹਨ। ਤਿਨ–ਉਨ੍ਹਾਂ ਤੋਂ। ਬਲਿ ਜਾਉ–ਮੈਂ ਬਲਹਾਰ ਜਾਂਦਾ ਹਾਂ। ਹਿਰਦੈ–ਹਿਰਦੇ ਵਿਚ। ਸਾਚੁ–ਸੱਚਾ ਪ੍ਰਭੂ। ਮੁਖਿ–ਮੂੰਹ ਵਿਚ। ਸਾਚੋ ਸਾਚੁ–ਨਿਰੋਲ ਸੱਚ ਸਰੂਪ ਪ੍ਰਭੂ। ਸਮਾਲਿਹੁ–ਯਾਦ ਕਰਿਆ ਕਰੋ। ਸਾਚੈ ਸਬਦਿ–ਸੱਚੇ ਗੁਰੂ ਦੇ ਸ਼ਬਦ ਵਿਚ ਜੁੜਨ ਨਾਲ।੧। ਸੁਣਿ–ਸੁਣ ਕੇ। ਗਵਾਏ–ਗਵਾ ਲੈਂਦਾ ਹੈ। ਸਹਜੇ–ਸੁਭਾਵਕ ਹੀ। ਮੰਨਿ–ਮਨ ਵਿਚ।੧। ਰਹਾਉ। ਕੂੜੁ ਕੁਸਤੁ–ਝੂਠ ਤੇ ਫਰੇਬ; ਮੰਦ ਭਾਵਨਾ। ਬੁਝਾਏ–ਬੁਝਾ ਦੇਂਦੀ ਹੈ। ਸਹਜਿ ਸੁਖ–ਕੁਦਰਤੀ ਸੁਖ। ਪਾਏ–ਪ੍ਰਾਪਤ ਹੁੰਦਾ ਹੈ। ਭਾਣੈ–ਰਜ਼ਾ ਵਿਚ। ਤਾ–ਤਾਂ। ਆਪੁ–ਆਪਾ ਭਾਵ (ਹੰਕਾਰ)। ਸਾਚੁ ਮਹਲੁ–ਸੱਚਾ ਅਸਥਾਨ।੨। ਬੂਝੈ–ਸਮਝਦਾ ਹੈ। ਅੰਧੇ–ਅੰਨ੍ਹੇ (ਅਗਿਆਨੀ)। ਵਿਹਾਣੀ–ਬੀਤਦੀ ਹੈ। ਭੇਟੇ–ਮਿਲ ਪਵੇ। ਵਿਚਹੁ–ਮਨ ਵਿਚੋਂ। ਠਾਕਿ ਰਹਾਏ–ਰੋਕ ਕੇ ਰੱਖੇ।੩। ਇਕੁ–ਇਕ ਪ੍ਰਭੂ। ਮਿਲਾਵਾ–ਮਿਲਾਪ। ਪ੍ਰੀਤਮ–ਆਤਮਾ ਨੂੰ ਪਿਆਰਾ ਲਗਣ ਵਾਲਾ। ਸਾਚੇ–ਸੱਚੇ ਪ੍ਰਭੂ ਨੂੰ। ਸਾਚਾ–ਸੱਚਾ ਬਣ ਕੇ। ਭਾਵਾ–ਚੰਗਾ ਲਗ ਸਕਦਾ ਹਾਂ।੪।੫।

ਧਨਾਸਰੀ ਮਹਲਾ ੩ ॥ ਮਨੁ ਮਰੈ ਧਾਤੁ ਮਰਿ ਜਾਇ ॥ ਬਿਨੁ ਮਨ ਮੂਏ ਕੈਸੇ ਹਰਿ ਪਾਏ ॥ ਇਹੁ ਮਨੁ ਮਰੈ ਦਾਰੂ ਜਾਣੈ ਕੋਇ ॥ ਮਨੁ ਸਬਦਿ ਮਰੈ ਬੂਝੈ ਜਨੁ ਸੋਇ ॥੧॥ ਜਿਸ ਨੋ ਬਖਸੇ ਹਰਿ ਦੇ ਵਡਿਆਈ ॥ ਗੁਰ ਪਰਸਾਦਿ ਵਸੈ ਮਨਿ ਆਈ ॥ਰਹਾਉ॥ ਗੁਰਮੁਖਿ

ਕਰਣੀ ਕਾਰ ਕਮਾਵੈ ॥ ਤਾ ਇਸੁ ਮਨ ਕੀ ਸੋਝੀ ਪਾਵੈ ॥ ਮਨੁ ਮੈ ਮਤੁ ਮੈਗਲ ਮਿਕਦਾਰਾ ॥ ਗੁਰੁ ਅੰਕਸੁ ਮਾਰਿ ਜੀਵਾਲਣਹਾਰਾ ॥੨॥ ਮਨੁ ਅਸਾਧੁ ਸਾਧੈ ਜਨੁ ਕੋਈ ॥ ਅਚਰੁ ਚਰੈ ਤਾ ਨਿਰਮਲੁ ਹੋਈ ॥ ਗੁਰਮੁਖਿ ਇਹੁ ਮਨੁ ਲਇਆ ਸਵਾਰਿ ॥ ਹਉਮੈ ਵਿਚਹੁ ਤਜੈ ਵਿਕਾਰ ॥੩॥ ਜੋ ਧੁਰਿ ਰਖਿਅਨੁ ਮੇਲਿ ਮਿਲਾਇ ॥ ਕਦੇ ਨ ਵਿਛੁੜਹਿ ਸਬਦਿ ਸਮਾਇ ॥ ਆਪਣੀ ਕਲਾ ਆਪੇ ਪ੍ਰਭੁ ਜਾਣੈ ॥ ਨਾਨਕ ਗੁਰਮੁਖਿ ਨਾਮੁ ਪਛਾਣੈ ॥੪॥੬॥ (ਹੇ ਭਾਈ! ਜੇ) ਮਨ ਮਰ (ਕਾਬੂ ਆ) ਜਾਵੇ ਤਾਂ ਮਨ ਦੀ ਦੌੜ ਭੱਜ ਮੁੱਕ ਜਾਂਦੀ ਹੈ। ਮਨ ਦੇ ਮਰੇ (ਕਾਬੂ ਹੋਏ) ਬਿਨਾ ਹਰੀ ਨੂੰ (ਮਨੁੱਖ) ਕਿਵੇਂ ਪ੍ਰਾਪਤ ਕਰ ਸਕਦਾ ਹੈ? ਕੋਈ ਵਿਰਲਾ ਮਨੁੱਖ ਉਹ ਦਵਾਈ ਜਾਣਦਾ ਹੈ, ਜਿਸ ਨਾਲ ਇਹ ਮਨ ਮਰਦਾ ਹੈ। ਮਨ ਸ਼ਬਦ ਰਾਹੀਂ ਮਰਦਾ ਹੈ, (ਪਰ ਇਹ ਗੱਲ) ਉਹ ਮਨੁੱਖ ਹੀ ਸਮਝਦਾ ਹੈ (ਜਿਸ ਉਤੇ ਗੁਰੂ ਦੀ ਕਿਰਪਾ ਹੁੰਦੀ ਹੈ)।੧। ਜਿਸ ਮਨੁੱਖ ਨੂੰ ਹਰੀ ਵਡਿਆਈ ਬਖਸ਼ਦਾ ਹੈ। ਗੁਰੂ ਦੀ ਕ੍ਰਿਪਾ ਨਾਲ (ਉਸ ਦੇ) ਮਨ ਵਿਚ ਨਾਮ ਆ ਕੇ ਵਸਦਾ ਹੈ। ਰਹਾਉ। (ਜਦੋਂ ਮਨੁੱਖ) ਗੁਰੂ ਦੁਆਰਾ ਸ਼ੁੱਭ ਕਰਣੀ ਦੀ ਕਾਰ ਕਮਾਉਂਦਾ ਹੈ। ਤਾਂ (ਉਹ) ਇਸ ਮਨ (ਨੂੰ ਕਾਬੂ ਕਰਨ) ਦੀ ਸੋਝੀ ਪਾ ਲੈਂਦਾ ਹੈ। ਮਨ ਹਉਮੈ ਦੀ ਸ਼ਰਾਬ ਪੀ ਕੇ ਹਾਥੀ ਵਾਂਗ ਮਸਤਿਆ ਹੋਇਆ ਹੈ। ਗੁਰੂ ਰੂਪ ਮਹਾਵਤ ਸ਼ਬਦ ਰੂਪ ਕੁੰਡਾ ਮਾਰ ਕੇ ਮਨ ਨੂੰ ਜਿਵਾਉਣ ਵਾਲਾ ਹੈ।੨। (ਹੇ ਭਾਈ!) ਨਾ ਸਾਧੇ ਜਾਣ ਵਾਲੇ ਮਨ ਨੂੰ ਕੋਈ ਵਿਰਲਾ ਮਨੁੱਖ ਹੀ ਸਾਧਦਾ (ਕਾਬੂ ਕਰਦਾ) ਹੈ। (ਜੇ ਮਨੁੱਖ) ਨਾ ਖਾਧੇ ਜਾਣ ਵਾਲੇ (ਕਾਮਾਦਿਕਾਂ) ਨੂੰ ਖਾ ਲਵੇ ਤਾਂ (ਇਹ ਮਨ) ਪਵਿਤ੍ਰ ਹੋ ਜਾਂਦਾ ਹੈ। ਗੁਰਮੁਖ ਨੇ ਇਹ ਮਨ ਸਵਾਰ ਲਿਆ ਹੈ। ਅਤੇ ਮਨ ਵਿਚੋਂ ਹਉਮੈ ਆਦਿ ਵਿਕਾਰ ਛਡ ਦਿਤੇ ਹਨ।੩। ਜੋ ਪੁਰਖ ਉਸ ਪ੍ਰਭੂ ਨੇ ਧੁਰ ਤੋਂ ਹੀ ਅਪਨੇ ਮੇਲ ਵਿਚ ਮਿਲਾ (ਅਪਣੇ ਚਰਨਾਂ ਨਾਲ ਜੋੜ) ਕੇ ਰਖੇ ਹਨ। (ਉਹ ਗੁਰੂ ਦੇ) ਸ਼ਬਦ ਵਿਚ ਲੀਨ ਹੋਏ ਰਹਿੰਦੇ ਹਨ, (ਪ੍ਰਭੂ ਤੋਂ) ਕਦੇ ਨਹੀਂ ਵਿਛੜਦੇ। (ਉਹ ਪ੍ਰਭੂ) ਅਪਣੀ ਸ਼ਕਤੀ ਨੂੰ ਆਪ ਹੀ ਜਾਣਦਾ ਹੈ। ਨਾਨਕ ਗੁਰੂ ਜੀ ਆਖਦੇ ਕਿ (ਮਨੁੱਖ) ਗੁਰੂ ਰਾਹੀਂ ਪ੍ਰਭੂ ਦੇ ਨਾਮ ਨੂੰ ਪਛਾਣਦਾ ਹੈ (ਹਰੀ ਨਾਲ ਸਾਂਝ ਗੁਰੂ ਦੇ ਬਖਸ਼ੇ ਨਾਮ ਸਿਮਰਨ ਰਾਹੀਂ ਪੈਂਦੀ ਹੈ)।੪।੬।

ਨੋਟ = ਇਹ ਸ਼ਬਦ ਥੋੜੇ ਥੋੜੇ ਅੱਖਰਾਂ ਦੀ ਤਬਦੀਲੀ ਨਾਲ ਰਾਗ ਗਉੜੀ ਵਿਚ ਅੰਗ ੧੫੯ ਤੇ ਵੀ ਆਇਆ ਹੈ।

ਪਦਾਰਥ = ਮਰੈ-ਮਰ (ਕਾਬੂ ਹੋ) ਜਾਵੇ। ਧਾਤੁ-ਦੌੜ ਭੱਜ; ਭਟਕਣਾ; ਤ੍ਰਿਸ਼ਨਾ। ਮਰਿ ਜਾਇ-ਮੁੱਕ ਜਾਂਦੀ ਹੈ। ਕੈਸੇ ਪਾਇ-ਪ੍ਰਾਪਤ ਕਿਵੇਂ ਕਰ ਸਕਦਾ ਹੈ? ਦਾਰੂ-ਦਵਾਈ। ਕੋਇ-ਕੋਈ ਵਿਰਲਾ ਮਨੁੱਖ। ਸਬਦਿ-ਸ਼ਬਦ ਰਾਹੀਂ। ਬੂਝੈ-ਸਮਝਦਾ ਹੈ। ਜਨੁ-ਮਨੁੱਖ। ਸੋਇ-ਉਹ ਹੀ।੧। ਬਖਸੇ-ਬਖਸ਼ਦਾ ਹੈ। ਦੇ-ਦੇਂਦਾ ਹੈ। ਗੁਰ ਪਰਸਾਦਿ-ਗੁਰੂ ਦੀ ਕਿਰਪਾ ਨਾਲ। ਮਨਿ ਆਈ-ਮਨ ਵਿਚ ਆ ਕੇ। ਰਹਾਉ। ਗੁਰਮੁਖਿ-ਗੁਰੂ ਦੁਆਰਾ। ਕਰਣੀ ਕਾਰ-ਸ਼ੁੱਭ ਕਰਣੀ ਦੀ ਕਾਰ। ਤਾ-ਤਾਂ; ਤਦ। ਮੈ-ਸ਼ਰਾਬ। ਮਤੁ-ਮਸਤ। ਮੈਗਲ-ਹਾਥੀ। ਮਿਕਦਾਰਾ-ਵਾਂਗ; ਬਰਾਬਰ। ਅੰਕਸੁ-(ਹਾਥੀ ਨੂੰ ਤੋਰਨ ਵਾਲਾ ਲੋਹੇ ਦਾ) ਕੁੰਡਾ। ਜਿਵਾਲਣਹਾਰਾ-ਜਿਵਾਉਣ ਵਾਲਾ।੨। ਅਸਾਧੁ-ਨਾ ਜਿੱਤੇ ਜਾਣ ਵਾਲਾ; ਕਾਬੂ ਨਾ ਹੋਣ ਵਾਲਾ; ਨਾ ਸੁਧਰਨ ਵਾਲਾ। ਸਾਧੈ-ਜਿਤਦਾ ਹੈ; ਸੁਧਾਰਦਾ ਹੈ; ਕਾਬੂ ਕਰਦਾ ਹੈ। ਅਚਰੁ-ਜੋ ਖਾਧਾ ਨਾ ਜਾ ਸਕੇ (ਅਭੱਖ)। ਚਰੈ-ਚਰ (ਖਾ) ਲਵੇ। ਨਿਰਮਲੁ-ਪਵਿਤ੍ਰ। ਗੁਰਮੁਖਿ-ਗੁਰਮੁਖ ਨੇ। ਲਇਆ ਸਵਾਰਿ-ਸੁਧਾਰ ਲਿਆ ਹੈ। ਵਿਚਹੁ-ਮਨ ਵਿਚੋਂ। ਤਜੈ-ਛਡ ਦਿਤੇ।੩। ਧੁਰਿ-ਧੁਰ ਤੋਂ। ਰਖਿਅਨੁ-ਉਸ ਪ੍ਰਭੂ ਨੇ ਰੱਖੇ ਹਨ। ਮੇਲਿ ਮਿਲਾਇ-ਮੇਲ ਵਿਚ ਮਿਲਾ ਕੇ। ਸਮਾਏ-ਲੀਨ ਹੋਏ। ਕਲਾ-(ਗੁਪਤ ਤੇ ਪ੍ਰਗਟ) ਸ਼ਕਤੀ। ਗੁਰਮੁਖਿ-ਗੁਰੂ ਦੇ ਸਨਮੁਖ ਰਹਿਣ ਵਾਲਾ ਮਨੁੱਖ।੪।੬।

ਧਨਾਸਰੀ ਮਹਲਾ ੩ ॥ ਕਾਚਾ ਧਨੁ ਸੰਚਹਿ ਮੂਰਖ ਗਾਵਾਰ ॥ ਮਨਮੁਖ ਭੂਲੇ ਅੰਧ ਗਾਵਾਰ ॥ ਬਿਖਿਆ ਕੈ ਧਨਿ ਸਦਾ ਦੁਖੁ ਹੋਇ ॥ ਨਾ ਸਾਥਿ ਜਾਇ ਨਾ ਪਰਾਪਤਿ ਹੋਇ ॥੧॥ ਸਾਚਾ ਧਨੁ ਗੁਰਮਤੀ ਪਾਏ ॥ ਕਾਚਾ ਧਨੁ ਫੁਨਿ ਆਵੈ ਜਾਏ ॥ਰਹਾਉ॥ ਮਨਮੁਖਿ ਭੂਲੇ ਸਭਿ ਮਰਹਿ ਗਵਾਰ ॥ ਭਵਜਲਿ ਡੂਬੇ ਨ ਉਰਵਾਰਿ ਨ ਪਾਰਿ ॥ ਸਤਿਗੁਰੁ ਭੇਟੇ ਪੂਰੈ ਭਾਗਿ ॥ ਸਾਚਿ ਰਤੇ ਅਹਿਨਿਸਿ ਬੈਰਾਗਿ ॥੨॥ ਚਹੁ ਜੁਗ ਮਹਿ ਅੰਮ੍ਰਿਤੁ ਸਾਚੀ ਬਾਣੀ ॥ ਪੂਰੈ ਭਾਗਿ ਹਰਿ ਨਾਮਿ ਸਮਾਣੀ ॥ ਸਿਧ ਸਾਧਿਕ ਤਰਸਹਿ ਸਭਿ ਲੋਇ ॥ ਪੂਰੈ ਭਾਗਿ ਪਰਾਪਤਿ ਹੋਇ ॥੩॥ (ਹੇ ਭਾਈ!) ਬੇਸਮਝ ਮੂਰਖ ਲੋਕ ਨਾਸ਼ ਹੋਣ ਵਾਲਾ ਧਨ ਇਕੱਠਾ ਕਰਦੇ ਹਨ। (ਉਹ ਰੱਬ ਤੋਂ) ਭੁੱਲੇ ਹੋਏ ਮਨਮੁਖ ਮਨ ਕਰਕੇ ਅੰਨ੍ਹੇ ਹਨ ਅਤੇ ਤਨ ਕਰਕੇ ਮੂਰਖ ਹਨ। ਮਾਇਆ ਦੇ ਧਨ ਨਾਲ (ਮਨੁੱਖ ਨੂੰ) ਸਦਾ ਹੀ ਦੁਖ ਹੁੰਦਾ ਹੈ। ਨਾ ਤਾਂ ਇਹ ਧਨ (ਪ੍ਰਲੋਕ ਵਿਚ ਮਨੁੱਖ ਦੇ) ਨਾਲ ਜਾਂਦਾ ਹੈ ਅਤੇ ਨਾ ਹੀ (ਇਸ ਤੋਂ ਸੰਤੋਖ) ਪ੍ਰਾਪਤ ਹੁੰਦਾ ਹੈ; (ਜਿਤਨਾ ਕੋਈ ਚਾਹੁੰਦਾ ਹੈ, ਉਤਨਾ) ਪ੍ਰਾਪਤ ਨਹੀਂ ਹੁੰਦਾ (ਟਕਸਾਲ)।੧। (ਹੇ ਭਾਈ! ਗੁਰਮੁਖ ਜਨ ਨਾਮ ਰੂਪ) ਸੱਚਾ ਧਨ ਗੁਰੂ ਦੀ ਸਿੱਖਿਆ ਲੈ ਕੇ ਪ੍ਰਾਪਤ ਕਰਦੇ ਹਨ। (ਉਹ ਜਾਣ ਲੈਂਦੇ ਹਨ ਕਿ) ਨਾਸ਼ਵੰਤ ਧਨ ਮੁੜ ਮੁੜ ਆਉਂਦਾ ਜਾਂਦਾ ਰਹਿੰਦਾ ਹੈ। ਰਹਾਉ। (ਰੱਬ ਤੋਂ) ਭੁੱਲੇ ਹੋਏ ਮਨਮੁਖ ਮੂਰਖ ਸਭ (ਅਜਾਈਂ ਮੌਤੇ) ਮਰ ਜਾਂਦੇ ਹਨ। ਉਹ ਸੰਸਾਰ ਸਮੁੰਦਰ ਵਿਚ ਡੁਬ ਜਾਂਦੇ ਹਨ, ਨਾ ਉਰਲੇ ਕਿਨਾਰੇ ਤੇ ਨਾ ਪਾਰ ਵਾਲੇ ਕਿਨਾਰੇ ਲਗਦੇ ਹਨ (ਉਨ੍ਹਾਂ ਦਾ ਦੀਨ ਤੇ ਦੁਨੀਆਂ ਦੋਵੇਂ ਖਰਾਬ ਹੁੰਦੇ ਹਨ। ਜਿਨ੍ਹਾਂ ਨੂੰ) ਪੂਰੇ ਭਾਗਾਂ ਨਾਲ ਸਤਿਗੁਰੂ ਮਿਲ ਪਿਆ ਹੈ। (ਉਹ) ਦੁਨੀਆਂ ਤੋਂ ਉਪਰਾਮ ਹੋ ਕੇ ਦਿਨ ਰਾਤ ਸੱਚੇ ਨਾਮ ਵਿਚ ਰੰਗੇ ਰਹਿੰਦੇ ਹਨ।੨। ਚਾਰੇ ਜੁਗਾਂ ਵਿਚ ਸੱਚੀ ਬਾਣੀ ਅੰਮ੍ਰਿਤ (ਮਨੁੱਖ ਨੂੰ ਅਮਰ ਕਰ ਦੇਣ ਵਾਲੀ) ਹੈ। ਪੂਰੇ ਭਾਗਾਂ ਨਾਲ (ਇਹ ਬਾਣੀ ਮਨੁੱਖ ਨੂੰ) ਹਰੀ ਦੇ ਨਾਮ ਵਿਚ ਜੋੜਨ ਵਾਲੀ ਹੈ। ਸਿਧ ਅਤੇ ਸਾਧਨਾ ਕਰਨ ਵਾਲੇ ਸਭ ਲੋਕ (ਇਸ ਬਾਣੀ ਲਈ) ਤਰਸਦੇ ਹਨ। (ਪਰ ਇਹ ਬਾਣੀ) ਪੂਰੇ ਭਾਗਾਂ ਨਾਲ ਪ੍ਰਾਪਤ ਹੁੰਦੀ ਹੈ।੩।

ਅੰਗ ੬੬੬ = ਸਭੁ ਕਿਛੁ ਸਾਚਾ ਸਾਚਾ ਹੈ ਸੋਇ ॥ ਊਤਮ ਬ੍ਰਹਮੁ ਪਛਾਣੈ ਕੋਇ ॥ ਸਚੁ ਸਾਚਾ ਸਚੁ ਆਪਿ ਦ੍ਰਿੜਾਏ ॥ ਨਾਨਕ ਆਪੇ ਵੇਖੈ ਆਪੇ ਸਚਿ ਲਾਏ ॥੪॥੭॥ (ਹੇ ਭਾਈ! ਜਿਹੜਾ) ਕੋਈ ਮਨੁੱਖ ਉਤਮ ਬ੍ਰਹਮ ਨੂੰ ਪਛਾਣ ਲੈਂਦਾ ਹੈ, (ਉਸ ਦੇ ਲਈ) ਸਭ ਕੁਛ ਸੱਚਾ ਹੈ, (ਉਸ ਨੂੰ ਸਭ ਥਾਂ) ਉਹ ਸੱਚਾ ਪ੍ਰਭੂ ਹੀ ਵਸਦਾ ਹੋਇਆ ਦਿਸਦਾ ਹੈ। ਸੱਚ ਸਰੂਪ ਪ੍ਰਭੂ ਆਪੇ ਹੀ ਸੱਚੇ ਪੁਰਖਾਂ ਦੇ ਹਿਰਦੇ ਅੰਦਰ ਸੱਚਾ ਨਾਮ ਦ੍ਰਿੜ ਕਰਾ ਦੇਂਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਪ੍ਰਭੂ ਆਪ ਹੀ (ਸਭ ਜੀਵਾਂ ਨੂੰ) ਦੇਖਦਾ (ਸੰਭਾਲਦਾ) ਹੈ ਅਤੇ ਆਪ ਹੀ ਸਚੇ ਨਾਮ ਵਿਚ ਲਾਉਂਦਾ (ਜੋੜਦਾ) ਹੈ।੪।੭।

ਪਦਾਰਥ = ਕਾਚਾ–ਨਾਸ਼ ਹੋਣ ਵਾਲਾ। ਸੰਚਹਿ–ਇਕੱਠਾ ਕਰਦੇ ਹਨ। ਗਾਵਾਰ–ਬੇਸਮਝ। ਅੰਧ–ਅੰਨ੍ਹੇ (ਅਗਿਆਨੀ)। ਬਿਖਿਆ ਕੈ ਧਨਿ –ਮਾਇਆ ਦੇ ਧਨ ਨਾਲ। ਪਰਾਪਤਿ–ਸੰਤੋਖ ਜਾਂ ਰੱਜ ਪ੍ਰਾਪਤ ਹੁੰਦਾ ਹੈ।੧। ਸਾਚਾ ਧਨੁ–ਸਦਾ ਸਾਥ ਨਿਭਣ ਵਾਲਾ ਨਾਮ ਰੂਪ ਸੱਚਾ ਧਨ। ਗੁਰਮਤੀ–ਗੁਰੂ ਸਿੱਖਿਆ ਲੈ ਕੇ। ਫੁਨਿ–ਮੁੜ ਮੁੜ। ਆਵੈ ਜਾਇ–ਆਉਂਦਾ ਜਾਂਦਾ ਰਹਿੰਦਾ ਹੈ। ਰਹਾਉ। ਮਰਹਿ–(ਅਜਾਈਂ ਮੌਤੇ) ਮਰ ਜਾਂਦੇ ਹਨ। ਭਵਜਲਿ–ਸੰਸਾਰ ਸਮੁੰਦਰ ਵਿਚ। ਉਰਵਾਰਿ–ਉਰਲੇ ਕਿਨਾਰੇ। ਪਾਰਿ–ਪਰਲੇ ਕਿਨਾਰੇ। ਭੇਟੇ–ਮਿਲ ਪਿਆ। ਪੂਰੈ ਭਾਗਿ –ਚੰਗੀ ਕਿਸਮਤ ਨਾਲ। ਸਾਚਿ–ਸੱਚੇ ਨਾਮ ਵਿਚ। ਰਤੇ–ਰੰਗੇ ਰਹਿੰਦੇ ਹਨ। ਅਹਿਨਿਸਿ–ਦਿਨ ਰਾਤ। ਬੈਰਾਗਿ–ਉਪਰਾਮ ਹੋ ਕੇ।੨। ਚਹੁ ਜੁਗ ਮਹਿ–ਚਾਰੇ ਜੁੱਗਾਂ ਵਿਚ। ਅੰਮ੍ਰਿਤੁ–ਅਮਰ ਕਰਨ ਵਾਲੀ। ਸਾਚੀ ਬਾਣੀ–ਸਤਿਗੁਰੂ ਦੀ ਸੱਚੀ ਬਾਣੀ। ਨਾਮਿ–ਨਾਮ ਵਿਚ। ਸਮਾਣੀ–ਜੋੜਦੀ ਹੈ। ਸਿਧ–ਕਰਾਮਾਤੀ ਜੋਗੀ। ਸਾਧਿਕ–ਸਾਧਨਾ ਕਰਨ ਵਾਲੇ ਸਾਧੂ। ਤਰਸਹਿ–ਚਾਹੁੰਦੇ ਹਨ। ਲੋਇ–ਲੋਕ।੩। ਸਾਚਾ ਹੈ ਸੋਇ–ਉਹ ਸੱਚਾ ਪ੍ਰਭੂ ਹੀ ਹੈ। ਬ੍ਰਹਮੁ–ਪ੍ਰਭੂ। ਸਚੁ–ਸੱਚੇ ਪੁਰਖਾਂ ਦੇ ਅੰਦਰ। ਸਾਚਾ–ਸੱਚਾ ਪ੍ਰਭੂ। ਸਚੁ–ਸੱਚਾ ਨਾਮ। ਦ੍ਰਿੜਾਏ–ਪੱਕਾ ਕਰ ਦੇਂਦਾ ਹੈ। ਵੇਖੈ–ਦੇਖਦਾ (ਸੰਭਾਲਦਾ) ਹੈ। ਸਚਿ–ਸੱਚੇ ਨਾਮ ਵਿਚ। ਲਾਏ–ਲਾਉਂਦਾ (ਜੋੜਦਾ) ਹੈ।੪।੭।

ਧਨਾਸਰੀ ਮਹਲਾ ੩ ॥ ਨਾਵੈ ਕੀ ਕੀਮਤਿ ਮਿਤਿ ਕਹੀ ਨ ਜਾਇ ॥ ਸੇ ਜਨ ਧੰਨੁ ਜਿਨ ਇਕ ਨਾਮਿ ਲਿਵ ਲਾਇ ॥ ਗੁਰਮਤਿ ਸਾਚੀ ਸਾਚਾ ਵੀਚਾਰੁ ॥ ਆਪੇ ਬਖਸੇ ਦੇ ਵੀਚਾਰੁ ॥੧॥ ਹਰਿ ਨਾਮੁ ਅਚਰਜੁ ਪ੍ਰਭੁ ਆਪਿ ਸੁਣਾਏ ॥ ਕਲੀ ਕਾਲ ਵਿਚਿ ਗੁਰਮੁਖਿ ਪਾਏ ॥੧॥ਰਹਾਉ॥ ਹਮ ਮੂਰਖ ਮੂਰਖ ਮਨ ਮਾਹਿ ॥ ਹਉਮੈ ਵਿਚਿ ਸਭ ਕਾਰ ਕਮਾਹਿ ॥ ਗੁਰ ਪਰਸਾਦੀ ਹੰਉਮੈ ਜਾਇ ॥ ਆਪੇ ਬਖਸੇ ਲਏ ਮਿਲਾਇ ॥੨॥ ਬਿਖਿਆ ਕਾ ਧਨੁ ਬਹੁਤੁ ਅਭਿਮਾਨੁ ॥ ਅਹੰਕਾਰਿ ਡੂਬੈ ਨ ਪਾਵੈ ਮਾਨੁ ॥ ਆਪੁ ਛੋਡਿ ਸਦਾ ਸੁਖੁ ਹੋਈ ॥ ਗੁਰਮਤਿ ਸਾਲਾਹੀ ਸਚੁ ਸੋਈ ॥੩॥ ਆਪੇ ਸਾਜੇ ਕਰਤਾ ਸੋਇ ॥ ਤਿਸੁ ਬਿਨੁ ਦੂਜਾ ਅਵਰੁ ਨ ਕੋਇ ॥ ਜਿਸੁ ਸਚਿ ਲਾਏ ਸੋਈ ਲਾਗੈ ॥ ਨਾਨਕ ਨਾਮਿ ਸਦਾ ਸੁਖੁ ਆਗੈ ॥੪॥੮॥ (ਹੇ ਭਾਈ! ਹਰੀ ਦੇ) ਨਾਮ ਦੀ ਕੀਮਤ ਤੇ ਮਿਣਤੀ ਕਹੀ ਨਹੀਂ ਜਾ ਸਕਦੀ {ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ੮੧}। ਉਹ ਪੁਰਖ ਧੰਨ ਹਨ, ਜਿਨ੍ਹਾਂ ਨੇ ਇਕ ਨਾਮ ਵਿਚ ਲਿਵ ਲਾਈ ਹੋਈ ਹੈ। ਗੁਰੂ ਦੀ ਮੱਤ ਸੱਚੀ ਹੈ ਅਤੇ (ਇਸ ਦਾ) ਵੀਚਾਰ ਵੀ ਸੱਚਾ ਹੈ। (ਜਿਸ ਮਨੁੱਖ ਉਤੇ) ਪ੍ਰਭੂ ਆਪ ਹੀ ਬਖਸ਼ਿਸ਼ ਕਰਦਾ ਹੈ, (ਗੁਰੂ ਰੂਪ ਵਿਚ ਪ੍ਰਭੂ ਉਸ ਨੂੰ ਇਹ) ਵਿਚਾਰ ਦੇਂਦਾ ਹੈ।੧। (ਹੇ ਭਾਈ!) ਹਰੀ ਦਾ ਨਾਮ ਅਸਚਰਜ ਹੈ, ਪ੍ਰਭੂ ਆਪ ਹੀ (ਗੁਰੂ ਰੂਪ ਹੋ ਕੇ) ਨਾਮ ਸੁਣਾਉਂਦਾ ਹੈ। ਕਲਜੁਗ ਦੇ ਸਮੇਂ ਵਿਚ ਗੁਰੂ ਦੇ ਸਨਮੁਖ ਰਹਿਣ ਵਾਲਾ ਮਨੁੱਖ ਨਾਮ ਪ੍ਰਾਪਤ ਕਰਦਾ ਹੈ।੧। ਰਹਾਉ। (ਹੇ ਭਾਈ!) ਮਨ ਵਿਚ ਮੂਰਖਤਾ ਹੋਣ ਕਰਕੇ ਅਸੀਂ ਮੂਰਖ ਹਾਂ। (ਕਿਉਂਕਿ ਅਸੀਂ) ਸਾਰੇ ਕੰਮ ਹਉਮੈ ਵਿਚ ਕਰਦੇ ਹਾਂ। ਗੁਰੂ ਦੀ ਕ੍ਰਿਪਾ ਨਾਲ (ਜਦ ਮਨ ਦੇ ਵਿਚੋਂ) ਹਉਮੈ ਚਲੇ ਜਾਂਦੀ ਹੈ। ਤਾਂ ਪ੍ਰਭੂ ਆਪੇ ਬਖਸ਼ਿਸ਼ ਕਰਕੇ (ਅਪਣੇ ਨਾਲ) ਮਿਲਾ ਲੈਂਦਾ ਹੈ।੨। ਜਹਿਰ ਵਾਲਾ (ਦੁਨਿਆਵੀ) ਧਨ ਬਹੁਤ ਹੰਕਾਰ ਪੈਦਾ ਕਰਦਾ ਹੈ। (ਮਨੁੱਖ ਇਸ) ਹੰਕਾਰ ਵਿਚ ਹੀ ਡੁਬ (ਤਬਾਹ ਹੋ) ਜਾਂਦਾ ਹੈ, (ਜਿਸ ਕਰਕੇ ਉਹ ਪ੍ਰਲੋਕ ਵਿਚ) ਆਦਰ ਨਹੀਂ ਪਾ ਸਕਦਾ। (ਜਿਹੜਾ ਮਨੁੱਖ) ਆਪਾ ਭਾਵ ਛਡ ਦੇਂਦਾ ਹੈ, (ਉਸ ਨੂੰ) ਸਦਾ ਸੁਖ ਹੁੰਦਾ ਹੈ। (ਫਿਰ) ਉਹ ਗੁਰੂ ਦੀ ਮੱਤ ਲੈ ਕੇ ਸੱਚੇ ਪ੍ਰਭੂ ਨੂੰ ਸਲਾਹੁੰਦਾ ਹੈ।੩। (ਹੇ ਭਾਈ!) ਉਹ ਕਰਤਾਰ ਆਪ ਹੀ ਸਾਰੀ ਸ੍ਰਿਸ਼ਟੀ ਨੂੰ ਸਾਜਦਾ ਹੈ। ਉਸ ਤੋਂ ਬਿਨਾ (ਸ੍ਰਿਸ਼ਟੀ ਨੂੰ ਸਾਜਣ ਵਾਲਾ) ਦੂਜਾ ਹੋਰ ਕੋਈ ਨਹੀਂ। ਜਿਸ ਮਨੁੱਖ ਨੂੰ (ਉਹ ਹਰੀ) ਸੱਚੇ ਨਾਮ ਵਿਚ ਲਾਉਂਦਾ ਹੈ, ਉਹ ਹੀ (ਨਾਮ ਜਪਣ) ਲਗਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਨਾਮ ਸਿਮਰਨ ਰਾਹੀਂ ਅੱਗੇ ਪ੍ਰਲੋਕ ਵਿਚ ਸੁਖ ਮਿਲਦਾ ਹੈ।੪।੮।

ਪਦਾਰਥ = ਨਾਵੈ ਕੀ–ਪ੍ਰਭੂ ਦੇ ਨਾਮ ਦੀ। ਮਿਤਿ–ਮਿਣਤੀ; ਮਾਪ; ਹੱਦ; ਮਰਿਆਦਾ। ਸੇ ਜਨ–ਉਹ ਪੁਰਖ। ਨਾਮਿ–ਨਾਮ ਵਿਚ। ਲਿਵ ਲਾਇ–ਬਿਰਤੀ ਲਾਉਂਦੇ ਹਨ। ਗੁਰਮਤਿ–ਗੁਰੂ ਦੀ ਸਿੱਖਿਆ। ਬਖਸੇ–ਬਖਸ਼ਿਸ਼ ਕਰਦਾ ਹੈ। ਦੇਇ–ਦੇਂਦਾ ਹੈ।੧। ਅਸਰਜੁ–ਹੈਰਾਨ ਕਰਨ ਵਾਲਾ। ਕਲੀ–ਕਲਜੁਗ। ਕਾਲ–ਸਮਾਂ। ਗੁਰਮੁਖਿ–ਗੁਰੂ ਦੇ ਸਨਮੁਖ ਰਹਿਣ ਵਾਲਾ ਮਨੁੱਖ।੧। ਰਹਾਉ। ਹਮ–ਅਸੀਂ। ਮਨ ਮਾਹਿ–ਮਨ ਵਿਚ। ਕਾਰ ਕਮਾਹਿ–ਕੰਮ ਕਰਦੇ ਹਾਂ। ਗੁਰ ਪਰਸਾਦੀ–ਗੁਰੂ ਦੀ ਕ੍ਰਿਪਾ ਨਾਲ।੨। ਬਿਖਿਆ ਧਨੁ–ਜਹਿਰ ਵਾਲਾ (ਦੁਨਿਆਵੀ) ਧਨ। ਅਹੰਕਾਰਿ–ਹੰਕਾਰ ਵਿਚ। ਮਾਨੁ–ਆਦਰ। ਆਪੁ–ਆਪਾ ਭਾਵ (ਹੰਕਾਰ)। ਸਾਲਾਹੀ–ਸਲਾਹੁੰਦਾ ਹੈ। ਸਚੁ–ਸੱਚੇ ਪ੍ਰਭੂ ਨੂੰ। ਸੋਈ–ਉਹ।੩। ਸਾਜੇ–ਪੈਦਾ ਕਰਦਾ ਹੈ। ਕਰਤਾ–ਕਰਤਾਰ। ਸੋਇ–ਉਹ ਹੀ। ਅਵਰੁ–ਹੋਰ। ਸਚਿ–ਸੱਚੇ ਨਾਮ ਵਿਚ। ਨਾਮਿ–ਨਾਮ ਸਿਮਰਨ ਰਾਹੀਂ। ਆਗੈ–ਅੱਗੇ ਪ੍ਰਲੋਕ ਵਿਚ।੪।੮।

ਰਾਗੁ ਧਨਾਸਿਰੀ ਮਹਲਾ ੩ ਘਰੁ ੪ ੴ ਸਤਿਗੁਰ ਪ੍ਰਸਾਦਿ ॥ ਹਮ ਭੀਖਕ ਭੇਖਾਰੀ ਤੇਰੇ, ਤੂ ਨਿਜ ਪਤਿ ਹੈ ਦਾਤਾ ॥ ਹੋਹੁ ਦੈਆਲ ਨਾਮੁ ਦੇਹੁ ਮੰਗਤ ਜਨ ਕੰਉ ,ਸਦਾ ਰਹਉ ਰੰਗਿ ਰਾਤਾ ॥੧॥ ਹੰਉ ਬਲਿਹਾਰੈ ਜਾਉ ਸਾਚੇ, ਤੇਰੇ ਨਾਮ ਵਿਟਹੁ ॥ ਕਰਣ ਕਾਰਣ ਸਭਨਾ ਕਾ ਏਕੋ, ਅਵਰੁ ਨ ਦੂਜਾ ਕੋਈ ॥੧॥ਰਹਾਉ॥ ਬਹੁਤੇ ਫੇਰ ਪਏ ਕਿਰਪਨ ਕਉ ,ਅਬ ਕਿਛੁ ਕਿਰਪਾ ਕੀਜੈ ॥ ਹੋਹੁ ਦਇਆਲ ਦਰਸਨੁ ਦੇਹੁ ਅਪੁਨਾ, ਐਸੀ ਬਖਸ ਕਰੀਜੈ ॥੨॥ ਭਨਤਿ ਨਾਨਕ ਭਰਮ ਪਟ ਖੂਲ੍ਹੇ ,ਗੁਰ ਪਰਸਾਦੀ ਜਾਨਿਆ ॥ ਸਾਚੀ ਲਿਵ ਲਾਗੀ ਹੈ ਭੀਤਰਿ, ਸਤਿਗੁਰ ਸਿਉ ਮਨੁ ਮਾਨਿਆ ॥੩॥੧॥੯॥ (ਅਰਦਾਸ। ਹੇ ਪ੍ਰਭੂ !) ਅਸੀਂ ਜੀਵ ਤੇਰੇ ਮੰਗਤਿਆਂ ਦੇ ਮੰਗਤੇ ਹਾਂ (ਫ.ਸ.; ਸੰ.ਸ.), ਅਸੀਂ ਮੰਗਤੇ ਤੇਰੇ ਦਰ ਦੇ ਮੰਗਤੇ ਹਾਂ, ਤੂੰ ਅਪਣਾ ਮਾਲਕ ਆਪ ਹੈਂ ਤੇ (ਸਾਰੇ ਜੀਵਾਂ ਦਾ) ਦਾਤਾ ਹੈਂ (ਸੁਤੰਤਰ ਮਾਲਕ ਹੈਂ, ਤੇਰੇ ਉਪਰ ਕੋਈ ਹੋਰ ਮਾਲਕ ਨਹੀਂ, ਦਾਤਾਂ ਦੇਣ ਲੱਗਿਆਂ ਕਿਸੇ ਹੋਰ ਤੋਂ ਅਧਿਕਾਰ ਨਹੀਂ ਲੈਣਾ ਪੈਂਦਾ। ਜਿਵੇਂ ਤੈਨੂੰ ਚੰਗਾ ਲਗਦਾ ਹੈ, ਤਿਵੇਂ ਦਾਤ ਦੇਂਦਾ ਹੈਂ। ਹੇ ਪ੍ਰਭੂ ! ਮੇਰੇ ਉਪਰ) ਦਇਆਵਾਨ ਹੋਵੋ ਅਤੇ ਮੈਨੂੰ ਦਾਸ ਮੰਗਤੇ ਨੂੰ ਨਾਮ ਦਾਨ ਦੇਵੋ, (ਤਾਂ ਕਿ) ਮੈਂ ਸਦਾ ਤੇਰੇ ਪ੍ਰੇਮ ਰੰਗ ਵਿਚ ਰੰਗਿਆ ਰਹਾਂ।੧। ਹੇ ਸੱਚ ਸਰੂਪ ਪ੍ਰਭੂ ! ਮੈਂ ਤੇਰੇ ਨਾਮ ਤੋਂ ਬਲਿਹਾਰ ਜਾਂਦਾ ਹਾਂ। ਤੂੰ ਇਕ ਹੀ ਸਾਰੇ ਕਾਰਨਾਂ ਦੇ ਕਰਨ ਵਾਲਾ ਹੈਂ, ਹੋਰ ਦੂਜਾ ਕੋਈ (ਤੇਰੇ ਵਰਗਾ) ਨਹੀਂ ਹੈ।੧।ਰਹਾਉ। ਮੈਨੂੰ ਕੰਜੂਸ ਨਿਮਾਣੇ ਨੂੰ ਜਨਮ ਮਰਨ ਦੇ ਬਹੁਤ ਫੇਰ ਪੈ ਚੁਕੇ ਹਨ, ਹੁਣ (ਤਾਂ ਮੇਰੇ ਉਤੇ) ਕੁਛ ਕ੍ਰਿਪਾ ਕਰੋ। (ਮੇਰੇ ਉਤੇ) ਦਇਆਵਾਨ ਹੋਵੋ, ਐਸੀ ਬਖਸ਼ਿਸ਼ ਕਰੋ ਕਿ ਅਪਣਾ ਦਰਸ਼ਨ ਦੇਵੋ।੨। ਨਾਨਕ ਗੁਰੂ ਜੀ ਆਖਦੇ ਹਨ ਕਿ ਗੁਰੂ ਦੀ ਕ੍ਰਿਪਾ ਨਾਲ (ਮੇਰੀ ਬੁੱਧੀ ਨੂੰ ਲੱਗੇ ਹੋਏ) ਭਰਮ ਦੇ ਪੜਦੇ ਖੁਲ੍ਹ ਗਏ ਹਨ, (ਇਸ ਤਰ੍ਹਾਂ ਮੈਂ) ਅਪਣੇ ਆਪ ਨੂੰ ;ਪ੍ਰਭੂ ਨੂੰ ਜਾਣ ਲਿਆ ਹੈ। (ਹੁਣ) ਹਿਰਦੇ ਦੇ ਅੰਦਰ ਸੱਚੀ ਲਿਵ ਲਗ ਗਈ ਹੈ ਅਤੇ ਸਤਿਗੁਰੂ ਨਾਲ ਮੇਰਾ ਮਨ ਮੰਨ (ਪਰਚ ਵ ਪ੍ਰੀਤਵਾਨ ਹੋ) ਗਿਆ ਹੈ।੩।੧।੯। (ਇਸ ਸ਼ਬਦ ਵਿਚ ਧਨਾਸਿਰੀ ਦੇ ਸੱਸੇ ਨੂੰ ਸਿਹਾਰੀ ਹੈ)।

ਪਦਾਰਥ = ਹਮ–ਅਸੀਂ ਜੀਵ (ਦੁਨੀਆਂ ਵਿਚ ਦਾਨ ਦੇਣ ਵਾਲੇ ਲੋਕ ਵੀ ਰੱਬ ਤੋਂ ਮੰਗ ਕੇ ਹੀ ਅੱਗੇ ਹੋਰਨਾਂ ਮੰਗਤਿਆਂ ਨੂੰ ਦਾਨ ਦੇਂਦੇ ਹਨ)। ਭੀਖਕ–ਮੰਗਤੇ। ਭੇਖਾਰੀ–ਮੰਗਤੇ। ਨਿਜ ਪਤਿ–ਅਪਣੇ ਆਪ ਦਾ ਸੁਤੰਤਰ ਮਾਲਕ (ਉਹ ਕਿਸੇ ਹੋਰ ਤੋਂ ਮੰਗ ਕੇ ਦਾਤ ਨਹੀਂ ਦੇਂਦਾ)। ਦਾਤਾ–ਦਾਤਾਂ ਦੇਣ ਵਾਲਾ। ਦੈਆਲ–ਦਇਆਵਾਨ। ਹੋਹੁ–ਹੋਵੋ। ਮੰਗਤ ਜਨ ਕੰਉ–ਦਾਸ ਮੰਗਤੇ ਨੂੰ। ਰੰਗਿ–ਪ੍ਰੇਮ ਰੰਗ ਵਿਚ। ਰਹਉ ਰਾਤਾ–ਮੈਂ ਰੰਗਿਆ ਰਹਾਂ।੧। ਹੰਉ–ਮੈਂ। ਬਲਿਜਾਰੈ ਜਾਉ–ਕੁਰਬਾਨ ਜਾਂਦਾ ਹਾਂ। ਸਾਚੇ–ਹੇ ਸੱਚ ਸਰੂਪ ਪ੍ਰਭੂ !। ਵਿਟਹੁ–ਤੋਂ। ਕਰਣ ਕਾਰਣ–ਸਾਰੇ ਕਾਰਨਾਂ ਦੇ ਕਰਨ ਵਾਲਾ (ਜਗਤ ਰਚਨਾ ਦਾ ਮੂਲ ਕਾਰਣ)। ਅਵਰੁ–ਹੋਰ।੧।ਰਹਾਉ। ਫੇਰ–ਜਨਮ ਮਰਨ ਦੇ ਗੇੜੇ। ਕਿਰਪਨ ਕਉ–ਕੰਜੂਸ ਨੂੰ; ਕਮੀਨੇ ਨੂੰ; ਨਿਮਾਣੇ; ਦੁਖੀਏ ਨੂੰ (ਗੁ. ਗ੍ਰੰ. ਕੋਸ)। ਅਬ–ਹੁਣ। ਬਖਸ ਕਰੀਜੈ–ਬਖਸ਼ਿਸ਼ ਕਰੋ।੨। ਭਨਤਿ–ਆਖਦਾ ਹੈ। ਭਰਮ ਪਟ–ਭਰਮ ਦੇ ਪੜਦੇ। ਗੁਰ ਪਰਸਾਦੀ–ਗੁਰੂ ਦੀ ਕ੍ਰਿਪਾ ਨਾਲ। ਲਿਵ–ਲਗਨ; ਬਿਰਤੀ। ਭੀਤਰਿ–ਹਿਰਦੇ ਅੰਦਰ। ਸਿਉ–ਨਾਲ। ਮਨੁ ਮਾਨਿਆ–ਮਨ ਮੰਨ ਗਿਆ; ਮਨ ਸ਼ਰਧਾਵਾਨ (ਜਾਂ ਪ੍ਰੀਤਵਾਨ) ਹੋ ਗਿਆ।੩।੧।੯।

ਧਨਾਸਰੀ ਮਹਲਾ ੪ ਘਰੁ ੧ ਚਉਪਦੇ ੴ ਸਤਿਗੁਰ ਪ੍ਰਸਾਦਿ ॥ ਜੋ ਹਰਿ ਸੇਵਹਿ ਸੰਤ ਭਗਤ, ਤਿਨ ਕੇ ਸਭਿ ਪਾਪ ਨਿਵਾਰੀ ॥ ਹਮ ਊਪਰਿ ਕਿਰਪਾ ਕਰਿ ਸੁਆਮੀ, ਰਖੁ ਸੰਗਤਿ ਤੁਮ ਜੁ ਪਿਆਰੀ ॥੧॥ ਹਰਿ ਗੁਣ ਕਹਿ ਨ ਸਕਉ ਬਨਵਾਰੀ ॥ ਹਮ ਪਾਪੀ ਪਾਥਰ ਨੀਰਿ ਡੁਬਤ, ਕਰਿ ਕਿਰਪਾ ਪਾਖਣ ਹਮ ਤਾਰੀ ॥ਰਹਾਉ॥ ਜਨਮ ਜਨਮ ਕੇ ਲਾਗੇ ਬਿਖੁ ਮੋਰਚਾ, ਲਗਿ ਸੰਗਤਿ ਸਾਧ ਸਵਾਰੀ ॥ ਜਿਉ ਕੰਚਨੁ ਬੈਸੰਤਰਿ ਤਾਇਓ, ਮਲੁ ਕਾਟੀ ਕਟਿਤ ਉਤਾਰੀ ॥੨॥ ਹਰਿ ਹਰਿ ਜਪਨੁ ਜਪਉ ਦਿਨੁ ਰਾਤੀ, ਜਪਿ ਹਰਿ ਹਰਿ ਹਰਿ ਉਰਿ ਧਾਰੀ ॥ ਹੇ ਹਰੀ ! ਜਿਹੜੇ ਸੰਤ ਭਗਤ ਤੇਰੀ ਸੇਵਾ ਭਗਤੀ ਕਰਦੇ ਹਨ, (ਤੂੰ) ਉਨ੍ਹਾਂ ਦੇ ਸਾਰੇ ਪਾਪ ਦੂਰ ਕਰ ਦੇਣ ਵਾਲਾ ਹੈਂ। ਹੇ ਸੁਆਮੀ ! ਸਾਡੇ ਉਪਰ ਕ੍ਰਿਪਾ ਕਰ, (ਸਾਨੂੰ ਉਸ) ਸੰਗਤ ਵਿਚ ਰੱਖ, ਜੋ ਤੈਨੂੰ ਪਿਆਰੀ ਹੈ।੧। ਹੇ ਸੰਸਾਰ ਬਨ ਦੇ ਮਾਲਕ ਹਰੀ ! ਮੈਂ ਤੇਰੇ ਗੁਣ ਕਹਿ ਨਹੀਂ ਸਕਦਾ (ਕਿਉਂਕਿ ਤੇਰੇ ਗੁਣ ਬੇਅੰਤ ਹਨ)। ਅਸੀਂ ਪੱਥਰ ਵਾਂਗ ਕਠੋਰ ਮਨਾਂ ਵਾਲੇ ਪਾਪੀ ਜੀਵ (ਸੰਸਾਰ ਸਮੁੰਦਰ ਦੇ) ਪਾਣੀ ਵਿਚ ਡੁਬ ਰਹੇ ਹਾਂ, ਕ੍ਰਿਪਾ ਕਰਕੇ ਸਾਨੂੰ ਪੱਥਰਾਂ (ਕਠੋਰ ਮਨਾਂ ਵਾਲੇ ਪਾਪੀ ਜੀਵਾਂ) ਨੂੰ (ਸੰਸਾਰ ਸਮੁੰਦਰ ਤੋਂ) ਤਾਰ ਲੈ। ਰਹਾਉ। (ਜੀਵਾਂ ਦੀ ਬੁੱਧੀ ਨੂੰ) ਅਨੇਕਾਂ ਜਨਮਾਂ ਦੇ ਕੀਤੇ ਪਾਪਾਂ ਦਾ ਜਹਿਰ ਤੇ ਜੰਗਾਲ ਲੱਗਾ ਹੋਇਆ ਹੈ, (ਪਰ ਗੁਰਮੁਖਾਂ ਨੇ) ਸਾਧ ਸੰਗਤ ਵਿਚ ਲੱਗ ਕੇ (ਅਪਣੀ ਬੁੱਧੀ) ਸੁਧਾਰ ਲਈ ਹੈ। ਜਿਵੇਂ ਸੋਨੇ ਨੂੰ ਅੱਗ ਵਿਚ ਤਪਾਇਆ ਜਾਂਦਾ ਹੈ, (ਇਉਂ ਉਸ ਦੀ ਮੈਲ ਕੱਟੀ ਜਾਂਦੀ ਹੈ, (ਤਿਵੇਂ ਹੇ ਪ੍ਰਭੂ ! ਤੇਰੇ ਨਾਮ ਨੇ ਪਾਪੀਆਂ ਦੀ) ਮੈਲ ਕੱਟ ਕੇ ਉਤਾਰੀ ਦਿਤੀ ਹੈ।੨। ਮੈਂ ਹਰਿ ਹਰਿ ਨਾਮ ਦਾ ਜਾਪ ਦਿਨ ਰਾਤ ਜਪਦਾ ਹਾਂ ਅਤੇ ਹਰੀ ਦਾ ਹਰਿ ਹਰਿ ਨਾਮ ਜਪ ਕੇ ਹਿਰਦੇ ਵਿਚ ਧਾਰਨ ਕੀਤਾ ਹੈ।

ਅੰਗ ੬੬੭ = ਹਰਿ ਹਰਿ ਹਰਿ ਅਉਖਧੁ ਜਗਿ ਪੂਰਾ, ਜਪਿ ਹਰਿ ਹਰਿ ਹਉਮੈ ਮਾਰੀ ॥੩॥ ਹਰਿ ਹਰਿ ਅਗਮ ਅਗਾਧਿ ਬੋਧਿ ਅਪਰੰਪਰ ਪੁਰਖ ਅਪਾਰੀ ॥ ਜਨ ਕਉ ਕ੍ਰਿਪਾ ਕਰਹੁ ਜਗਜੀਵਨ, ਜਨ ਨਾਨਕ ਪੈਜ ਸਵਾਰੀ ॥੪॥੧॥ ਹਰੀ ਦਾ ਹਰਿ ਹਰਿ ਨਾਮ ਜਗਤ ਵਿਚ ਪੂਰਾ (ਉਤਮ) ਦਾਰੂ ਹੈ, ਹਰਿ ਹਰਿ ਨਾਮ ਜਪ ਕੇ (ਗੁਰਮੁਖਾਂ ਨੇ ਅਪਣੀ) ਹਉਮੈ ਮਾਰ ਲਈ ਹੈ।੩। (ਹੇ ਭਾਈ !) ਹਰੀ ਮਨ ਬਾਣੀ ਦੀ ਪਹੁੰਚ ਤੋਂ ਪਰੇ ਹੈ, ਅਥਾਹ ਗਿਆਨ ਵਾਲਾ ਹੈ, ਪਰੇ ਤੋਂ ਪਰੇ ਹੈ, ਸਰਬ ਵਿਆਪਕ ਹੈ ਅਤੇ ਪਰਾਵਾਰ ਤੋਂ ਰਹਿਤ ਹੈ। ਹੇ ਜਗਤ ਦੇ ਜੀਵਨ ਦਾਤੇ ! (ਅਪਣੇ) ਦਾਸਾਂ ਉਤੇ ਕ੍ਰਿਪਾ ਕਰ, ਦਾਸ ਨਾਨਕ ਦੀ ਪੈਜ ਸਵਾਰ (ਰੱਖ) ਲੈ।੪।੧।

ਪਦਾਰਥ = ਚਉਪਦੇ–ਚਾਰ ਪਦਿਆਂ ਵਾਲੇ ਸ਼ਬਦ। ਸੇਵਹਿ–ਸੇਵਾ ਭਗਤੀ ਕਰਦੇ ਹਨ। ਤਿਨ ਕੇ–ਉਨ੍ਹਾਂ ਦੇ। ਨਿਵਾਰੀ–ਦੂਰ ਕਰਨ ਵਾਲਾ। ਸੁਆਮੀ–ਹੇ ਮਾਲਕ ਪ੍ਰਭੂ!। ਹਮ ਊਪਰਿ–ਸਾਡੇ ਉਪਰ। ਤੁਮ–ਤੈਨੂੰ।੧। ਕਹਿ ਨ ਸਕਉ–ਕਹਿ ਨਹੀਂ ਸਕਦਾ। ਬਨਵਾਰੀ–ਹੇ ਸੰਸਾਰ ਬਨ ਦੇ ਮਾਲਕ!। ਨੀਰਿ–ਪਾਣੀ ਵਿਚ। ਡੁਬਤ–ਡੁਬ ਰਹੇ ਹਾਂ। ਪਾਖਣ–ਪੱਥਰ। ਤਾਰੀ–ਤਾਰ ਲੈ। ਰਹਾਉ। ਬਿਖੁ–ਜਹਿਰ। ਮੋਰਚਾ –ਜੰਗਾਲ। ਸਵਾਰੀ–ਸੁਧਾਰ ਲਈ ਹੈ। ਕੰਚਨੁ–ਸੋਨਾ। ਬੈਸੰਤਰਿ–ਅੱਗ ਵਿਚ। ਤਾਇਓ–ਤਪਾਇਆ ਜਾਂਦਾ ਹੈ। ਮਲੁ–ਮੈਲ। ਕਾਟੀ–ਕੱਟੀ ਜਾਂਦੀ ਹੈ। ਕਟਿਤ ਉਤਾਰੀ–ਕੱਟ ਕੇ ਉਤਾਰ ਦਿਤੀ।੨। ਜਪਨੁ–ਜਾਪ। ਜਪਉ–ਮੈਂ ਜਪਦਾ ਹਾਂ। ਉਰਿ ਧਾਰੀ–ਹਿਰਦੇ ਵਿਚ ਧਾਰਨ ਕੀਤਾ ਹੈ। ਅਉਖਧੁ–ਦਵਾਈ। ਜਗਿ–ਜਗਤ ਵਿਚ। ਪੂਰਾ–ਪੂਰੀ ਤਰ੍ਹਾਂ ਅਸਰ ਕਰਨ ਵਾਲੀ। ਮਾਰੀ–ਮਾਰ ਲਈ ਹੈ।੩। ਅਗਮ–ਮਨ ਬਾਣੀ ਦੀ ਪਹੁੰਚ ਤੋਂ ਪਰੇ। ਅਗਾਧਿ ਬੋਧਿ–ਅਥਾਹ ਗਿਆਨ ਵਾਲਾ। ਅਪਰੰਪਰ–ਪਰੇ ਤੋਂ ਪਰੇ। ਪੁਰਖ–ਵਿਆਪਕ ਪ੍ਰਭੂ। ਅਪਾਰੀ–ਪਾਰਾਵਾਰ ਤੋਂ ਰਹਿਤ। ਜਨ ਕਉ–ਦਾਸਾਂ ਉਤੇ। ਜਗਜੀਵਨ–ਹੇ ਜਗਤ ਦੇ ਜੀਵਨ ਦਾਤੇ। ਪੈਜ–ਇੱਜਤ। ਸਵਾਰੀ–ਰੱਖ ਲੈ।੪।੧।

ਧਨਾਸਰੀ ਮਹਲਾ ੪ ॥ ਹਰਿ ਕੇ ਸੰਤ ਜਨਾ ਹਰਿ ਜਪਿਓ, ਤਿਨ ਕਾ ਦੂਖੁ ਭਰਮੁ ਭਉ ਭਾਗੀ ॥ ਅਪਨੀ ਸੇਵਾ ਆਪਿ ਕਰਾਈ, ਗੁਰ ਮਤਿ ਅੰਤਰਿ ਜਾਗੀ ॥੧॥ ਹਰਿ ਕੈ ਨਾਮਿ ਰਤਾ ਬੈਰਾਗੀ ॥ ਹਰਿ ਹਰਿ ਕਥਾ ਸੁਣੀ ਮਨਿ ਭਾਈ, ਗੁਰਮਤਿ ਹਰਿ ਲਿਵ ਲਾਗੀ ॥੧॥ ਰਹਾਉ॥ ਸੰਤ ਜਨਾ ਕੀ ਜਾਤਿ ਹਰਿ ਸੁਆਮੀ, ਤੁਮ੍ ਠਾਕੁਰ ਹਮ ਸਾਂਗੀ ॥ ਜੈਸੀ ਮਤਿ ਦੇਵਹੁ ਹਰਿ ਸੁਆਮੀ, ਹਮ ਤੈਸੇ ਬੁਲਗ ਬੁਲਾਗੀ ॥੨॥ ਕਿਆ ਹਮ ਕਿਰਮ ਨਾਨ੍ ਨਿਕ ਕੀਰੇ, ਤੁਮ੍ ਵਡ ਪੁਰਖ ਵਡਾਗੀ ॥ ਤੁਮਰੀ ਗਤਿ ਮਿਤਿ ਕਹਿ ਨ ਸਕਹਿ ਪ੍ਰਭ, ਹਮ ਕਿਉ ਕਰਿ ਮਿਲਹ ਅਭਾਗੀ ॥੩॥ ਹਰਿ ਪ੍ਰਭ ਸੁਆਮੀ ਕਿਰਪਾ ਧਾਰਹੁ ,ਹਮ ਹਰਿ ਹਰਿ ਸੇਵਾ ਲਾਗੀ ॥ ਨਾਨਕ ਦਾਸਨਿ ਦਾਸੁ ਕਰਹੁ ਪ੍ਰਭ, ਹਮ ਹਰਿ ਕਥਾ ਕਥਾਗੀ ॥੪॥੨॥ (ਹੇ ਭਾਈ!) ਹਰੀ ਦੇ ਜਿਨ੍ਹਾਂ ਸੰਤ ਜਨਾਂ ਨੇ ਹਰੀ ਦਾ ਨਾਮ ਜਪਿਆ ਹੈ, ਉਨ੍ਹਾਂ ਦਾ (ਸਭ ਤਰ੍ਹਾਂ ਦਾ) ਦੁਖ, ਭਰਮ ਤੇ ਡਰ ਭੱਜ ਗਿਆ ਹੈ। (ਉਨ੍ਹਾਂ ਤੋਂ ਹਰੀ ਨੇ) ਅਪਣੀ ਸੇਵਾ ਆਪ ਕਰਾਈ ਹੈ, (ਕਿਉਂਕਿ ਉਨ੍ਹਾਂ ਦੇ) ਹਿਰਦੇ ਅੰਦਰ ਗੁਰਮਤਿ ਜਾਗ ਪਈ (ਪ੍ਰਕਾਸ਼ ਹੋਇਆ) ਹੈ।੧। (ਜਿਹੜਾ ਮਨੁੱਖ) ਹਰੀ ਦੇ ਨਾਮ ਵਿਚ ਰੰਗਿਆ ਹੋਇਆ ਹੈ, (ਉਹ ਅਸਲੀ) ਬੈਰਾਗੀ ਹੈ। (ਉਸ ਨੇ ਗੁਰੂ ਤੋਂ) ਹਰਿ ਹਰਿ ਨਾਮ ਦੀ ਕਥਾ ਸੁਣੀ ਹੈ, (ਜੋ ਉਸ ਦੇ) ਮਨ ਵਿਚ ਭਾ ਗਈ ਹੈ, (ਜਿਸ ਕਰਕੇ) ਗੁਰੂ ਦੀ ਸਿੱਖਿਆ ਦੁਆਰਾ (ਉਸ ਦੀ) ਲਿਵ ਹਰੀ ਵਿਚ ਲਗ ਗਈ ਹੈ।੧। ਰਹਾਉ। ਹੇ ਹਰੀ! ਹੇ ਸੁਆਮੀ! ਸੰਤ ਜਨਾਂ ਦੀ ਜਾਤ ਤੁਸੀਂ ਹੀ ਹੋ (ਸੰਤ ਜਾਤ ਦਾ ਹੰਕਾਰ ਨਹੀਂ ਕਰਦੇ), ਤੁਸੀਂ ਸਾਡੇ ਮਾਲਕ ਹੋ, ਅਸੀਂ ਤੇਰੀ ਰੀਸ ਕਰਨ ਵਾਲੇ ਦਾਸ ਹਾਂ (ਤੇਰੇ ਵਰਗਾ ਬਣਨ ਦਾ ਜਤਨ ਕਰਦੇ ਹਾਂ)। ਹੇ ਮਾਲਕ ਹਰੀ! ਜਿਹੋ ਜਿਹੀ ਮੱਤ (ਤੁਸੀਂ ਸਾਨੂੰ) ਦੇਂਦੇ ਹੋ, ਅਸੀਂ (ਦੁਨੀਆਂ ਦੇ ਜੀਵ) ਉਹੋ ਜਿਹੇ ਬੋਲ ਬੋਲਦੇ ਹਾਂ।੨। (ਹੇ ਪ੍ਰਭੂ!) ਅਸੀਂ ਕੀ ਹਾਂ? ਨਿੱਕੇ ਕੀੜਿਆਂ ਤੋਂ ਵੀ ਨੰਨ੍ਹੇ ਕਿਰਮ (ਤੁੱਛ ਜਿਹੇ ਜੀਵ) ਹਾਂ, (ਪਰ) ਤੁਸੀਂ ਵੱਡੇ ਤੋਂ ਵੱਡੇ ਪੁਰਖ ਹੋ। ਹੇ ਪ੍ਰਭੂ! (ਅਸੀਂ ਲੋਕ) ਤੇਰੀ ਅਵਸਥਾ ਦਾ ਅੰਦਾਜਾ ਨਹੀਂ ਕਹਿ ਨਹੀਂ ਸਕਦੇ, (ਤੁਸੀਂ ਆਪ ਹੀ ਸਾਨੂੰ ਦੱਸੋ) ਅਸੀਂ ਅਭਾਗੇ ਮਨੁੱਖ (ਆਪ ਜੀ ਨੂੰ) ਕਿਸ ਤਰ੍ਹਾਂ ਮਿਲ ਸਕਦੇ ਹਾਂ?।੩। (ਅਰਦਾਸ) ਹੇ ਹਰੀ ਪ੍ਰਭੂ ਸੁਆਮੀ! (ਸਾਡੇ ਉਤੇ) ਕ੍ਰਿਪਾ ਕਰੋ, (ਤਾਂ ਜੋ) ਅਸੀਂ ਹਰਿ ਹਰਿ ਨਾਮ ਜਪਣ ਦੀ ਸੇਵਾ ਵਿਚ ਲੱਗੇ ਰਹੀਏ। ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਪ੍ਰਭੂ! (ਸਾਨੂੰ) ਅਪਣੇ ਦਾਸਾਂ ਦਾ ਦਾਸ ਬਣਾ ਲਵੋ, (ਤਾਂ ਕਿ ਉਨ੍ਹਾਂ ਦੀ ਸੰਗਤ ਵਿਚ) ਹੇ ਹਰੀ! ਅਸੀਂ ਤੇਰੀ ਕਥਾ ਕਥਨ (ਸਿਫਤ ਸਲਾਹ) ਕਰਦੇ ਰਹੀਏ।੪।੨।

ਪਦਾਰਥ = ਤਿਨ ਕਾ–ਉਨ੍ਹਾਂ ਦਾ। ਭਉ–ਡਰ। ਸੇਵਾ–ਸੇਵਾ ਭਗਤੀ। ਗੁਰਮਤਿ–ਗੁਰੂ ਦੀ ਸਿੱਖਿਆ। ਅੰਤਰਿ–ਹਿਰਦੇ ਅੰਦਰ। ਜਾਗੀ–ਜਾਗ ਪਈ (ਪ੍ਰਕਾਸ਼ ਹੋਇਆ) ਹੈ।੧। ਨਾਮਿ–ਨਾਮ ਵਿਚ। ਰਤਾ–ਰੰਗਿਆ ਹੈ। ਬੈਰਾਗੀ–ਮਾਇਆ ਦੇ ਮੋਹ ਤੋਂ ਨਿਰਲੇਪ। ਮਨਿ–ਮਨ ਵਿਚ। ਭਾਈ–ਚੰਗੀ ਲੱਗੀ। ਲਿਵ ਲਾਗੀ–ਸੁਰਤ ਜੁੜ ਗਈ।੧। ਰਹਾਉ। ਤੁਮ੍–ਤੂੰ। ਸਾਂਗੀ–ਨਕਲ ਕਰਨ ਵਾਲਾ। ਬੁਲਗ–ਬੋਲ। ਬੁਲਾਗੀ–ਬੋਲਦੇ ਹਾਂ।੨। ਕਿਆ ਹਮ–ਅਸੀਂ ਕੀ ਹਾਂ? ਕਿਰਮ–ਕੀੜੇ। ਨਾਨ੍–ਬਹੁਤ ਨਿੱਕੇ। ਨਿਕ–ਨਿੱਕੇ। ਕੀਰੇ–ਕੀੜੇ। ਵਡ ਵਡਾਗੀ–ਵੱਡੇ ਤੋਂ ਵੱਡਾ। ਗਤਿ–ਅਵਸਥਾ। ਮਿਤਿ–ਅੰਦਾਜਾ; ਮਾਪ। ਕਿਉ ਕਰਿ–ਕਿਸ ਤਰ੍ਹਾਂ। ਮਿਲਹ–ਮਿਲ ਸਕਦੇ ਹਾਂ। ਅਭਾਗੀ–ਅਭਾਗੇ।੩। ਧਾਰਹੁ–ਕਰੋ। ਦਾਸਨਿ ਦਾਸ–ਦਾਸਾਂ ਦਾ ਦਾਸ। ਕਰਹੁ–ਬਣਾ ਲਵੋ। ਕਥਾਗੀ–ਕਥਨ ਕਰਦੇ ਰਹੀਏ।੪।੨।

ਧਨਾਸਰੀ ਮਹਲਾ ੪ ॥ ਹਰਿ ਕਾ ਸੰਤੁ ਸਤਗੁਰੁ ਸਤ ਪੁਰਖਾ, ਜੋ ਬੋਲੈ ਹਰਿ ਹਰਿ ਬਾਨੀ ॥ ਜੋ ਜੋ ਕਹੈ ਸੁਣੈ ਸੋ ਮੁਕਤਾ, ਹਮ ਤਿਸ ਕੈ ਸਦ ਕੁਰਬਾਨੀ ॥੧॥ ਹਰਿ ਕੇ ਸੰਤ ਸੁਨਹੁ ਜਸੁ ਕਾਨੀ ॥ ਹਰਿ ਹਰਿ ਕਥਾ ਸੁਨਹੁ ਇਕ ਨਿਮਖ ਪਲ, ਸਭਿ ਕਿਲਵਿਖ ਪਾਪ ਲਹਿ ਜਾਨੀ ॥੧॥ਰਹਾਉ॥ ਐਸਾ ਸੰਤੁ ਸਾਧੁ ਜਿਨ ਪਾਇਆ, ਤੇ ਵਡ ਪੁਰਖ ਵਡਾਨੀ ॥ ਤਿਨ ਕੀ ਧੂਰਿ ਮੰਗਹ ਪ੍ਰਭ ਸੁਆਮੀ, ਹਮ ਹਰਿ ਲੋਚ ਲੁਚਾਨੀ ॥੨॥ ਹਰਿ ਹਰਿ ਸਫਲਿਓ ਬਿਰਖੁ ਪ੍ਰਭ ਸੁਆਮੀ, ਜਿਨ ਜਪਿਓ ਸੇ ਤ੍ਰਿਪਤਾਨੀ ॥ ਹਰਿ ਹਰਿ ਅੰਮ੍ਰਿਤੁ ਪੀ ਤ੍ਰਿਪਤਾਸੇ, ਸਭ ਲਾਥੀ ਭੂਖ ਭੁਖਾਨੀ ॥੩॥ ਜਿਨ ਕੇ ਵਡੇ ਭਾਗ ਵਡ ਊਚੇ, ਤਿਨ ਹਰਿ ਜਪਿਓ ਜਪਾਨੀ ॥ ਤਿਨ ਹਰਿ ਸੰਗਤਿ ਮੇਲਿ ਪ੍ਰਭ ਸੁਆਮੀ ,ਜਨ ਨਾਨਕ ਦਾਸ ਦਸਾਨੀ ॥੪॥੩॥ (ਹੇ ਭਾਈ!) ਹਰੀ ਦਾ ਸੰਤ ਸਤਿਗੁਰੂ ਸ੍ਰੇਸਟ ਪੁਰਖ ਐਸਾ ਹੈ, ਜੋ (ਅਪਣੇ ਮੂੰਹ ਤੋਂ) ਹਰੀ ਦੀ ਸਿਫਤ ਸਲਾਹ ਦੀ ਬਾਣੀ ਉਚਾਰਦਾ ਹੈ। ਜੋ ਜੋ ਮਨੁੱਖ (ਇਹ ਨਾਮ ਬਾਣੀ) ਪੜ੍ਹਦਾ ਹੈ ਅਤੇ ਸੁਣਦਾ ਹੈ, ਉਹ ਮੁਕਤ ਹੋ ਜਾਂਦਾ ਹੈ, ਅਸੀਂ ਉਸ (ਬਾਣੀ ਪੜ੍ਹਨ ਤੇ ਸੁਣਨ ਵਾਲੇ ਗੁਰਸਿੱਖਾਂ) ਤੋਂ ਸਦਾ ਕੁਰਬਾਨ ਜਾਂਦੇ ਹਾਂ।੧। ਹੇ ਹਰੀ ਦੇ ਸੰਤ ਜਨੋਂ! ਹਰੀ ਦਾ ਜਸ ਕੰਨਾਂ

ਨਾਲ ਸੁਣੋ।(ਜੇ ਤੁਸੀਂ) ਹਰਿ ਹਰਿ ਨਾਮ ਦੀ ਕਥਾ ਇਕ ਨਿਮਖ ਭਰ ਜਾਂ ਇਕ ਪਲ ਭਰ ਲਈ ਵੀ ਸੁਣ ਲਵੋਗੇ ਤਾਂ (ਤੁਹਾਡੇ) ਸਾਰੇ ਛੋਟੇ ਪਾਪ ਤੇ ਵੱਡੇ ਪਾਪ ਲਹਿ ਜਾਣਗੇ।੧।ਰਹਾਉ।ਜਿਨ੍ਹਾਂ ਨੂੰ ਅਜੇਹਾ ਪੂਰਨ ਸੰਤ (ਸਤਿਗੁਰੂ) ਪ੍ਰਾਪਤ ਹੋਇਆ ਹੈ, ਉਹ ਵੱਡੇ ਤੋਂ ਵੱਡੇ ਪੁਰਖ ਬਣ ਗਏ ਹਨ।ਹੇ ਮਾਲਕ ਪ੍ਰਭੂ! ਮੈਂ ਉਨ੍ਹਾਂ (ਸੰਤਾਂ ਦੇ) ਚਰਨਾਂ ਦੀ ਧੂੜ ਮੰਗਦਾ ਹਾਂ, ਹੇ ਹਰੀ! ਸਾਨੂੰ (ਉਨ੍ਹਾਂ ਦੀ ਚਰਨ ਧੂੜ ਦੀ) ਲੋਚਾ ਲੱਗੀ ਹੋਈ ਹੈ; ਸਾਨੂੰ ਹਰੀ ਦੇ ਮਿਲਣ ਦੀ ਲੋਚਾ ਲੱਗੀ ਹੋਈ ਹੈ।੨।(ਹੇ ਭਾਈ!) ਮਾਲਕ ਪ੍ਰਭੂ ਦਾ ਹਰਿ ਹਰਿ ਨਾਮ ਸਭ ਫਲ ਦੇਣ ਵਾਲਾ ਬ੍ਰਿਛ ਹੈ, ਜਿਨ੍ਹਾਂ ਪੁਰਖਾਂ ਨੇ ਹਰੀ ਨੂੰ ਜਪਿਆ ਹੈ, ਉਹ ਰੱਜ ਗਏ ਹਨ।(ਉਹ) ਹਰਿ ਹਰਿ ਨਾਮ ਰੂਪ ਅੰਮ੍ਰਿਤ ਪੀ ਕੇ ਰੱਜ ਗਏ ਹਨ, (ਉਨ੍ਹਾਂ ਦੀ) ਤ੍ਰਿਸ਼ਨਾ ਦੀ ਸਾਰੀ ਭੁੱਖ ਲੱਥ ਗਈ ਹੈ (ਉਨ੍ਹਾਂ ਨੂੰ ਇਸ ਲੋਕ ਦੇ ਤੇ ਪ੍ਰਲੋਕ ਦੇ ਪਦਾਰਥਾਂ ਦੀ ਭੁੱਖ ਨਹੀਂ ਰਹੀ)।੩।ਜਿਨ੍ਹਾਂ ਪੁਰਖਾਂ ਦੇ ਵੱਡੇ ਤੋਂ ਵੱਡੇ ਉਚੇ ਭਾਗ ਹਨ, ਉਨ੍ਹਾਂ ਨੇ ਜਪਣ ਯੋਗ ਹਰੀ ਨੂੰ ਜਪਿਆ ਹੈ।ਹੇ ਮਾਲਕ ਪ੍ਰਭੂ! ਮੈਨੂੰ ਉਨ੍ਹਾਂ ਦੀ ਸੰਗਤ ਵਿਚ ਮਿਲਾ ਦੇਹ, ਦਾਸ ਨਾਨਕ (ਉਨ੍ਹਾਂ ਦੇ) ਦਾਸਾਂ ਦਾ ਦਾਸ ਹੈ।੪।੩।

ਪਦਾਰਥ = ਸਤਪੁਰਖਾ-ਸ੍ਰੇਸਟ ਪੁਰਖ।ਹਰਿ ਹਰਿ ਬਾਨੀ-ਹਰੀ ਦੀ ਸਿਫਤ ਸਲਾਹ ਵਾਲੀ ਬਾਣੀ।ਕਹੈ-ਬੋਲਦਾ (ਪੜ੍ਹਦਾ) ਹੈ।ਸੋ-ਉਹ।ਮੁਕਤਾ-ਜਨਮ ਮਰਨ ਤੋਂ ਮੁਕਤ।ਹਮ-ਅਸੀਂ।ਸਦ-ਸਦਾ।ਕੁਰਬਾਨੀ-ਕੁਰਬਾਨ ਜਾਂਦੇ ਹਾਂ।੧।ਕਾਨੀ-ਕੰਨਾਂ ਨਾਲ; ਧਿਆਨ ਨਾਲ।ਨਿਮਖ-ਅੱਖ ਝਮਕਣ ਜਿੰਨਾ ਸਮਾਂ।ਪਲ-੨੪ ਸਕਿੰਟਾਂ ਦਾ ਸਮਾਂ।ਕਿਲਵਿਖ ਪਾਪ-ਛੋਟੇ ਪਾਪ ਤੇ ਵੱਡੇ ਪਾਪ।ਲਹਿ ਜਾਨੀ-ਉਤਰ ਜਾਣਗੇ।੧।ਰਹਾਉ।ਸੰਤੁ ਸਾਧੁ-ਪੂਰਨ ਸੰਤ (ਸਤਿਗੁਰੂ)।ਜਿਨ-ਜਿਨ੍ਹਾਂ ਨੂੰ।ਤੇ-ਉਹ।ਵਡ ਵਡਾਨੀ-ਵੱਡੇ ਤੋਂ ਵੱਡੇ ਬਣ ਗਏ ਹਨ।ਤਿਨ ਕੀ-ਉਨ੍ਹਾਂ ਦੀ।ਧੂਰਿ-ਚਰਨ ਧੂੜ।ਮੰਗਹ-ਮੈਂ ਮੰਗਦਾ ਹਾਂ।ਲੋਚ ਲੁਚਾਨੀ-ਤਾਂਘ (ਇੱਛਾ; ਸ਼ਰਧਾ) ਲਗੀ ਹੋਈ ਹੈ।੨। ਸਫਲਿਓ-ਫਲ ਦੇਣ ਵਾਲਾ ਬ੍ਰਿਛ।ਸੇ-ਉਹ।ਤ੍ਰਿਪਤਾਨੀ-ਰੱਜ ਗਏ।ਪੀ-ਪੀ ਕੇ।ਤ੍ਰਿਪਤਾਸੇ-ਰੱਜ ਗਏ।ਲਾਥੀ-ਲਹਿ (ਮਿਟ) ਗਈ। ਭੂਖ ਭੁਖਾਨੀ-ਤ੍ਰਿਸ਼ਨਾ ਦੀ ਭੁੱਖ; ਭੁਖਿਆਂ ਦੀ ਭੁੱਖ; ਭਖਾਉਣ ਵਾਲੀ ਭੁੱਖ।੩।ਵਡੇ ਵਡ-ਵੱਡੇ ਤੋਂ ਵੱਡੇ।ਜਪਾਨੀ-ਜਪਣ ਯੋਗ (ਹਰੀ ਨੂੰ; ਹੋਰਨਾਂ ਨੂੰ) ਜਪਾਇਆ ਹੈ; ਜਾਪ।ਜਨ ਨਾਨਕ-ਦਾਸ ਨਾਨਕ।ਦਾਸ ਦਸਾਨੀ-ਦਾਸਾਂ ਦਾ ਦਾਸ।੪।੩।

ਧਨਾਸਰੀ ਮਹਲਾ ੪ ॥ ਹਮ ਅੰਧੁਲੇ ਅੰਧ ਬਿਖੈ ਬਿਖੁ ਰਾਤੇ, ਕਿਉ ਚਾਲਹ ਗੁਰ ਚਾਲੀ ॥ ਸਤਗੁਰੁ ਦਇਆ ਕਰੇ ਸੁਖ ਦਾਤਾ, ਹਮ ਲਾਵੈ ਆਪਨ ਪਾਲੀ ॥੧॥ ਗੁਰਸਿਖ ਮੀਤ ਚਲਹੁ ਗੁਰ ਚਾਲੀ ॥ ਜੋ ਗੁਰੁ ਕਹੈ ਸੋਈ ਭਲ ਮਾਨਹੁ ,ਹਰਿ ਹਰਿ ਕਥਾ ਨਿਰਾਲੀ ॥੧॥ ਰਹਾਉ॥ ਹਰਿ ਕੇ ਸੰਤ ਸੁਣਹੁ ਜਨ ਭਾਈ, ਗੁਰੁ ਸੇਵਿਹੁ ਬੇਗਿ ਬੇਗਾਲੀ ॥ ਸਤਗੁਰੁ ਸੇਵਿ ਖਰਚੁ ਹਰਿ ਬਾਧਹੁ ,ਮਤ ਜਾਣਹੁ ਆਜੁ ਕਿ ਕਾਲ੍ਹੀ ॥੨॥ ਹਰਿ ਕੇ ਸੰਤ ਜਪਹੁ ਹਰਿ ਜਪਣਾ, ਹਰਿ ਸੰਤੁ ਚਲੈ ਹਰਿ ਨਾਲੀ ॥ ਜਿਨ ਹਰਿ ਜਪਿਆ ਸੇ ਹਰਿ ਹੋਏ, ਹਰਿ ਮਿਲਿਆ ਕੇਲ ਕੇਲਾਲੀ ॥੩॥ (ਹੇ ਭਾਈ!) ਅਸੀਂ ਲੋਕ ਅਗਿਆਨ ਦੇ ਹਨ੍ਹੇਰੇ ਕਰਕੇ ਅੰਨ੍ਹੇ ਹਾਂ, ਜਹਿਰੀਲੇ ਪਦਾਰਥਾਂ ਦੇ ਸੁਆਦਾਂ ਵਿਚ ਮਗਨ ਹਾਂ, (ਫਿਰ ਅਸੀਂ) ਕਿਸ ਤਰ੍ਹਾਂ ਗੁਰੂ ਦੀ ਦੱਸੀ ਹੋਈ ਮਰਿਆਦਾ ਵਿਚ ਚਲ ਸਕਦੇ ਹਾਂ? ਸੁਖ ਦੇਣ ਵਾਲਾ ਸਤਿਗੁਰੂ (ਆਪ ਹੀ ਸਾਡੇ ਉਤੇ) ਦਇਆ ਕਰੇ ਤੇ ਸਾਨੂੰ ਅਪਣੇ ਪੱਲੇ ਲਾ (ਚਰਨਾਂ ਨਾਲ ਜੋੜ) ਲਵੇ (ਤਦ ਅਸੀਂ ਗੁਰੂ ਦੀ ਮਰਿਆਦਾ ਤੇ ਚਲ ਸਕਦੇ ਹਾਂ)।੧।ਹੇ ਗੁਰਸਿੱਖ ਮਿਤ੍ਰੋ! ਗੁਰੂ ਦੀ ਦੱਸੀ ਮਰਿਆਦਾ ਤੇ ਚੱਲੋ।ਜੋ ਕੁਛ ਗੁਰੂ ਕਹਿੰਦਾ ਹੈ, ਉਸ ਨੂੰ (ਅਪਣਾ) ਭਲਾ ਸਮਝ ਕੇ ਮੰਨ ਲਵੋ, ਹਰੀ (ਦੀ ਸਿਫਤ ਸਲਾਹ) ਦੀ ਕਥਾ ਨਿਰਾਲੀ (ਜੀਵਨ ਨੂੰ ਉਚਾ ਲੈ ਜਾਣ ਵਾਲੀ) ਹੈ।੧।ਰਹਾਉ।ਹੇ ਸੰਤੋ! ਹੇ ਭਾਈ ਜਨੋਂ! ਸੁਣੋ, ਛੇਤੀ ਤੋਂ ਛੇਤੀ ਗੁਰੂ ਦੀ ਸੇਵਾ ਕਰਿਆ ਕਰੋ।ਸਤਿਗੁਰੂ ਦੀ ਸੇਵਾ ਕਰਕੇ ਹਰੀ ਨਾਮ ਦਾ ਖਰਚ (ਅਪਣੇ ਹਿਰਦੇ ਰੂਪ) ਪੱਲੇ ਬੰਨ੍ਹ ਲਵੋ (ਜੋ ਅੱਗੇ ਪ੍ਰਲੋਕ ਵਿਚ ਕੰਮ ਆਵੇਗਾ, ਪਰ ਇਹ) ਨਾ ਜਾਣੋ ਕਿ (ਨਾਮ ਸਿਮਰਨ) ਅੱਜ ਬਾਦ ਵਿਚ ਜਾਂ ਕਲ੍ਹ ਕਰ ਲਵਾਂਗੇ (ਟਾਲ ਮਟੋਲ ਨਾ ਕਰੋ); ਕੁਝ ਪਤਾ ਨਹੀਂ ਅਸਾਂ ਅੱਜ ਕਿ ਕਲ੍ਹ (ਕਿਸ ਵੇਲੇ) ਮਰ ਜਾਣਾ ਹੈ (ਸ਼ਬਦਾਰਥ)।੨।ਹੇ ਹਰੀ ਦੇ ਸੰਤ ਜਨੋਂ! ਹਰੀ ਦਾ ਜਾਪ ਜਪੋ, ਹਰੀ ਦਾ ਸੰਤ (ਸਰੀਰ ਛਡ ਕੇ ਪ੍ਰਲੋਕ ਨੂੰ) ਹਰੀ ਦੇ ਨਾਲ ਚਲਦਾ ਹੈ (ਉਹ ਇਕੱਲਾ ਨਹੀਂ ਜਾਂਦਾ, ਹਰੀ ਉਸ ਦੇ ਨਾਲ ਹੁੰਦਾ ਹੈ) {ਇਹੁ ਹਰਿ ਧਨੁ ਜੀਐ ਸੇਤੀ ਰਵਿ ਰਹਿਆ, ਜੀਐ ਨਾਲੇ ਜਾਇ ੫੧੧}।ਜਿਨ੍ਹਾਂ ਪੁਰਖਾਂ ਨੇ ਹਰੀ ਦਾ ਨਾਮ ਜਪਿਆ ਹੈ, ਉਹ ਹਰੀ ਦਾ ਰੂਪ ਹੋ ਗਏ ਹਨ (ਕਿਉਂਕਿ ਉਨ੍ਹਾਂ ਨੂੰ) ਕੌਤਕ ਕਰਨ ਵਾਲਾ ਚੋਜੀ ਹਰੀ ਮਿਲ ਪਿਆ ਹੈ।੩।

ਅੰਗ ੬੬੮ = ਹਰਿ ਹਰਿ ਜਪਨੁ ਜਪਿ ਲੋਚ ਲੋੁਚਾਨੀ, ਹਰਿ ਕਿਰਪਾ ਕਰਿ ਬਨਵਾਲੀ ॥ ਜਨ ਨਾਨਕ ਸੰਗਤਿ ਸਾਧ ਹਰਿ ਮੇਲਹੁ , ਹਮ ਸਾਧ ਜਨਾ ਪਗ ਰਾਲੀ ॥੪॥੪॥ (ਮੇਰੇ ਮਨ ਵਿਚ) ਹਰਿ ਹਰਿ ਜਾਪ ਜਪਣ ਦੀ ਇੱਛਾ ਲੱਗੀ ਹੋਈ ਹੈ, ਹੇ ਹਰੀ! ਹੇ ਬਨਵਾਲੀ! (ਮੇਰੇ ਤੇ) ਕ੍ਰਿਪਾ ਕਰ।ਹੇ ਹਰੀ! ਦਾਸ ਨਾਨਕ ਨੂੰ ਸਾਧ ਸੰਗਤ ਵਿਚ ਮਿਲਾ ਦੇ, ਮੈਂ ਸਾਧ ਜਨਾਂ ਦੇ ਚਰਨਾਂ ਦੀ ਧੂੜ ਹਾਂ।੪।੪।

ਪਦਾਰਥ = ਅੰਧੁਲੇ ਅੰਧ-ਅਗਿਆਨ ਦੇ ਹਨ੍ਹੇਰੇ ਕਰਕੇ ਅੰਨ੍ਹੇ ਹਾਂ।ਬਿਖੈ-ਵਿਖੇ (ਵਿਚ)।ਬਿਖੁ-ਜਹਿਰੀਲੇ (ਪਦਾਰਥਾਂ ਦੇ ਸੁਆਦਾਂ ਵਿਚ)।ਰਾਤੇ-ਮਗਨ ਹਾਂ।ਚਾਲਹ-ਚਲ ਸਕਦੇ ਹਾਂ।ਗੁਰ ਚਾਲੀ-ਗੁਰੂ ਦੀ ਦੱਸੀ ਮਰਿਆਦਾ; ਜੀਵਨ ਜਿਉਣ ਦਾ ਢੰਗ; ਗੁਰਮਤਿ ਮਾਰਗ।ਹਮ-ਸਾਨੂੰ।ਲਾਵੈ-ਲਾ ਲਵੇ।ਪਾਲੀ-ਪੱਲੇ; ਲੜ।੧।ਮੀਤ-ਹੇ ਮਿਤ੍ਰੋ!।ਸੋਈ-ਉਸ ਨੂੰ।ਭਲ-ਭਲਾ।ਮਾਨਹੁ-ਮੰਨ ਲਵੋ। ਨਿਰਾਲੀ-ਅਨੋਖੀ; ਵਖਰੀ ਕਿਸਮ ਦੀ।੧।ਰਹਾਉ।ਜਨ ਭਾਈ-ਹੇ ਭਾਈ ਜਨੋਂ!।ਸੇਵਿਹੁ-ਸੇਵਾ ਕਰੋ।ਬੇਗਿ ਬੇਗਾਲੀ-ਛੇਤੀ ਤੋਂ ਛੇਤੀ ।ਖਰਚੁ ਹਰਿ-ਹਰੀ ਦੇ ਨਾਮ ਦਾ ਖਰਚ।ਬਾਧਹੁ-(ਪੱਲੇ) ਬੰਨ੍ਹ ਲਵੋ।ਮਤ ਜਾਨਹੁ-ਮਤਾਂ ਇਹ ਜਾਣੋ; ਨਾ ਜਾਣੋ।ਆਜ ਕਿ ਕਾਲੀ-

ਅੱਜ ਜਾਂ ਕਲ੍ਹ।੨।ਜਪਣਾ–ਜਾਪ।ਚਲੈ ਹਰਿ ਨਾਲੀ–ਹਰੀ ਦੇ ਨਾਲ ਜਾਂਦਾ ਹੈ।ਸੇ–ਉਹ।ਹਰਿ ਹੋਏ–ਹਰੀ ਦਾ ਰੂਪ ਹੋ ਗਏ।ਕੇਲ–ਕੌਤਕ; ਚੋਜ।ਕੇਲਾਲੀ–ਕੌਤਕ ਕਰਨ ਵਾਲਾ; ਚੋਜੀ।੩।ਜਪਨੁ–ਜਾਪ।ਲੋਚ–ਤਾਂਘ; ਸ਼ਰਧਾ।ਲੋੁਚਾਨੀ–ਲੱਗੀ ਹੋਈ ਹੈ।ਬਨਵਾਲੀ–ਸੰਸਾਰ ਦੀ ਬਨਸਪਤੀ ਜਿਸ ਹਰੀ ਦੀ ਮਾਲਾ ਹੈ; ਸੰਸਾਰ ਬਾਗ ਦਾ ਮਾਲੀ।ਪਗ–ਪੈਰਾਂ (ਚਰਨਾਂ) ਦੀ।ਰਾਲੀ–ਧੂੜ।੪।੪।

ਧਨਾਸਰੀ ਮਹਲਾ ੪ ॥ ਹਰਿ ਹਰਿ ਬੂੰਦ ਭਏ ਹਰਿ ਸੁਆਮੀ, ਹਮ ਚਾਤ੍ਰਿਕ ਬਿਲਲ ਬਿਲਲਾਤੀ ॥ ਹਰਿ ਹਰਿ ਕ੍ਰਿਪਾ ਕਰਹੁ ਪ੍ਰਭ ਅਪਨੀ, ਮੁਖਿ ਦੇਵਹੁ ਹਰਿ ਨਿਮਖਾਤੀ ॥੧॥ ਹਰਿ ਬਿਨੁ ਰਹਿ ਨ ਸਕਉ ਇਕ ਰਾਤੀ ॥ ਜਿਉ ਬਿਨੁ ਅਮਲੈ ਅਮਲੀ ਮਰਿ ਜਾਈ ਹੈ, ਤਿਉ ਹਰਿ ਬਿਨੁ ਹਮ ਮਰਿ ਜਾਤੀ ॥ਰਹਾਉ॥ ਤੁਮ ਹਰਿ ਸਰਵਰ ਅਤਿ ਅਗਾਹ, ਹਮ ਲਹਿ ਨ ਸਕਹਿ ਅੰਤੁ ਮਾਤੀ ॥ ਤੂ ਪਰੈ ਪਰੈ ਅਪਰੰਪਰੁ ਸੁਆਮੀ, ਮਿਤਿ ਜਾਨਹੁ ਆਪਨ ਗਾਤੀ ॥੨॥ ਹਰਿ ਕੇ ਸੰਤ ਜਨਾ ਹਰਿ ਜਪਿਓ, ਗੁਰ ਰੰਗਿ ਚਲੂਲੈ ਰਾਤੀ ॥ ਹਰਿ ਹਰਿ ਭਗਤਿ ਬਨੀ ਅਤਿ ਸੋਭਾ, ਹਰਿ ਜਪਿਓ ਊਤਮ ਪਾਤੀ ॥੩॥ ਆਪੇ ਠਾਕੁਰੁ ਆਪੇ ਸੇਵਕੁ ,ਆਪਿ ਬਨਾਵੈ ਭਾਤੀ ॥ ਨਾਨਕੁ ਜਨੁ ਤੁਮਰੀ ਸਰਣਾਈ, ਹਰਿ ਰਾਖਹੁ ਲਾਜ ਭਗਾਤੀ ॥੪॥੫॥ ਹੇ ਮਾਲਕ ਹਰੀ! (ਤੁਸੀਂ) ਸ੍ਵਾਂਤੀ ਬੂੰਦ ਹੋਏ ਹੋ, ਅਸੀਂ ਚਾਤ੍ਰਿਕ (ਸ੍ਵਾਂਤੀ ਬੂੰਦ ਲਈ) ਵਿਆਕੁਲ ਹੋ ਕੇ ਬਿਲਕਦੇ ਫਿਰਦੇ ਹਾਂ (ਪਪੀਹਾ ਸ੍ਵਾਂਤੀ ਬੂੰਦ ਲਈ ਤਰਸਦਾ ਹੋਇਆ ਪ੍ਰਿਉ ਪ੍ਰਿਉ ਕਰਦਾ ਫਿਰਦਾ ਹੈ)।ਹੇ ਹਰੀ ਪ੍ਰਭੂ! ਮੇਰੇ ਤੇ ਅਪਣੀ ਕ੍ਰਿਪਾ ਕਰੋ, ਮੇਰੇ ਮੂੰਹ ਵਿਚ ਨਿਮਖ ਭਰ ਲਈ ਹਰੀ ਨਾਮ ਦੀ ਬੂੰਦ ਪਾ ਦਿਓ।੧।(ਹੇ ਭਾਈ!) ਮੈਂ ਹਰੀ ਤੋਂ ਬਿਨਾ ਇਕ ਰੱਤੀ ਭਰ ਸਮਾਂ ਵੀ ਨਹੀਂ ਰਹਿ ਸਕਦਾ।ਜਿਵੇਂ ਅਮਲੀ ਅਮਲ ਤੋਂ ਬਿਨਾ ਮਰਨ ਵਾਲਾ ਹੋ ਜਾਂਦਾ ਹੈ, ਤਿਵੇਂ ਹਰੀ ਦੇ ਨਾਮ ਤੋਂ ਬਿਨਾ ਮੈਂ ਮਰਨ ਵਾਲਾ ਹੋ ਜਾਂਦਾ ਹਾਂ।ਰਹਾਉ।ਹੇ ਹਰੀ! ਤੁਸੀਂ ਬਹੁਤ ਡੂੰਘੇ ਸਮੁੰਦਰ ਹੋ, ਅਸੀਂ ਤੇਰੀ ਡੂੰਘਾਈ ਦਾ ਤਿਲ ਮਾਤ੍ਰ ਜਿਤਨਾ ਵੀ ਅੰਤ ਨਹੀਂ ਲਭ ਸਕਦੇ।ਹੇ ਸੁਆਮੀ! ਤੂੰ ਪਰੇ ਤੋਂ ਪਰੇ ਅਤੇ ਪਰਕ੍ਰਿਤੀ ਦੇ ਪਾਰਾਵਾਰ ਤੋਂ ਵੀ ਪਰੇ ਹੈਂ, ਤੂੰ ਅਪਣੀ ਅਵਸਥਾ ਦਾ ਅੰਦਾਜਾ ਆਪ ਹੀ ਜਾਣਦਾ ਹੈਂ।੨।(ਹੇ ਭਾਈ!) ਹਰੀ ਦੇ ਸੰਤ ਜਨਾਂ ਨੇ ਹਰੀ ਦਾ ਨਾਮ ਜਪਿਆ ਹੈ, (ਜਿਸ ਕਰਕੇ ਉਹ) ਗੁਰੂ ਦੇ ਗੂੜ੍ਹੇ ਪ੍ਰੇਮ ਰੰਗ ਵਿਚ ਰੰਗੇ ਹੋਏ ਹਨ।ਹਰਿ ਹਰਿ ਨਾਮ ਦੀ ਸਿਮਰਨ ਭਗਤੀ ਕਰਕੇ (ਸੰਸਾਰ ਵਿਚ ਉਨ੍ਹਾਂ ਦੀ) ਬੜੀ ਸੋਭਾ ਬਣੀ ਹੋਈ ਹੈ, (ਕਿਉਂਕਿ ਜਿਨ੍ਹਾਂ ਨੇ) ਹਰੀ ਦਾ ਨਾਮ ਜਪਿਆ ਹੈ, (ਉਨ੍ਹਾਂ ਨੂੰ) ਉਤਮ ਇਜਤ ਮਿਲਦੀ ਹੈ।੩।(ਅਜੇਹੇ ਸੰਤਾਂ ਦੀ ਨਜਰ ਵਿਚ) ਹਰੀ ਆਪ ਹੀ ਮਾਲਕ ਹੈ ਤੇ ਆਪ ਹੀ ਸੇਵਕ ਰੂਪ ਹੈ, ਹਰੀ ਆਪ ਹੀ (ਸੇਵਕ ਬਣਨ ਦੀ) ਵਿਓਂਤ ਬਣਾਉਂਦਾ ਹੈ।ਹੇ ਹਰੀ! ਦਾਸ ਨਾਨਕ ਤੇਰੀ ਸ਼ਰਣ ਵਿਚ ਆਇਆ ਹੈ, (ਕ੍ਰਿਪਾ ਕਰਕੇ ਅਪਣੇ) ਭਗਤਾਂ ਦੀ ਲਾਜ ਰੱਖੋ ਜੀ।੪।੫।

ਪਦਾਰਥ = ਬੂੰਦ–ਸ੍ਵਾਂਤੀ ਬੂੰਦ।ਭਏ–ਹੋਏ ਹੋ।ਹਮ–ਅਸੀਂ।ਚਾਤ੍ਰਿਕ–ਪਪੀਹਾ।ਬਿਲਲ–ਵਿਆਕੁਲ ਹੋ ਕੇ।ਬਿਲਲਾਤੀ–ਵਿਰਲਾਪ ਕਰਦੇ ਫਿਰਦੇ ਹਾਂ।ਮੁਖਿ ਦੇਵਹੁ–ਮੂੰਹ ਵਿਚ ਪਾ ਦਿਓ।ਨਿਮਖਾਤੀ–ਖਿਨ ਭਰ ਸਮੇਂ ਲਈ।੧।ਰਾਤੀ–ਰੱਤੀ ਭਰ ਸਮਾਂ; ਰਾਤ।ਅਮਲੈ–ਨਸ਼ਾ।ਅਮਲੀ–ਨਸ਼ੇ ਦਾ ਆਦੀ ਮਨੁੱਖ।ਮਰਿ ਜਾਈ ਹੈ–ਮਰਨ ਵਾਲਾ ਹੋ ਜਾਂਦਾ ਹੈ।ਮਰਿ ਜਾਤੀ–ਮਰਨ ਕਿਨਾਰੇ ਹੋ ਜਾਂਦਾ ਹਾਂ।ਰਹਾਉ।ਸਰਵਰ–ਸਮੁੰਦਰ।ਅਤਿ–ਬਹੁਤ।ਅਗਾਹ–ਡੂੰਘਾ।ਲਹਿ ਨ ਸਕਹਿ–ਲੱਭ ਨਹੀਂ ਸਕਦੇ।ਮਾਤੀ–ਤਿਲ ਮਾਤ੍ਰ।ਅਪਰੰਪਰ–ਪਰਕ੍ਰਿਤੀ ਦੇ ਪਾਰਾਵਾਰ ਤੋਂ ਪਰੇ।ਮਿਤਿ–ਅੰਦਾਜਾ; ਹੱਦ (ਵਿਸਥਾਰ)।ਗਾਤੀ–ਅਵਸਥਾ; ਵਡਿਆਈ।੨।ਰੰਗਿ ਚਲੂਲੈ–ਪ੍ਰੇਮ ਦੇ ਗੂੜ੍ਹੇ ਰੰਗ ਵਿਚ।ਰਾਤੀ–ਰੰਗੇ ਹੋਏ ਹਨ।ਬਨੀ–ਬਣੀ ਹੈ।ਪਾਤੀ–ਪੱਤ (ਇੱਜਤ); ਪਤੀ (ਸੰ.ਸ.)।੩।ਠਾਕੁਰੁ–ਮਾਲਕ ਪ੍ਰਭੂ।ਬਨਾਵੈ ਭਾਤੀ–ਵਿਓਂਤ ਬਣਾਉਂਦਾ ਹੈ।ਨਾਨਕੁ ਜਨੁ–ਦਾਸ ਨਾਨਕ।ਲਾਜ–ਪੈਜ; ਇੱਜਤ।ਭਗਾਤੀ–ਭਗਤਾਂ ਦੀ।੪।੫।

ਧਨਾਸਰੀ ਮਹਲਾ ੪ ॥ ਕਲਿਜੁਗ ਕਾ ਧਰਮੁ ਕਹਹੁ ਤੁਮ ਭਾਈ, ਕਿਵ ਛੂਟਹ ਹਮ ਛੁਟਕਾਕੀ ॥ ਹਰਿ ਹਰਿ ਜਪੁ ਬੇੜੀ ਹਰਿ ਤੁਲਹਾ, ਹਰਿ ਜਪਿਓ ਤਰੈ ਤਰਾਕੀ ॥੧॥ ਹਰਿ ਜੀ ਲਾਜ ਰਖਹੁ ਹਰਿ ਜਨ ਕੀ ॥ ਹਰਿ ਹਰਿ ਜਪਨੁ ਜਪਾਵਹੁ ਅਪਨਾ, ਹਮ ਮਾਗੀ ਭਗਤਿ ਇਕਾਕੀ ॥ਰਹਾਉ॥ ਹਰਿ ਕੇ ਸੇਵਕ ਸੇ ਹਰਿ ਪਿਆਰੇ, ਜਿਨ ਜਪਿਓ ਹਰਿ ਬਚਨਾਕੀ ॥ ਲੇਖਾ ਚਿਤ੍ਰ ਗੁਪਤਿ ਜੋ ਲਿਖਿਆ, ਸਭ ਛੂਟੀ ਜਮ ਕੀ ਬਾਕੀ ॥੨॥ ਹਰਿ ਕੇ ਸੰਤ ਜਪਿਓ ਮਨਿ ਹਰਿ ਹਰਿ, ਲਗਿ ਸੰਗਤਿ ਸਾਧ ਜਨਾ ਕੀ ॥ ਦਿਨੀਅਰੁ ਸੂਰੁ ਤ੍ਰਿਸਨਾ ਅਗਨਿ ਬੁਝਾਨੀ, ਸਿਵ ਚਰਿਓ ਚੰਦੁ ਚੰਦਾਕੀ ॥੩॥ ਤੁਮ ਵਡ ਪੁਰਖ ਵਡ ਅਗਮ ਅਗੋਚਰ, ਤੁਮ ਆਪੇ ਆਪਿ ਅਪਾਕੀ ॥ ਜਨ ਨਾਨਕ ਕਉ ਪ੍ਰਭ ਕਿਰਪਾ ਕੀਜੈ, ਕਰਿ ਦਾਸਨਿ ਦਾਸ ਦਸਾਕੀ ॥੪॥੬॥ ਹੇ ਭਾਈ! ਤੁਸੀਂ ਮੈਨੂੰ ਕਲਜੁਗ ਦਾ ਧਰਮ ਦੱਸੋ (ਕਿਉਂਕਿ ਕਈ ਤਰ੍ਹਾਂ ਦੇ ਜਪ ਤਪ ਆਦਿ ਕਰਮ ਕੀਤੇ ਜਾਂਦੇ ਹਨ), ਅਸੀਂ (ਕਲਜੁਗ ਤੋਂ) ਛੁਟਕਾਰਾ ਚਾਹੁਣ ਵਾਲੇ (ਇਸ ਦੇ ਅਸਰ ਤੋਂ) ਕਿਸ ਤਰ੍ਹਾਂ ਛੁਟ ਸਕੀਏ? (ਉਤਰ ਃ– ਕਲਜੁਗ ਤੋਂ ਛੁਟਕਾਰਾ ਪਾਉਣ ਵਾਸਤੇ ਜੀਭ ਨਾਲ) ਹਰਿ ਹਰਿ ਨਾਮ ਦਾ ਜਾਪ ਬੇੜੀ ਹੈ, (ਮਨ ਕਰਕੇ) ਹਰੀ ਦਾ ਨਾਮ ਜਪਣਾ ਤੁਲਹਾ ਹੈ, (ਜਿਸ ਮਨੁੱਖ ਨੇ ਹਰੀ ਦਾ ਨਾਮ) ਜਪਿਆ ਹੈ, ਉਹ ਤੈਰਾਕ ਹੋ ਕੇ (ਭਵਜਲ ਨੂੰ) ਤਰ ਜਾਂਦਾ ਹੈ; ਆਪ ਤਰ ਜਾਂਦਾ ਹੈ ਤੇ ਹੋਰਨਾਂ ਨੂੰ ਵੀ ਤਾਰ ਦੇਂਦਾ ਹੈ (ਸੰ.ਸ.; ਫ.ਸ.)।੧।ਹੇ ਹਰਿ ਜੀ! (ਅਪਣੇ) ਹਰਿ ਜਨਾਂ ਦੀ ਲਾਜ ਰੱਖੋ।ਮੈਨੂੰ ਅਪਣਾ ਹਰਿ ਹਰਿ ਨਾਮ ਦਾ ਜਾਪ ਜਪਾਵੋ, ਮੈਂ (ਆਪ ਜੀ ਪਾਸੋਂ) ਕੇਵਲ ਭਗਤੀ ਦੀ ਦਾਤ ਮੰਗੀ ਹੈ।ਰਹਾਉ।ਹਰੀ ਦੇ ਉਹ ਸੇਵਕ ਹਰੀ ਨੂੰ ਪਿਆਰੇ ਲਗਦੇ ਹਨ, ਜਿਨ੍ਹਾਂ ਨੇ (ਗੁਰੂ ਦੇ) ਬਚਨਾਂ ਰਾਹੀਂ ਹਰੀ ਨੂੰ ਜਪਿਆ ਹੈ।(ਅਜੇਹੇ ਸੇਵਕਾਂ ਦੇ ਕਰਮਾਂ ਦਾ) ਹਿਸਾਬ ਚਿਤ੍ਰ ਗੁਪਤ ਨੇ ਜੋ ਲਿਖਿਆ ਹੋਇਆ ਸੀ, ਜਮਰਾਜ ਦਾ ਉਹ ਸਾਰਾ ਬਾਕੀ ਰਹਿੰਦਾ ਹਿਸਾਬ ਛੁੱਟ (ਮੁੱਕ) ਗਿਆ।੨।(ਹੇ ਭਾਈ!) ਹਰੀ ਦੇ ਸੰਤਾਂ

ਨੇ ਸਾਧੂ ਜਨਾਂ ਦੀ ਸੰਗਤ ਵਿਚ ਜੁੜ ਕੇ ਅਪਣੇ ਮਨ ਵਿਚ ਹਰਿ ਹਰਿ ਨਾਮ ਜਪਿਆ ਹੈ।ਜਦ ਕਲਿਆਣ ਕਰਨ ਵਾਲਾ ਪ੍ਰਭੂ ਰੂਪ ਚੰਦ (ਸੰਤਾਂ ਦੇ) ਹਿਰਦੇ ਰੂਪ ਅਕਾਸ਼ ਵਿਚ ਚੜ੍ਹਿਆ, ਤਾਂ ਚੰਦ ਦੀ ਠੰਢ ਵਰਤਾਉਣ ਵਾਲੀ) ਚਾਨਣੀ ਨੇ ਸੂਰਜ ਵਾਂਗ ਤਪਾਉਣ ਵਾਲੀ ਤ੍ਰਿਸ਼ਨਾ ਦੀ ਅੱਗ ਬੁਝਾ ਦਿਤੀ (ਸੰਤਾਂ ਦੇ ਹਿਰਦੇ ਵਿਚ ਪ੍ਰਭੂ ਪ੍ਰਗਟਿਆ ਤਾਂ ਉਸ ਨੇ ਤ੍ਰਿਸ਼ਨਾ ਦੀ ਸਾਰੀ ਅੱਗ ਬੁਝਾ ਦਿਤੀ)।੩।(ਹੇ ਪ੍ਰਭੂ!) ਤੁਸੀਂ ਵੱਡੇ ਤੋਂ ਵੱਡੇ ਪੁਰਖ ਹੋ, ਮਨ ਬਾਣੀ ਦੀ ਪਹੁੰਚ ਤੋਂ ਪਰੇ ਹੋ, ਇੰਦੀਆਂ ਦੀ ਪਹੁੰਚ ਤੋਂ ਵੀ ਪਰੇ ਹੋ ਅਤੇ ਤੁਸੀਂ ਅਪਣੇ ਆਪ ਵਿਚ ਆਪ ਹੀ ਹੋ (ਤੇਰੇ ਵਰਗਾ ਹੋਰ ਕੋਈ ਨਹੀਂ); ਤੁਸੀਂ ਅਪਣੇ ਤੋਂ ਆਪ ਅਪਣਾ ਰੂਪ ਸੰਸਾਰ ਰਚਿਆ ਹੈ (ਸੰ.ਸ.; ਫ.ਸ.)।ਹੇ ਪ੍ਰਭੂ! ਦਾਸ ਨਾਨਕ ਉਤੇ ਕ੍ਰਿਪਾ ਕਰ, (ਮੈਨੂੰ ਅਪਣੇ) ਦਾਸਾਂ ਦੇ ਦਾਸ ਦਾ ਦਾਸ ਬਣਾ ਲੈ।੪।੬।

ਪਦਾਰਥ = ਕਹਹੁ–ਦੱਸੋ।ਭਾਈ–ਹੇ ਭਾਈ!।ਕਿਵ–ਕਿਸ ਤਰ੍ਹਾਂ।ਛੂਟਹ–ਛੁੱਟੀਏ (ਮੁਕਤ ਹੋਈਏ)।ਹਮ–ਅਸੀਂ।ਛੁਟਕਾਕੀ–ਛੁਟਕਾਰਾ (ਮੁਕਤੀ) ਦੀ ਇੱਛਾ ਰੱਖਣ ਵਾਲੇ।ਤੁਲਹਾ–ਲਕੜੀ ਤੇ ਬਾਂਸ ਆਦਿ ਨੂੰ ਬੰਨ੍ਹ ਕੇ ਤਰਨ ਵਾਸਤੇ ਬਣਾਇਆ ਆਸਰਾ।ਤਰੈ–ਤਰ ਜਾਂਦਾ ਹੈ।ਤਰਾਕੀ–ਤੈਰਾਕ (ਤਰਨ ਵਾਲਾ) ਹੋ ਕੇ; ਤਾਰ ਦੇਂਦਾ ਹੈ।੧।ਲਾਜ–ਇੱਜਤ।ਜਨ ਕੀ–ਸੇਵਕ ਦੀ।ਜਪਨੁ–ਜਾਪ।ਇਕਾਕੀ–ਕੇਵਲ ਇਕ ਦੀ।ਰਹਾਉ।ਸੇ–ਉਹ।ਜਿਨ–ਜਿਨ੍ਹਾਂ ਨੇ।ਬਚਨਾਕੀ–(ਗੁਰੂ ਦੇ) ਬਚਨਾਂ ਰਾਹੀਂ।ਲੇਖਾ–(ਕੀਤੇ ਕਰਮਾਂ ਦਾ) ਹਿਸਾਬ।ਚਿਤ੍ਰ ਗੁਪਤ –ਧਰਮਰਾਜ ਦੇ ਲਿਖਾਰੀ (ਜੋ ਜੀਵਾਂ ਦੇ ਕਰਮਾਂ ਦਾ ਹਿਸਾਬ ਲਿਖਣ ਵਾਲੇ ਮੰਨੇ ਗਏ ਹਨ)।ਛੂਟੀ–ਮੁੱਕ ਗਈ।ਬਾਕੀ–ਕਰਮਾਂ ਦਾ ਬਾਕੀ ਬਚਿਆ ਹਿਸਾਬ।੨।ਮਨਿ–ਮਨ ਵਿਚ।ਲਗਿ–ਲੱਗ (ਜੁੜ) ਕੇ।ਦਿਨੀਅਰੁ ਸੂਰੁ–ਦਿਨਕਰ ਦੀ ਸੂਲ, ਭਾਵ ਸੂਲ ਵਾਂਗ ਚੁਭਣ ਵਾਲੀ ਸੂਰਜ ਦੀ ਧੁੱਪ (ਤਪਸ਼), ਤ੍ਰਿਸ਼ਨਾ ਅਗਨਿ ਦੀ ਤਪਸ਼ ਬੁਝ ਗਈ (ਮ.ਕੋ.)।ਅਗਨਿ–ਅੱਗ।ਬੁਝਾਨੀ–ਬੁਝਾ ਦਿਤੀ।ਸਿਵ–ਕਲਿਆਣ ਸਰੂਪ ਪ੍ਰਭੂ।ਚਰਿਓ–ਚੜ੍ਹਿਆ।ਚੰਦਾਕੀ–ਚਾਂਨਣੀ ਨੇ।੩।ਅਗਮ–ਮਨ ਬਾਣੀ ਦੀ ਪਹੁੰਚ ਤੋਂ ਪਰੇ।ਅਗੋਚਰੁ–ਇੰਦ੍ਰੀਆਂ ਦੀ ਪਹੁੰਚ ਤੋਂ ਪਰੇ।ਅਪਾਕੀ–ਆਪ ਹੀ।ਜਨ ਨਾਨਕ ਕਉ–ਦਾਸ ਨਾਨਕ ਉਤੇ।ਕਰਿ–ਬਣਾ ਲੈ।ਦਸਾਕੀ–ਦਾਸਾਂ ਦਾ।੪।੬।

ਧਨਾਸਰੀ ਮਹਲਾ ੪ ਘਰੁ ੫ ਦੁਪਦੇ ੴ ਸਤਿਗੁਰ ਪ੍ਰਸਾਦਿ ॥ ਉਰ ਧਾਰਿ ਬੀਚਾਰਿ ਮੁਰਾਰਿ ਰਮੋ ਰਮੁ ,ਮਨ ਮੋਹਨ ਨਾਮੁ ਜਪੀਨੇ ॥ ਅਦ੍ਰਿਸਟੁ ਅਗੋਚਰੁ ਅਪਰੰਪਰ ਸੁਆਮੀ, ਗੁਰਿ ਪੂਰੈ ਪ੍ਰਗਟ ਕਰਿ ਦੀਨੇ ॥੧॥ ਰਾਮ ਪਾਰਸ ਚੰਦਨ, ਹਮ ਕਾਸਟ ਲੋਸਟ ॥ ਹਰਿ ਸੰਗਿ ਹਰੀ ਸਤ ਸੰਗੁ ਭਏ, ਹਰਿ ਕੰਚਨੁ ਚੰਦਨੁ ਕੀਨੇ ॥੧॥ਰਹਾਉ॥ ਨਵ ਛਿਅ ਖਟੁ ਬੋਲਹਿ ਮੁਖ ਆਗਰ, ਮੇਰਾ ਹਰਿ ਪ੍ਰਭੁ ਇਵ ਨ ਪਤੀਨੇ ॥ ਜਨ ਨਾਨਕ ਹਰਿ ਹਿਰਦੈ ਸਦ ਧਿਆਵਹੁ ,ਇਉ ਹਰਿ ਪ੍ਰਭੁ ਮੇਰਾ ਭੀਨੇ ॥੨॥੧॥੭॥ (ਹੇ ਭਾਈ!) ਹਿਰਦੇ ਵਿਚ ਵਸਾ ਕੇ, ਬਿਚਾਰ ਕੇ ਪ੍ਰਭੂ ਨੂੰ ਸਿਮਰੋ, ਮਨ ਨੂੰ ਮੋਹ ਲੈਣ ਵਾਲੇ ਪ੍ਰਭੂ ਦਾ ਨਾਮ ਜਪੋ।(ਸਥੂਲ ਅੱਖਾਂ ਨਾਲ) ਨਾ ਦਿਸਣ ਵਾਲਾ, ਇੰਦ੍ਰੀਆਂ ਦੇ ਵਿਸ਼ੇ ਤੋਂ ਜੋ ਰਹਿਤ ਹੈ, ਪ੍ਰਕ੍ਰਿਤੀ ਦੇ ਪਾਰਾਵਾਰ ਤੋਂ ਵੀ ਪਰੇ ਹੈ, ਐਸੇ ਸੁਆਮੀ ਨੂੰ ਪੂਰੇ ਗੁਰੂ ਨੇ ਪ੍ਰਗਟ ਕਰ ਦਿਤਾ ਹੈ।੧।ਪ੍ਰਭੂ ਪਾਰਸ ਰੂਪ ਤੇ ਚੰਦਨ ਰੂਪ ਹੈ, ਅਸੀਂ ਕਾਠ ਤੇ ਲੋਹਾ ਰੂਪ ਹਾਂ।ਜਦੋਂ ਹਰੀ ਦੀ ਸੰਗਤ ਵਿਚ ਸਤ ਸੰਗ ਹੋਇਆ ਤਾਂ ਹਰੀ ਨੇ (ਅਪਣੀ ਛੋਹ ਨਾਲ ਸਾਨੂੰ) ਲੋਹੇ ਤੋਂ ਸੋਨਾ ਤੇ ਕਾਠ ਤੋਂ ਚੰਦਨ ਬਣਾ ਦਿਤਾ।੧।ਰਹਾਉ।ਭਾਵੇਂ ਪੰਡਤ ਲੋਕ ਨੌਂ ਵਿਆਕਰਣ, ਛੇ ਸ਼ਾਸਤ੍ਰ ਅਤੇ ਬੇਦ ਦੇ ਛੇ ਅੰਗ ਮੂੰਹ ਜਬਾਨੀ ਉਚਾਰਦੇ ਹੋਣ, ਪਰ ਮੇਰਾ ਹਰੀ ਪ੍ਰਭੂ ਇਸ ਤਰ੍ਹਾਂ ਪ੍ਰਸੰਨ ਨਹੀਂ ਹੁੰਦਾ।ਦਾਸ ਨਾਨਕ ਆਖਦਾ ਹੈ (ਕਿ ਹੇ ਗੁਰਸਿੱਖੋ!) ਹਰੀ ਨੂੰ ਸਦਾ ਅਪਣੇ ਹਿਰਦੇ ਵਿਚ ਧਿਆਵੋ, ਇਉਂ ਮੇਰਾ ਹਰੀ ਪ੍ਰਭੂ ਪ੍ਰਸੰਨ ਹੁੰਦਾ ਹੈ।੨।੧।੭।

ਪਦਾਰਥ = ਦੁਪਦੇ–ਦੋ ਪਦਿਆਂ ਵਾਲੇ ਸ਼ਬਦ।ਉਰ–ਹਿਰਦੇ ਵਿਚ।ਧਾਰਿ–ਧਾਰ (ਵਸਾ) ਕੇ।ਮੁਰਾਰਿ–ਮੁਰਾਰੀ (ਅਗਿਆਨ ਦਾ ਨਾਸ਼ ਕਰਨ ਵਾਲਾ ਪ੍ਰਭੂ)।ਰਮੋ–ਸਿਮਰੋ।ਰਮੁ–ਰਾਮ ਨੂੰ।ਮਨਮੋਹਨ–ਮਨ ਨੂੰ ਮੋਹ ਲੈਣ ਵਾਲਾ ਪ੍ਰਭੂ।ਜਪੀਨੇ–ਜਪੋ।ਅਦ੍ਰਿਸਟੁ–ਨਾ ਦਿਸਣ ਵਾਲਾ।ਅਗੋਚਰੁ–ਇੰਦ੍ਰੀਆਂ ਦੇ ਵਿਸ਼ੇ ਤੋਂ ਪਰੇ।ਅਪਰੰਪਰ–ਪ੍ਰਕਿਤੀ ਦੇ ਪਾਰਾਵਾਰ ਤੋਂ ਪਰੇ।ਸੁਆਮੀ–ਮਾਲਕ ਪ੍ਰਭੂ।ਗੁਰਿ ਪੂਰੈ–ਪੂਰੇ ਗੁਰੂ ਨੇ।ਕਰਿ ਦੀਨੇ–ਕਰ ਦਿਤਾ।੧।ਰਾਮ–ਸਰਬ ਵਿਆਪਕ ਪ੍ਰਭੂ।ਪਾਰਸ–ਲੋਹੇ ਨੂੰ ਸੋਨਾ ਕਰਨ ਵਾਲਾ ਇਕ ਕਲਪਤ ਪੱਥਰ।।ਹਮ–ਅਸੀਂ।ਕਾਸਟ–ਲੱਕੜੀ।ਲੋਸਟ–ਲੋਹਾ।ਸੰਗਿ–ਸੰਗਤ ਵਿਚ।ਭਏ–ਹੋਇਆ।ਕੰਚਨੁ–ਸੋਨਾ।ਕੀਨੇ–ਕਰ ਦਿਤਾ।੧।ਰਹਾਉ। ਨਵ–ਨੌਂ ਵਿਆਕਰਣ।ਛਿਅ–ਛੇ ਸ਼ਾਸਤ੍ਰ (ਸਾਂਖ, ਨਿਆਇ, ਵਿਸ਼ੇਸ਼ਕ, ਮਿਮਾਂਸਾ, ਯੋਗ ਤੇ ਵੇਦਾਂਤ)।ਖਟੁ–ਵੇਦ ਦੇ ਛੇ ਅੰਗ (ਸਿਖਿਆ, ਕਲਪ, ਵਿਆਕਰਣ, ਨਿਰੁਕਤ, ਛੰਦ ਤੇ ਜੋਤਿਸ਼)।ਬੋਲਹਿ–ਉਚਾਰਦੇ ਹੋਣ।ਮੁਖ ਆਗਰ–ਮੂੰਹ ਜਬਾਨੀ। ਇਵ–ਇਸ ਤਰ੍ਹਾਂ।ਨ ਪਤੀਨੇ –ਨਹੀਂ ਪਤੀਜਦਾ; ਪ੍ਰਸੰਨ ਨਹੀਂ ਹੁੰਦਾ।ਹਿਰਦੈ–ਹਿਰਦੇ ਵਿਚ।ਸਦ–ਸਦਾ।ਭੀਨੇ–ਪ੍ਰਸੰਨ ਹੁੰਦਾ ਹੈ।੨।੧।੭।

ਅੰਗ ੬੬੯ = ਧਨਾਸਰੀ ਮਹਲਾ ੪ ॥ ਗੁਨ ਕਹੁ ਹਰਿ ਲਹੁ ਕਰਿ ਸੇਵਾ ਸਤਿਗੁਰ, ਇਵ ਹਰਿ ਹਰਿ ਨਾਮੁ ਧਿਆਈ ॥ ਹਰਿ ਦਰਗਹ ਭਾਵਹਿ ਫਿਰਿ ਜਨਮਿ ਨ ਆਵਹਿ, ਹਰਿ ਹਰਿ ਹਰਿ ਜੋਤਿ ਸਮਾਈ ॥੧॥ ਜਪਿ ਮਨ ਨਾਮੁ ਹਰੀ ਹੋਹਿ ਸਰਬ ਸੁਖੀ ॥ ਹਰਿ ਜਸੁ ਊਚ ਸਭਨਾ ਤੇ ਊਪਰਿ, ਹਰਿ ਹਰਿ ਹਰਿ ਸੇਵਿ ਛਡਾਈ ॥ਰਹਾਉ॥ ਹਰਿ ਕ੍ਰਿਪਾ ਨਿਧਿ ਕੀਨੀ ਗੁਰਿ ਭਗਤਿ ਹਰਿ ਦੀਨੀ, ਤਬ ਹਰਿ ਸਿਉ ਪ੍ਰੀਤਿ ਬਨਿ ਆਈ ॥ ਬਹੁ ਚਿੰਤ ਵਿਸਾਰੀ ਹਰਿ ਨਾਮੁ ਉਰਿ ਧਾਰੀ, ਨਾਨਕ ਹਰਿ ਭਏ ਹੈ ਸਖਾਈ ॥੨॥੨॥੮॥ (ਹੇ ਭਾਈ!) ਸਤਿਗੁਰੂ ਦੀ ਸੇਵਾ ਕਰਕੇ ਹਰੀ ਦੇ ਗੁਣ ਗਾਇਆ ਕਰ ਅਤੇ ਹਰੀ ਨੂੰ ਲੱਭ ਲੈ, ਇਸ ਤਰ੍ਹਾਂ ਹਰਿ ਹਹਿ ਨਾਮ ਸਿਮਰਦਾ ਰਹੁ।(ਇਸ ਤਰ੍ਹਾਂ ਕਰਨ ਨਾਲ ਤੂੰ) ਦਰਗਹ ਵਿਚ ਹਰੀ ਨੂੰ ਚੰਗਾ ਲਗੇਂਗਾ ਤੇ ਹਰੀ ਦੀ ਜੋਤ ਵਿਚ ਸਮਾ ਜਾਵੇਂਗਾ, ਫਿਰ ਮੁੜ ਕੇ ਤੂੰ ਕਿਸੇ

ਜਨਮ ਵਿਚ ਨਹੀਂ ਆਵੇਂਗਾ।੧।ਹੇ ਮੇਰੇ ਮਨ! ਹਰੀ ਦਾ ਨਾਮ ਜਪ, (ਫਿਰ ਤੂੰ) ਸਭ ਤਰ੍ਹਾਂ ਨਾਲ ਸੁਖੀ ਹੋ ਜਾਵੇਂਗਾ।ਹਰੀ ਦਾ ਜਸ ਸਾਰੇ (ਜਪ ਤਪ ਆਦਿ ਕਰਮਾਂ ਤੋਂ) ਉਚਾ ਅਤੇ ਉਪਰ ਹੈ, ਹਰੀ ਦੀ ਸੇਵਾ ਭਗਤੀ ਕਰ, (ਇਹ ਸੇਵਾ ਅਤੇ) ਹਰਿ ਹਰਿ ਨਾਮ ਦਾ ਜਾਪ (ਤੈਨੂੰ ਜਮਾਂ ਤੋਂ) ਛਡਾਵੇਗਾ।ਰਹਾਉ।ਕ੍ਰਿਪਾ ਦੇ ਭੰਡਾਰ ਹਰੀ ਨੇ (ਮੇਰੇ ਉਤੇ) ਬਖਸ਼ਿਸ਼ ਕੀਤੀ, (ਤਾਂ ਹਰੀ ਦੇ ਰੂਪ) ਗੁਰੂ ਨੇ ਹਰੀ ਦੀ ਭਗਤੀ ਸਾਨੂੰ ਬਖਸ਼ ਦਿਤੀ, ਤਦ ਹਰੀ ਨਾਲ ਪ੍ਰੀਤ ਬਣ ਆਈ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਹਰੀ ਮੇਰਾ ਮਿਤ੍ਰ ਬਣ ਗਿਆ ਹੈ, ਮੈਂ ਹਰੀ ਦਾ ਨਾਮ ਅਪਣੇ ਹਿਰਦੇ ਵਿਚ ਟਿਕਾ ਲਿਆ ਹੈ, (ਜਿਸ ਨੇ ਮੇਰੀ) ਬਹੁਤ ਚਿੰਤਾ ਭੁਲਾ ਦਿਤੀ ਹੈ।੨।੨।੮।

ਪਦਾਰਥ = ਗੁਨ-ਹਰੀ ਦੇ ਗੁਣ।ਕਹੁ-ਗਾਓ।ਲਹੁ-ਲੱਭੋ; ਜਾਣੋ।ਇਵ-ਇਸ ਤਰ੍ਹਾਂ।ਧਿਆਈ-ਸਿਮਰਦਾ ਰਹੁ।ਭਾਵਹਿ-ਤੂੰ ਚੰਗਾ ਲਗੇਂਗਾ।ਫਿਰਿ-ਮੁੜ ਕੇ।ਜਨਮਿ ਨ ਆਵਹਿ-ਕਿਸੇ ਜਨਮ ਵਿਚ ਨਹੀਂ ਆਵੇਂਗਾ।ਜੋਤਿ ਸਮਾਈ-ਜੋਤ ਵਿਚ ਮਿਲ ਜਾਵੇਂਗਾ।੧।ਹੋਹਿ -ਹੋਵੇਂਗਾ।ਸਰਬ-ਸਭ ਤਰ੍ਹਾਂ ਨਾਲ।ਸਭਨਾ ਤੇ-ਸਭ ਤੋਂ।ਸੇਵਿ-ਸੇਵਾ ਭਗਤੀ ਕਰ।ਰਹਾਉ।ਕਿਪਾ ਨਿਧਿ-ਕ੍ਰਿਪਾ ਦਾ ਭੰਡਾਰ।ਕੀਨੀ-ਕੀਤੀ।ਗੁਰਿ-ਗੁਰੂ ਨੇ।ਦੀਨੀ-ਦਿਤੀ।ਤਬ-ਤਦ।ਹਰਿ ਸਿਉ-ਹਰੀ ਨਾਲ।ਵਿਸਾਰੀ-ਭੁਲਾ ਦਿਤੀ।ਉਰਿ ਧਾਰੀ-ਹਿਰਦੇ ਵਿਚ ਟਿਕਾ (ਵਸਾ) ਲਿਆ।ਭਏ ਹੈ-ਹੋ (ਬਣ) ਗਿਆ ਹੈ।ਸਖਾਈ-ਮਿਤ੍ਰ; ਸਹਾਇਤਾ ਕਰਨ ਵਾਲਾ।੨।੨।੮।

ਧਨਾਸਰੀ ਮਹਲਾ ੪ ॥ ਹਰਿ ਪੜੁ ਹਰਿ ਲਿਖੁ ਹਰਿ ਜਪਿ ਹਰਿ ਗਾਉ ,ਹਰਿ ਭਉਜਲੁ ਪਾਰਿ ਉਤਾਰੀ ॥ ਮਨਿ ਬਚਨਿ ਰਿਦੈ ਧਿਆਇ ਹਰਿ ਹੋਇ ਸੰਤੁਸਟੁ ,ਇਵ ਭਣੁ ਹਰਿ ਨਾਮੁ ਮੁਰਾਰੀ ॥੧॥ ਮਨਿ ਜਪੀਐ ਹਰਿ ਜਗਦੀਸ ॥ ਮਿਲਿ ਸੰਗਤਿ ਸਾਧੂ ਮੀਤ ॥ ਸਦਾ ਅਨੰਦੁ ਹੋਵੈ ਦਿਨੁ ਰਾਤੀ, ਹਰਿ ਕੀਰਤਿ ਕਰਿ ਬਨਵਾਰੀ ॥ਰਹਾਉ॥ ਹਰਿ ਹਰਿ ਕਰੀ ਦ੍ਰਿਸਟਿ ਤਬ ਭਇਓ ਮਨਿ ਉਦਮੁ ,ਹਰਿ ਹਰਿ ਨਾਮੁ ਜਪਿਓ ਗਤਿ ਭਈ ਹਮਾਰੀ ॥ ਜਨ ਨਾਨਕ ਕੀ ਪਤਿ ਰਾਖੁ ਮੇਰੇ ਸੁਆਮੀ, ਹਰਿ ਆਇ ਪਰਿਓ ਹੈ ਸਰਣਿ ਤੁਮਾਰੀ ॥੨॥੩॥੯॥ (ਹੇ ਭਾਈ!) ਹਰੀ ਦਾ ਨਾਮ ਪੜ੍ਹ, ਹਰੀ ਦਾ ਨਾਮ ਲਿਖ, ਹਰੀ ਦਾ ਨਾਮ ਜਪਿਆ ਕਰ ਅਤੇ ਹਰੀ ਦਾ ਜਸ ਗਾਇਆ ਕਰ, (ਇਸ ਤਰ੍ਹਾਂ ਕਰਨ ਨਾਲ) ਹਰੀ ਭਵਜਲ ਤੋਂ ਪਾਰ ਉਤਾਰਾ ਕਰ ਦੇਵੇਗਾ।ਮਨ ਨਾਲ, ਬਚਨ (ਮੂੰਹ) ਨਾਲ ਹਿਰਦੇ ਵਿਚ ਹਰੀ ਦਾ ਨਾਮ ਸਿਮਰ ਕੇ ਸੰਤੁਸ਼ਟ ਹੋ ਜਾ (ਸ਼ਬਦਾਰਥ); ਹਰੀ (ਤੇਰੇ ਉਪਰ) ਪ੍ਰਸੰਨ ਹੋਵੇਗਾ, ਇਸ ਤਰ੍ਹਾਂ ਅਗਿਆਨ ਵਿਨਾਸ਼ਕ ਹਰੀ ਦਾ ਨਾਮ ਜਪ।੧।ਹੇ ਮਿਤ੍ਰ! ਸਾਧੂਆਂ ਦੀ ਸੰਗਤ ਵਿਚ ਮਿਲ ਕੇ ਮਨ ਨਾਲ ਜਗਤ ਦੇ ਮਾਲਕ ਹਰੀ ਦਾ ਨਾਮ ਜਪਣਾ ਚਾਹੀਦਾ ਹੈ।ਸੰਸਾਰ ਬਾਗ ਦੇ ਮਾਲੀ ਹਰੀ ਦਾ ਜਸ ਕਰ, (ਇਉਂ ਤੈਨੂੰ) ਦਿਨ ਰਾਤ ਸਦਾ ਅਨੰਦ ਪ੍ਰਾਪਤ ਹੋਵੇਗਾ।ਰਹਾਉ।(ਹੇ ਭਾਈ! ਜਦੋਂ) ਹਰੀ ਨੇ ਕ੍ਰਿਪਾ ਦ੍ਰਿਸਟੀ ਕੀਤੀ ਤਾਂ ਮੇਰੇ ਮਨ ਵਿਚ (ਨਾਮ ਸਿਮਰਨ ਦਾ) ਉਦਮ ਪੈਦਾ ਹੋਇਆ, ਹਰਿ ਹਰਿ ਨਾਮ ਜਪਿਆ ਤਾਂ ਮੇਰੀ ਮੁਕਤੀ ਹੋ ਗਈ।ਹੇ ਮੇਰੇ ਮਾਲਕ ਪ੍ਰਭੂ! ਦਾਸ ਨਾਨਕ ਦੀ ਪੱਤ ਰੱਖ ਲੈ, ਹੇ ਹਰੀ! ਮੈਂ ਦਾਸ ਤੇਰੀ ਸ਼ਰਣ ਵਿਚ ਆ ਪਿਆ ਹੈ।੨।੩।੯।

ਪਦਾਰਥ = ਭਉਜਲੁ-ਸੰਸਾਰ ਸਮੁੰਦਰ ਤੋਂ।ਪਾਰਿ ਉਤਾਰੀ-ਪਾਰ ਉਤਾਰ (ਲੰਘਾ) ਦੇਵੇਗਾ।ਮਨਿ-ਮਨ ਨਾਲ।ਬਚਨਿ-ਬਚਨ (ਮੂੰਹ) ਨਾਲ।ਰਿਦੈ-ਹਿਰਦੇ ਵਿਚ।ਸੰਤੁਸਟੁ-ਤ੍ਰਿਪਤ; ਪ੍ਰਸੰਨ; ਸ਼ਾਂਤ।ਇਵ-ਇਸ ਤਰ੍ਹਾਂ।ਭਣੁ-ਜਪ।ਮੁਰਾਰੀ-ਅਗਿਆਨ ਨਾਸ਼ ਕਰਨ ਵਾਲਾ ਪ੍ਰਭੂ।੧।ਜਗਦੀਸ-ਜਗਤ ਦਾ ਮਾਲਕ ਹਰੀ।ਮੀਤ-ਹੇ ਮਿਤ੍ਰ!।ਕੀਰਤਿ-ਜਸ।ਬਨਵਾਰੀ-ਸੰਸਾਰ ਬਾਗ ਦਾ ਮਾਲੀ ਪ੍ਰਭੂ।ਰਹਾਉ। ਕਰੀ-ਕੀਤੀ।ਦ੍ਰਿਸਟਿ-ਮੇਹਰ ਦੀ ਨਜਰ।ਤਬ-ਤਾਂ; ਤਦ।ਭਇਓ-ਹੋਇਆ।ਗਤਿ ਭਈ-ਮੁਕਤੀ ਹੋ ਗਈ।ਹਮਾਰੀ-ਮੇਰੀ।ਜਨ ਨਾਨਕ ਕੀ-ਦਾਸ ਨਾਨਕ ਦੀ।ਪਤਿ-ਇੱਜਤ।ਸੁਆਮੀ-ਹੇ ਮਾਲਕ ਪ੍ਰਭੂ!।ਆਇ ਪਰਿਓ ਹੈ-ਆ ਪਿਆ ਹੈ।੨।੩।੯।

ਧਨਾਸਰੀ ਮਹਲਾ ੪ ॥ ਚਉਰਾਸੀਹ ਸਿਧ ਬੁਧ ਤੇਤੀਸ ਕੋਟਿ ਮੁਨਿ ਜਨ, ਸਭਿ ਚਾਹਹਿ ਹਰਿ ਜੀਉ ਤੇਰੋ ਨਾਉ ॥ ਗੁਰ ਪ੍ਰਸਾਦਿ ਕੋ ਵਿਰਲਾ ਪਾਵੈ, ਜਿਨ ਕਉ ਲਿਲਾਟਿ ਲਿਖਿਆ ਧੁਰਿ ਭਾਉ ॥੧॥ ਜਪਿ ਮਨ ਰਾਮੈ ਨਾਮੁ ,ਹਰਿ ਜਸੁ ਊਤਮ ਕਾਮ ॥ ਜੋ ਗਾਵਹਿ ਸੁਣਹਿ ਤੇਰਾ ਜਸੁ ਸੁਆਮੀ, ਹਉ ਤਿਨ ਕੈ ਸਦ ਬਲਿਹਾਰੈ ਜਾਉ ॥ਰਹਾਉ॥ ਸਰਣਾਗਤਿ ਪ੍ਰਤਿਪਾਲਕ ਹਰਿ ਸੁਆਮੀ, ਜੋ ਤੁਮ ਦੇਹੁ ਸੋਈ ਹਉ ਪਾਉ ॥ ਦੀਨ ਦਇਆਲ ਕ੍ਰਿਪਾ ਕਰਿ ਦੀਜੈ, ਨਾਨਕ ਹਰਿ ਸਿਮਰਣ ਕਾ ਹੈ ਚਾਉ ॥੨॥੪॥੧੦॥ ਚੁਰਾਸੀ ਸਿੱਧ, ਬੁੱਧੀਵਾਨ ਲੋਕ, ਤੇਤੀ ਕ੍ਰੋੜ ਦੇਵਤੇ ਅਤੇ ਰਿਸ਼ੀ ਮੁਨੀ ਪੁਰਖ ਆਦਿ, ਹੇ ਹਰਿ ਜੀਉ! ਸਾਰੇ ਤੇਰਾ ਨਾਮ ਪ੍ਰਾਪਤ ਕਰਨਾ ਚਾਹੁੰਦੇ ਹਨ।ਗੁਰੂ ਦੀ ਕਿਰਪਾ ਨਾਲ ਕੋਈ ਵਿਰਲਾ ਮਨੁੱਖ (ਨਾਮ ਦੀ ਦਾਤ) ਪ੍ਰਾਪਤ ਕਰਦਾ ਹੈ, ਜਿਨ੍ਹਾਂ ਨੂੰ ਧੁਰ ਦਰਗਾਹ ਤੋਂ ਮੱਥੇ ਉਤੇ ਹਰੀ ਦਾ ਪ੍ਰੇਮ ਲਿਖਿਆ ਹੋਇਆ ਹੈ।੧।ਹੇ ਮਨ! ਰਾਮ ਦਾ ਨਾਮ ਜਪ ਅਤੇ ਹਰੀ ਦਾ ਜਸ ਕਰ, (ਇਹ ਸਭ ਤੋਂ) ਉਤਮ ਕੰਮ ਹੈ।ਹੇ ਸੁਆਮੀ! ਜੋ ਮਨੁੱਖ ਤੇਰਾ ਜਸ ਗਾਉਂਦੇ ਹਨ ਤੇ ਸੁਣਦੇ ਹਨ, ਮੈਂ ਉਨ੍ਹਾਂ ਦੇ ਉਤੋਂ ਸਦਾ ਬਲਿਹਾਰ ਜਾਂਦਾ ਹਾਂ।ਰਹਾਉ।ਸ਼ਰਣ ਵਿਚ ਆਇਆਂ ਦੀ ਪਾਲਣਾ ਕਰਨ ਵਾਲੇ ਹੇ ਮਾਲਕ ਹਰੀ! ਜੋ (ਪਦਾਰਥ) ਤੁਸੀਂ ਦੇਂਦੇ ਹੋ, ਉਹ ਹੀ ਮੈਂ ਪ੍ਰਾਪਤ ਕਰਦਾ ਹਾਂ।ਨਾਨਕ ਨੂੰ ਹਰੀ ਦਾ ਨਾਮ ਸਿਮਰਨ ਦਾ ਚਾਉ ਹੈ, ਹੇ ਦੀਨਾਂ ਉਪਰ ਦਇਆ ਕਰਨ ਵਾਲੇ ਪ੍ਰਭੂ! ਕ੍ਰਿਪਾ ਕਰਕੇ (ਮੈਨੂੰ ਨਾਮ ਦਾਨ) ਦੇਵੋ।੨।੪।੧੦।

ਪਦਾਰਥ = ਚਉਰਾਸੀਹ-ਜੋਗ ਮੱਤ ਦੇ ਚੁਰਾਸੀ ਕਰਾਮਾਤੀ ਸਿੱਧ।ਬੁਧ-ਗਿਆਨਵਾਨ ਲੋਕ; ਮਹਾਤਮਾ ਗੌਤਮ ਬੁੱਧ; ਚੰਦ ਦਾ ਪੁਤ੍ਰ ਬੁੱਧ।ਤੇਤੀਸ ਕੋਟਿ-ਤੇਤੀ ਕ੍ਰੋੜ ਦੇਵਤੇ।ਸਭਿ-ਸਾਰੇ।ਚਾਹਹਿ-ਚਾਹੁੰਦੇ ਹਨ।ਗੁਰ ਪ੍ਰਸਾਦਿ-ਗੁਰੂ ਦੀ ਕਿਰਪਾ ਨਾਲ।ਕੋ-ਕੋਈ।ਜਿਨ ਕਉ-ਜਿਨ੍ਹਾਂ ਨੂੰ।ਲਿਲਾਟਿ-ਮੱਥੇ ਉਤੇ।ਧੁਰਿ-ਧੁਰ ਦਰਗਾਹ ਤੋਂ।ਭਾਉ-ਪ੍ਰੇਮ।੧।ਮਨ-ਹੇ ਮਨ!।ਰਾਮੈ ਨਾਮੁ-ਵਾਹਿਗੁਰੂ ਦਾ ਨਾਮ।

ਕਾਮ–ਕੰਮ।ਹਉ–ਮੈਂ।ਸੁਆਮੀ–ਹੇ ਮਾਲਕ ਪ੍ਰਭੂ!।ਤਿਨ ਕੈ–ਉਨ੍ਹਾਂ ਦੇ ਉਤੋਂ।ਸਦ–ਸਦਾ।ਬਲਿਹਾਰੈ ਜਾਉ–ਕੁਰਬਾਨ ਜਾਂਦਾ ਹਾਂ। ਰਹਾਉ।ਸਰਣਾਗਤਿ–ਸ਼ਰਣ ਵਿਚ ਆਇਆਂ ਦੀ।ਪ੍ਰਤਿਪਾਲਕ–ਪਾਲਣਾ ਕਰਨ ਵਾਲਾ।ਸੋਈ–ਉਹ ਹੀ।ਪਾਉ–ਪ੍ਰਾਪਤ ਕਰਦਾ ਹਾਂ। ਦੀਨ ਦਇਆਲ–ਹੇ ਅਨਾਥਾਂ ਉਤੇ ਦਇਆ ਕਰਨ ਵਾਲੇ!।ਚਾਉ–ਸ਼ੌਕ; ਉਤਸ਼ਾਹ।੨।੪।੧੦।

ਧਨਾਸਰੀ ਮਹਲਾ ੪ ॥ ਸੇਵਕ ਸਿਖ ਪੂਜਣ ਸਭਿ ਆਵਹਿ, ਸਭਿ ਗਾਵਹਿ ਹਰਿ ਹਰਿ ਊਤਮ ਬਾਨੀ ॥ ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ, ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ ॥੧॥ ਬੋਲਹੁ ਭਾਈ ਹਰਿ ਕੀਰਤਿ, ਹਰਿ ਭਵਜਲ ਤੀਰਥਿ ॥ ਹਰਿ ਦਰਿ ਤਿਨ ਕੀ ਊਤਮ ਬਾਤ ਹੈ ਸੰਤਹੁ ,ਹਰਿ ਕਥਾ ਜਿਨ ਜਨਹੁ ਜਾਨੀ ॥ਰਹਾਉ॥ ਆਪੇ ਗੁਰੁ ਚੇਲਾ ਹੈ ਆਪੇ, ਆਪੇ ਹਰਿ ਪ੍ਰਭੁ ਚੋਜ ਵਿਡਾਨੀ ॥ ਜਨ ਨਾਨਕ ਆਪਿ ਮਿਲਾਏ ਸੋਈ ਹਰਿ ਮਿਲਸੀ, ਅਵਰ ਸਭਿ ਤਿਆਗਿ ਓਹਾ ਹਰਿ ਭਾਨੀ ॥੨॥੫॥੧੧॥ (ਹੇ ਭਾਈ!) ਸਾਰੇ ਸਿਖ ਤੇ ਸੇਵਕ (ਗੁਰੂ ਦੇ ਦਰ ਤੇ ਪ੍ਰਭੂ ਦੀ) ਪੂਜਾ ਕਰਨ ਵਾਸਤੇ ਆਉਂਦੇ ਹਨ ਅਤੇ ਸਾਰੇ ਹਰੀ ਦੀ ਸਿਫਤ ਸਲਾਹ ਵਾਲੀ ਉਤਮ ਗੁਰਬਾਣੀ ਗਾਉਂਦੇ ਹਨ।(ਪਰ ਗੁਰਬਾਣੀ ਦਾ) ਗਾਇਆ ਤੇ ਸੁਣਿਆ ਉਨ੍ਹਾਂ (ਸਿੱਖ ਸੇਵਕਾਂ) ਦਾ ਹਰੀ ਪ੍ਰਵਾਨ ਕਰਦਾ ਹੈ, ਜਿਨ੍ਹਾਂ ਨੇ ਸਤਿਗੁਰੂ ਦੀ ਆਗਿਆ ਬਿਲਕੁਲ ਸੱਚੀ ਜਾਣ ਕਰਕੇ ਮੰਨੀ ਹੈ।੧।ਹੇ ਭਾਈ! ਹਰੀ ਦਾ ਜਸ ਗਾਓ, ਹਰੀ ਦਾ ਜਸ ਭਵ ਜਲ ਤੋਂ ਤਾਰਨ ਵਾਲਾ ਤੀਰਥ ਹੈ।ਹੇ ਸੰਤ ਜਨੋਂ! ਹਰੀ ਦੇ ਦਰ ਉਤੇ ਉਨ੍ਹਾਂ ਦੀ ਗੱਲ ਉਤਮ ਸਮਝੀ ਜਾਂਦੀ (ਇੱਜਤ ਹੁੰਦੀ) ਹੈ, ਜਿਨ੍ਹਾਂ ਸੰਤ ਜਨਾਂ ਨੇ ਹਰੀ ਦੀ ਕਥਾ ਸਮਝੀ ਹੈ।ਰਹਾਉ।(ਅਜੇਹੇ ਸੰਤਾਂ ਦੀ ਨਜਰ ਵਿਚ) ਪ੍ਰਭੂ ਆਪ ਹੀ ਗੁਰੂ ਰੂਪ ਹੈ ਤੇ ਆਪ ਹੀ ਚੇਲਾ ਰੂਪ ਹੈ, (ਇਹੋ ਜਿਹੇ) ਅਸਚਰਜ ਕੌਤਕ ਹਰੀ ਪ੍ਰਭੂ ਆਪ ਹੀ ਕਰਨ ਵਾਲਾ ਹੈ।ਦਾਸ ਨਾਨਕ ਆਖਦਾ ਹੈ ਕਿ ਉਹ ਹੀ ਪੁਰਖ ਹਰੀ ਨੂੰ ਮਿਲੇਗਾ, (ਜਿਸ ਨੂੰ ਉਹ ਅਪਣੇ ਨਾਲ) ਆਪ ਮਿਲਾਏਗਾ, (ਇਹ ਸਮਝ ਕੇ) ਹੋਰ ਸਭ ਕੁਛ ਛਡ ਕੇ (ਸੰਤਾਂ ਨੂੰ) ਉਹ ਹਰੀ ਹੀ ਚੰਗਾ ਲਗਦਾ ਹੈ (ਟਕਸਾਲ); ਹੋਰ ਸਭਨਾਂ ਨੂੰ ਛਡ ਕੇ ਉਹੀ ਪੁਰਖ ਹਰੀ ਨੂੰ ਚੰਗਾ ਲਗਦਾ ਹੈ (ਸ਼ਬਦਾਰਥ)।੨।੫।੧੧।

ਪਦਾਰਥ = ਪੂਜਣ–ਪੂਜਾ ਭਗਤੀ।ਊਤਮ–ਸ੍ਰੇਸ਼ਟ।ਬਾਨੀ–ਗੁਰੂ ਦੀ ਬਾਣੀ।ਤਿਨ ਕਾ–ਉਨ੍ਹਾਂ ਦਾ।ਥਾਇ ਪਾਵੈ–ਥਾਂ ਪਾਉਂਦਾ (ਪ੍ਰਵਾਨ ਕਰਦਾ) ਹੈ।ਸਤਿ ਸਤਿ ਕਰਿ–ਬਿਲਕੁਲ ਸਹੀ ਜਾਣ ਕਰਕੇ।ਮਾਨੀ–ਮੰਨ ਲਈ ਹੈ।੧।ਬੋਲਹੁ–ਗਾਓ; ਉਚਾਰੋ।ਭਾਈ–ਹੇ ਭਾਈ!। ਕੀਰਤਿ–ਜਸ।ਭਵਜਲ–ਸੰਸਾਰ ਸਮੁੰਦਰ।ਹਰਿ ਦਰਿ–ਹਰੀ ਦੇ ਦਰ ਉਤੇ; ਹਰੀ ਦੇ ਦਰਬਾਰ ਵਿਚ।ਬਾਤ–ਬਚਨ; ਗੱਲ।ਸੰਤਹੁ–ਹੇ ਸੰਤੋ!।ਜਿਨ ਜਨਹੁ–ਜਿਨ੍ਹਾਂ ਸੰਤ ਜਨਾਂ ਨੇ।ਜਾਨੀ–ਸਮਝੀ ਹੈ।ਰਹਾਉ।ਆਪੇ–ਆਪ ਹੀ।ਚੋਜ ਵਿਡਾਨੀ–ਅਸਚਰਜ ਕੌਤਕ ਕਰਨ ਵਾਲਾ।ਸੋਈ–ਉਹ ਹੀ।ਮਿਲਸੀ–ਮਿਲੇਗਾ।ਅਵਰ–ਹੋਰ।ਤਿਆਗਿ–ਛਡ ਕੇ।ਓਹਾ–ਉਹ ਹੀ।ਭਾਨੀ–ਚੰਗੀ ਲਗੀ ਹੈ।੨।੫।੧੧।

ਧਨਾਸਰੀ ਮਹਲਾ ੪ ॥ ਇਛਾ ਪੂਰਕੁ ਸਰਬ ਸੁਖ ਦਾਤਾ ਹਰਿ, ਜਾ ਕੈ ਵਸਿ ਹੈ ਕਾਮ ਧੇਨਾ ॥ ਸੋ ਐਸਾ ਹਰਿ ਧਿਆਈਐ ਮੇਰੇ ਜੀਅੜੇ ,ਤਾ ਸਰਬ ਸੁਖ ਪਾਵਹਿ ਮੇਰੇ ਮਨਾ ॥੧॥ (ਹੇ ਮੇਰੇ ਮਨ!) ਹਰੀ ਸਾਰੀਆਂ ਇਛਾਵਾਂ ਪੂਰੀਆਂ ਕਰਨ ਵਾਲਾ ਹੈ ਤੇ ਸਾਰੇ ਸੁਖ ਦੇਣ ਵਾਲਾ ਹੈ ਅਤੇ ਜਿਸ ਦੇ ਵਸ ਵਿਚ ਕਾਮ ਧੇਨ ਗਊ ਵੀ ਹੈ।(ਇਸ ਲਈ) ਹੇ ਮੇਰੇ ਮਨ! ਇਹੋ ਜਿਹਾ ਉਹ ਹਰੀ ਸਿਮਰਨਾ ਚਾਹੀਦਾ ਹੈ, ਤਾਂ ਹੇ ਮੇਰੇ ਮਨ! ਤੂੰ ਸਾਰੇ ਸੁਖ ਪ੍ਰਾਪਤ ਕਰ ਲਵੇਂਗਾ।੧।

ਅੰਗ ੬੭੦ = ਜਪਿ ਮਨ ਸਤਿ ਨਾਮੁ ਸਦਾ ਸਤਿ ਨਾਮੁ ॥ ਹਲਤਿ ਪਲਤਿ ਮੁਖ ਊਜਲ ਹੋਈ ਹੈ, ਨਿਤ ਧਿਆਈਐ ਹਰਿ ਪੁਰਖੁ ਨਿਰੰਜਨਾ ॥ਰਹਾਉ॥ ਜਹ ਹਰਿ ਸਿਮਰਨੁ ਭਇਆ ਤਹ ਉਪਾਧਿ ਗਤੁ ਕੀਨੀ, ਵਡਭਾਗੀ ਹਰਿ ਜਪਨਾ ॥ ਜਨ ਨਾਨਕ ਕਉ ਗੁਰਿ ਇਹ ਮਤਿ ਦੀਨੀ, ਜਪਿ ਹਰਿ ਭਵਜਲੁ ਤਰਨਾ ॥੨॥੬॥੧੨॥ ਹੇ ਮਨ! ਸਤਿਨਾਮ ਜਪ, ਸਦਾ ਹੀ ਸਤਿਨਾਮ ਜਪਦਾ ਰਹੁ।(ਇਹ ਜਪਣ ਨਾਲ ਤੇਰਾ) ਮੂੰਹ ਲੋਕ ਪ੍ਰਲੋਕ ਵਿਚ ਉਜਲ ਹੋਵੇਗਾ, (ਸਨਮਾਨ ਮਿਲੇਗਾ, ਇਸ ਕਰਕੇ) ਮਾਇਆ ਤੋਂ ਨਿਰਲੇਪ ਹਰੀ ਪੁਰਖ ਨੂੰ ਹਰ ਰੋਜ ਧਿਆਉਣਾ ਚਾਹੀਦਾ ਹੈ।ਰਹਾਉ।ਜਿਸ ਥਾਂ (ਹਿਰਦੇ ਵਿਚ) ਹਰੀ ਦਾ ਸਿਮਰਨ ਹੋਇਆ ਹੈ, ਉਥੇ (ਨਾਮ ਸਿਮਰਨ ਨੇ) ਬਿਪਤਾ ਨਾਸ਼ ਕਰ ਦਿਤੀ ਹੈ, (ਪਰ) ਹਰੀ ਦਾ ਨਾਮ ਵੱਡੇ ਭਾਗਾਂ ਨਾਲ ਜਪਿਆ ਜਾਂਦਾ ਹੈ।ਦਾਸ ਨਾਨਕ ਨੂੰ ਗੁਰੂ (ਅਮਰਦਾਸ ਜੀ) ਨੇ ਇਹ ਸਿੱਖਿਆ ਦਿਤੀ ਹੈ ਕਿ ਹਰੀ ਦਾ ਨਾਮ ਜਪ ਕੇ ਭਵਜਲ ਤੋਂ ਤਰਨਾ ਹੁੰਦਾ ਹੈ।੨।੬।੧੨।

ਪਦਾਰਥ = ਪੂਰਕੁ–ਪੂਰੀਆਂ ਕਰਨ ਵਾਲਾ।ਸਰਬ–ਸਾਰੇ।ਸੁਖ ਦਾਤਾ–ਸੁਖ ਦੇਣ ਵਾਲਾ।ਜਾ ਕੈ–ਜਿਸ ਦੇ।ਵਸਿ–ਵਸ ਵਿਚ।ਕਾਮ ਧੇਨਾ–ਸਵੱਰਗ ਦੀ ਕਲਪਿਤ ਗਊ ,ਜੋ ਸਭ ਇੱਛਾਵਾਂ ਪੂਰੀਆਂ ਕਰਨ ਵਾਲੀ ਕਹੀ ਜਾਂਦੀ ਹੈ।ਸੋ ਐਸਾ–ਉਹ ਇਹੋ ਜਿਹਾ।ਜੀਅੜੇ–ਹੇ ਮਨ!।ਤਾ–ਤਾਂ।ਪਾਵਹਿ–ਪਾ ਲਵੇਂਗਾ।ਮਨਾ–ਹੇ ਮਨ!।੧।ਮਨ–ਹੇ ਮਨ!।ਸਤਿਨਾਮੁ–ਪ੍ਰਭੂ ਦਾ ਸਦਾ ਥਿਰ ਰਹਿਣ ਵਾਲਾ ਨਾਮ। ਹਲਤਿ–ਇਸ ਲੋਕ ਵਿਚ।ਪਲਤਿ–ਪ੍ਰਲੋਕ ਵਿਚ।ਮੁਖ–ਮੂੰਹ।ਨਿਤ–ਹਰ ਰੋਜ।ਪੁਰਖੁ–ਸਰਬ ਵਿਆਪਕ ਪ੍ਰਭੂ।ਨਿਰੰਜਨਾ–ਮਾਇਆ ਤੋਂ ਨਿਰਲੇਪ।ਰਹਾਉ।ਜਹ–ਜਿਸ ਥਾਂ; ਜਿਸ ਹਿਰਦੇ ਵਿਚ।ਭਇਆ–ਹੋਇਆ ਹੈ।ਤਹ–ਉਸ ਥਾਂ ਤੋਂ।ਉਪਾਧਿ–ਬਿਪਤਾ।ਗਤੁ ਕੀਨੀ–ਨਾਸ਼ ਕਰ ਦਿਤੀ।ਵਡਭਾਗੀ–ਵੱਡੇ ਭਾਗਾਂ ਨਾਲ।ਕਉ–ਨੂੰ।ਗੁਰਿ–ਗੁਰੂ ਨੇ।ਮਤਿ–ਸਿੱਖਿਆ।ਭਵਜਲ–ਸੰਸਾਰ ਸਮੁੰਦਰ।੨।੬।੧੨।

ਧਨਾਸਰੀ ਮਹਲਾ ੪ ॥ ਮੇਰੇ ਸਾਹਾ ਮੈ ਹਰਿ ਦਰਸਨ ਸੁਖੁ ਹੋਇ ॥ ਹਮਰੀ ਬੇਦਨਿ ਤੂ ਜਾਨਤਾ ਸਾਹਾ, ਅਵਰੁ ਕਿਆ ਜਾਨੈ ਕੋਇ ॥ ਰਹਾਉ॥ ਸਾਚਾ ਸਾਹਿਬੁ ਸਚੁ ਤੂ ਮੇਰੇ ਸਾਹਾ, ਤੇਰਾ ਕੀਆ ਸਚੁ ਸਭੁ ਹੋਇ ॥ ਝੂਠਾ ਕਿਸ ਕਉ ਆਖੀਐ ਸਾਹਾ, ਦੂਜਾ ਨਾਹੀ ਕੋਇ

॥੧॥ ਸਭਨਾ ਵਿਚਿ ਤੂ ਵਰਤਦਾ ਸਾਹਾ, ਸਭਿ ਤੁਝਹਿ ਧਿਆਵਹਿ ਦਿਨੁ ਰਾਤਿ ॥ ਸਭਿ ਤੁਝਹੀ ਥਾਵਹੁ ਮੰਗਦੇ ਮੇਰੇ ਸਾਹਾ, ਤੂ ਸਭਨਾ ਕਰਹਿ ਇਕ ਦਾਤਿ ॥੨॥ ਸਭੁ ਕੋ ਤੁਝਹੀ ਵਿਚਿ ਹੈ ਮੇਰੇ ਸਾਹਾ, ਤੁਝ ਤੇ ਬਾਹਰਿ ਕੋਈ ਨਾਹਿ ॥ ਸਭਿ ਜੀਅ ਤੇਰੇ ਤੂ ਸਭਸ ਦਾ ਮੇਰੇ ਸਾਹਾ, ਸਭਿ ਤੁਝ ਹੀ ਮਾਹਿ ਸਮਾਹਿ ॥੩॥ ਸਭਨਾ ਕੀ ਤੂ ਆਸ ਹੈ ਮੇਰੇ ਪਿਆਰੇ, ਸਭਿ ਤੁਝਹਿ ਧਿਆਵਹਿ ਮੇਰੇ ਸਾਹ ॥ ਜਿਉ ਭਾਵੈ ਤਿਉ ਰਖੁ ਤੂ ਮੇਰੇ ਪਿਆਰੇ, ਸਚੁ ਨਾਨਕ ਕੇ ਪਾਤਸਾਹ ॥੪॥੭॥੧੩॥ ਹੇ ਮੇਰੇ ਹਰੀ ਪਾਤਸ਼ਾਹ! (ਮੇਹਰ ਕਰ) ਮੈਨੂੰ ਤੇਰੇ ਦਰਸ਼ਨਾਂ ਦਾ ਸੁਖ ਪ੍ਰਾਪਤ ਹੋ ਜਾਏ। ਹੇ ਸ਼ਾਹ! ਮੇਰੇ (ਦਿਲ ਦੀ) ਪੀੜ ਤੂੰ ਜਾਣਦਾ ਹੈਂ, (ਤੈਥੋਂ ਬਿਨਾ ਦੂਜਾ) ਹੋਰ ਕੋਈ ਕੀ ਜਾਣ ਸਕਦਾ ਹੈ? (ਕੋਈ ਨਹੀਂ ਜਾਣ ਸਕਦਾ)। ਰਹਾਉ। ਹੇ ਮੇਰੇ ਸ਼ਾਹ! ਨਿਸਚੇ ਕਰਕੇ ਤੂੰ ਸੱਚਾ ਸਾਹਿਬ ਹੈਂ, ਤੇਰਾ ਕੀਤਾ ਸਭ ਕੁਛ ਸੱਚਾ ਹੁੰਦਾ ਹੈ। ਹੇ ਸ਼ਾਹ! ਝੂਠਾ ਕਿਸ ਨੂੰ ਆਖੀਏ? (ਸਭ ਤੇਰਾ ਹੀ ਰੂਪ ਹੈ, ਤੈਥੋਂ ਬਿਨਾ ਸੰਸਾਰ ਵਿਚ) ਦੂਜਾ ਕੋਈ ਹੈ ਹੀ ਨਹੀਂ {ਆਪਿ ਸਤਿ ਕੀਆ ਸਭੁ ਸਤਿ ੨੯੪}।੧। ਹੇ ਪਾਤਸ਼ਾਹ! ਤੂੰ ਸਾਰੇ ਜੀਵਾਂ ਵਿਚ ਵਰਤ ਰਿਹਾ (ਵਿਆਪਕ) ਹੈਂ, ਸਾਰੇ ਜੀਵ (ਕਿਸੇ ਨਾ ਕਿਸੇ ਰੂਪ ਵਿਚ) ਦਿਨ ਰਾਤ ਤੈਨੂੰ ਸਿਮਰਦੇ ਹਨ। ਸਾਰੇ ਜੀਵ ਤੇਰੇ ਪਾਸੋਂ ਹੀ ਦਾਤਾਂ ਮੰਗਦੇ ਹਨ, ਇਕ ਤੂੰ ਹੀ ਸਭ ਨੂੰ ਦਾਤ ਦੇਣਾ ਕਰਦਾ ਹੈਂ।੨। ਹੇ ਮੇਰੇ ਪਾਤਸ਼ਾਹ! ਸਭ ਕੋਈ ਤੇਰੇ ਵਿਚ ਹੈ, ਤੇਰੇ ਤੋਂ ਬਾਹਰ ਕੋਈ ਨਹੀਂ ਹੈ (ਜਿਵੇਂ ਲਹਿਰਾਂ ਸਮੁੰਦਰ ਵਿਚ ਹੀ ਹੁੰਦੀਆਂ ਹਨ, ਸਮੁੰਦਰ ਤੋਂ ਬਾਹਰ ਨਹੀਂ ਹੁੰਦੀਆਂ)। ਹੇ ਮੇਰੇ ਸ਼ਾਹ! ਸਾਰੇ ਜੀਵ ਤੇਰੇ ਪੈਦਾ ਕੀਤੇ ਹੋਏ ਹਨ ਤੇ ਤੂੰ ਸਭ ਦਾ ਮਾਲਕ ਹੈਂ ਅਤੇ ਸਾਰੇ ਜੀਵ ਤੇਰੇ ਵਿਚ ਸਮਾ ਜਾਣਗੇ।੩। ਹੇ ਮੇਰੇ ਪਿਆਰੇ! ਤੂੰ ਸਭ ਜੀਵਾਂ ਦੀ ਆਸ ਪੂਰੀ ਕਰਨ ਵਾਲਾ ਹੈਂ, ਹੇ ਮੇਰੇ ਸ਼ਾਹ! ਸਾਰੇ ਜੀਵ ਤੈਨੂੰ ਸਿਮਰਦੇ ਹਨ। ਹੇ ਮੇਰੇ ਪਿਆਰੇ! ਹੇ ਨਾਨਕ ਦੇ ਸੱਚੇ ਪਾਤਸ਼ਾਹ! ਜਿਵੇਂ ਤੈਨੂੰ ਭਾਉਂਦਾ ਹੈ, ਤਿਵੇਂ ਤੂੰ ਮੈਨੂੰ ਰੱਖ।੪।੭।੧੩।
ਪਦਾਰਥ = ਸਾਹਾ–ਹੇ ਪਾਤਸ਼ਾਹ!। ਹਮਰੀ–ਮੇਰੀ। ਬੇਦਨਿ–(ਦਿਲ ਦਾ) ਦਰਦ। ਜਾਨਤਾ–ਜਾਣਦਾ ਹੈਂ। ਅਵਰੁ–ਹੋਰ। ਰਹਾਉ। ਸਚੁ–ਨਿਸ਼ਚੇ ਕਰਕੇ। ਸਾਹਿਬੁ–ਮਾਲਕ। ਕੀਆ–ਕੀਤਾ। ਕਿਸ ਕਉ–ਕਿਸ ਨੂੰ।੧। ਸਭਨਾ ਵਿਚਿ–ਸਾਰੇ ਜੀਵਾਂ ਵਿਚ। ਵਰਤਦਾ–ਵਰਤ ਰਿਹਾ ਹੈਂ। ਤੁਝਹਿ–ਤੈਨੂੰ। ਤੁਝ ਹੀ ਥਾਵਹੁ–ਤੇਰੇ ਪਾਸੋਂ ਹੀ। ਤੂ ਇਕ–ਇਕ ਤੂੰ ਹੀ।੨। ਤੇ–ਤੋਂ। ਨਾਹਿ–ਨਹੀਂ। ਜੀਅ–ਜੀਵ। ਸਭਸ ਦਾ–ਸਭ (ਜੀਵਾਂ) ਦਾ। ਮਾਹਿ–ਵਿਚ। ਸਮਾਹਿ–ਸਮਾ (ਲੀਨ ਹੋ) ਜਾਣਗੇ।੩। ਭਾਵੈ–ਭਾਉਂਦਾ ਹੈ। ਪਾਤਸਾਹ–ਹੇ ਪਾਤਸ਼ਾਹ!।੪।੭।੧੩।

ਧਨਾਸਰੀ ਮਹਲਾ ੫ ਘਰੁ ੧ ਚਉਪਦੇ ੧ੴ ਸਤਿਗੁਰ ਪ੍ਰਸਾਦਿ ॥ ਭਵ ਖੰਡਨ ਦੁਖ ਭੰਜਨ ਸ੍ਵਾਮੀ, ਭਗਤਿ ਵਛਲ ਨਿਰੰਕਾਰੇ ॥ ਕੋਟਿ ਪਰਾਧ ਮਿਟੇ ਖਿਨ ਭੀਤਰਿ, ਜਾਂ ਗੁਰਮੁਖਿ ਨਾਮੁ ਸਮਾਰੇ ॥੧॥ ਮੇਰਾ ਮਨੁ ਲਾਗਾ ਹੈ ਰਾਮ ਪਿਆਰੇ ॥ ਦੀਨ ਦਇਆਲਿ ਕਰੀ ਪ੍ਰਭਿ ਕਿਰਪਾ, ਵਸਿ ਕੀਨੇ ਪੰਚ ਦੂਤਾਰੇ ॥੧॥ਰਹਾਉ॥ ਤੇਰਾ ਥਾਨੁ ਸੁਹਾਵਾ ਰੂਪੁ ਸੁਹਾਵਾ, ਤੇਰੇ ਭਗਤ ਸੋਹਹਿ ਦਰਬਾਰੇ ॥ ਸਰਬ ਜੀਆ ਕੇ ਦਾਤੇ ਸੁਆਮੀ, ਕਰਿ ਕਿਰਪਾ ਲੇਹੁ ਉਬਾਰੇ ॥੨॥ ਤੇਰਾ ਵਰਨੁ ਨ ਜਾਪੈ ਰੂਪੁ ਨ ਲਖੀਐ, ਤੇਰੀ ਕੁਦਰਤਿ ਕਉਨੁ ਬੀਚਾਰੇ ॥ ਜਲਿ ਥਲਿ ਮਹੀਅਲਿ ਰਵਿਆ ਸ੍ਰਬ ਠਾਈ, ਅਗਮ ਰੂਪ ਗਿਰਧਾਰੇ ॥੩॥ ਕੀਰਤਿ ਕਰਹਿ ਸਗਲ ਜਨ ਤੇਰੀ, ਤੂ ਅਬਿਨਾਸੀ ਪੁਰਖੁ ਮੁਰਾਰੇ ॥ ਜਿਉ ਭਾਵੈ ਤਿਉ ਰਾਖਹੁ ਸੁਆਮੀ, ਜਨ ਨਾਨਕ ਸਰਨਿ ਦੁਆਰੇ ॥੪॥੧॥ ਹੇ ਜਨਮ ਮਰਨ ਨਾਸ਼ ਕਰਨ ਵਾਲੇ! ਹੇ ਦੁਖ ਨਾਸ਼ ਕਰਨ ਵਾਲੇ ਮਾਲਕ ਪ੍ਰਭੂ! ਹੇ ਭਗਤੀ ਨਾਲ ਪਿਆਰ ਕਰਨ ਵਾਲੇ ਨਿਰੰਕਾਰ!। ਜਦੋਂ (ਕੋਈ ਮਨੁੱਖ) ਗੁਰੂ ਦੁਆਰਾ ਤੇਰਾ ਨਾਮ ਸਿਮਰਦਾ ਹੈ, (ਤਾਂ ਉਸ ਦੇ) ਕ੍ਰੋੜਾਂ ਪਾਪ ਇਕ ਛਿਨ ਵਿਚ ਮਿਟ ਜਾਂਦੇ ਹਨ।੧। ਹੇ ਪਿਆਰੇ ਰਾਮ! ਮੇਰਾ ਮਨ (ਤੇਰੇ ਸਿਮਰਨ ਵਿਚ) ਲੱਗ ਗਿਆ ਹੈ। ਗਰੀਬਾਂ ਉਤੇ ਦਇਆ ਕਰਨ ਵਾਲੇ ਪ੍ਰਭੂ ਨੇ (ਮੇਰੇ ਉਪਰ) ਕ੍ਰਿਪਾ ਕੀਤੀ, ਪੰਜ ਦੂਤ ਕਾਮਾਦਿਕ ਮੇਰੇ ਵਸਿ ਵਿਚ ਕਰ ਦਿਤੇ ਹਨ।੧। ਰਹਾਉ। (ਹੇ ਪ੍ਰਭੂ!) ਤੇਰਾ ਨਿਵਾਸ ਅਸਥਾਨ ਸੋਹਣਾ ਹੈ ਤੇ ਤੇਰਾ ਰੂਪ ਵੀ ਸੋਹਣਾ ਹੈ ਅਤੇ ਤੇਰੇ ਭਗਤ ਤੇਰੇ ਦਰਬਾਰ ਵਿਚ ਸੋਭ ਰਹੇ (ਸੋਹਣੇ ਲਗਦੇ) ਹਨ। ਹੇ ਸਾਰੇ ਜੀਵਾਂ ਦੇ ਦਾਤੇ ਮਾਲਕ ਪ੍ਰਭੂ! ਕਿਰਪਾ ਕਰਕੇ (ਕਾਮਾਦਿਕ ਦੂਤਾਂ ਤੋਂ ਸਾਨੂੰ) ਬਚਾ ਲਵੋ।੨। (ਹੇ ਪ੍ਰਭੂ!) ਤੇਰਾ ਕੋਈ ਰੰਗ ਨਹੀਂ ਜਾਣਿਆ ਜਾਂਦਾ, ਤੇਰਾ ਕੋਈ ਰੂਪ ਨਹੀਂ ਜਾਣਿਆ ਜਾਂਦਾ, ਤੇਰੀ ਸ਼ਕਤੀ ਦਾ ਕੌਣ ਵਿਚਾਰ ਕਰ ਸਕਦਾ ਹੈ? (ਅੰਦਾਜਾ ਨਹੀਂ ਲਾਇਆ ਜਾ ਸਕਦਾ)। ਹੇ ਮਨ ਬਾਣੀ ਦੀ ਪਹੁੰਚ ਤੋਂ ਪਰੇ ਪ੍ਰਭੂ! ਜਲ ਵਿਚ, ਧਰਤੀ ਉਤੇ, ਧਰਤੀ ਅਤੇ ਅਕਾਸ਼ ਦੇ ਵਿਚਕਾਰ ਪੁਲਾੜ ਵਿਚ ਸਭ ਥਾਵਾਂ ਵਿਚ ਤੂੰ ਰਮਿਆ ਹੋਇਆ ਹੈਂ।੩। ਹੇ ਪ੍ਰਭੂ! ਤੂੰ ਨਾਸ਼ ਰਹਿਤ ਵਿਆਪਕ ਪੁਰਖ ਹੈਂ, ਸਾਰੇ ਸੇਵਕ ਜਨ ਤੇਰੀ ਸਿਫਤ ਸਲਾਹ ਕਰਦੇ ਹਨ। ਦਾਸ ਨਾਨਕ ਤੇਰੇ ਦਰ ਉਤੇ ਤੇਰੀ ਸ਼ਰਣ ਵਿਚ ਆਇਆ ਹੈ, ਹੇ ਸੁਆਮੀ! ਜਿਵੇਂ ਤੈਨੂੰ ਭਾਉਂਦਾ ਹੈ, ਤਿਵੈ ਮੈਨੂੰ ਰੱਖ ਲੈ (ਰੱਖਿਆ ਕਰ)।੪।੧।
ਪਦਾਰਥ = ਚਉਪਦੇ–ਚਾਰ ਪਦਿਆਂ ਵਾਲੇ ਸ਼ਬਦ। ਭਵ ਖੰਡਨ–ਹੇ ਜਨਮ ਮਰਨ ਨਾਸ਼ ਕਰਨ ਵਾਲੇ!। ਦੁਖ ਭੰਜਨ–ਹੇ ਦੁੱਖ ਨਾਸ਼ ਕਰਨ ਵਾਲੇ!। ਸ੍ਵਾਮੀ–ਹੇ ਮਾਲਕ ਪ੍ਰਭੂ!। ਭਗਤਿ ਵਛਲ–ਹੇ ਭਗਤੀ ਨਾਲ ਪਿਆਰ ਕਰਨ ਵਾਲੇ!। ਨਿਰੰਕਾਰੇ–ਹੇ ਅਕਾਰ ਰਹਿਤ ਪ੍ਰਭੂ!। ਕੋਟਿ–ਕ੍ਰੋੜਾਂ। ਪਰਾਧ–ਅਪਰਾਧ (ਪਾਪ)। ਖਿਨ ਭੀਤਰਿ–ਇਕ ਛਿਨ ਵਿਚ। ਜਾਂ–ਜਦੋਂ। ਗੁਰਮੁਖਿ–ਗੁਰੂ ਦੁਆਰਾ। ਸਮਾਰੇ–ਸਿਮਰਦਾ ਹੈ।੧। ਦੀਨ ਦਇਆਲਿ–ਗਰੀਬਾਂ ਉਤੇ ਦਇਆ ਕਰਨ ਵਾਲੇ ਨੇ। ਕਰੀ–ਕੀਤੀ। ਪ੍ਰਭਿ–ਪ੍ਰਭੂ ਨੇ। ਵਸਿ ਕੀਨੇ–ਵਸ ਵਿਚ ਕਰ ਦਿਤੇ। ਪੰਚ ਦੂਤਾਰੇ–ਪੰਜ ਕਾਮਾਦਿਕ ਵੈਰੀ।੧। ਰਹਾਉ। ਥਾਨਿ–ਅਸਥਾਨ (ਸਤਸੰਗਤ; ਸਚਖੰਡ)। ਸੁਹਾਵਾ–ਸੋਹਣਾ। ਸੋਹਹਿ–ਸੋਭ ਰਹੇ ਹਨ;

ਸੋਹਣੇ ਲਗਦੇ ਹਨ। ਦਰਬਾਰੇ–ਦਰਬਾਰ ਵਿਚ। ਸਰਬ ਜੀਆ ਕੇ–ਸਾਰੇ ਜੀਵਾਂ ਦੇ। ਲੇਹੁ ਉਬਾਰੇ–ਬਚਾ ਲਵੋ।੨। ਵਰਨੁ–ਰੰਗ। ਨ ਜਾਪੈ–ਜਾਣਿਆ ਨਹੀਂ ਜਾਂਦਾ; ਪਤਾ ਨਹੀਂ ਲਗਦਾ। ਰੂਪੁ–ਸ਼ਕਲ; ਆਕਾਰ। ਨ ਲਖੀਐ–ਨਹੀਂ ਜਾਣਿਆ ਜਾਂਦਾ; ਦੇਖਿਆ ਨਹੀਂ ਜਾ ਸਕਦਾ। ਕੁਦਰਤਿ–ਸ਼ਕਤੀ। ਜਲਿ–ਜਲ ਵਿਚ। ਥਲਿ–ਧਰਤੀ ਉਤੇ। ਮਹੀਅਲਿ–ਧਰਤੀ ਤੇ ਅਕਾਸ਼ ਦੇ ਵਿਚਕਾਰ ਪੁਲਾੜ ਵਿਚ। ਸ੍ਰਬ ਠਾਈ–ਸਭ ਥਾਵਾਂ ਵਿਚ। ਅਗਮ–ਮਨ ਬਾਣੀ ਦੀ ਪਹੁੰਚ ਤੋਂ ਪਰੇ।੩। ਕੀਰਤਿ–ਸਿਫਤ ਸਲਾਹ। ਸਗਲ ਜਨ–ਸਾਰੇ ਸੇਵਕ ਜਨ। ਅਬਿਨਾਸੀ–ਨਾਸ਼ ਰਹਿਤ। ਪੁਰਖੁ–ਵਿਆਪਕ ਅਕਾਰ ਪੁਰਖ। ਮੁਰਾਰੇ–ਹੇ ਪ੍ਰਭੂ ! । ਭਾਵੈ–ਭਾਉਂਦਾ ਹੈ। ਦੁਆਰੇ–ਦਰ ਉਤੇ।੪।੧।

ਗਿਰਧਾਰੇ = ਸਾਰੇ ਗੋਪ ਇੰਦਰ ਦੀ ਪੂਜਾ ਕਰਿਆ ਕਰਦੇ ਸਨ, ਪਰ ਕ੍ਰਿਸ਼ਨ ਜੀ ਨੇ ਲੋਕਾਂ ਨੂੰ ਇੰਦ੍ਰ ਦੀ ਪੂਜਾ ਤੋਂ ਹਟਾ ਦਿਤਾ। ਜਿਸ ਤੇ ਇੰਦ੍ਰ ਨੇ ਗੁੱਸੇ ਹੋ ਕੇ ਮੂਸਲਾਧਾਰ ਮੀਂਹ ਵਰਸਾਇਆ। ਜਦ ਗੋਪਾਂ ਦੇ ਘਰ ਪਾਣੀ ਵਿਚ ਡੁਬਣ ਲੱਗੇ ਤਾਂ ਕ੍ਰਿਸ਼ਨ ਜੀ ਨੇ ਗੋਵਰਧਨ ਪਹਾੜ ਅਪਣੀ ਉਂਗਲ ਤੇ ਉਠਾ ਕੇ ਛਤਰੀ ਕਰ ਦਿਤੀ, ਇਉਂ ਗੋਪਾਂ ਨੂੰ ਬਚਾਇਆ, ਜਿਸ ਤੋਂ ਕ੍ਰਿਸ਼ਨ ਜੀ ਦਾ ਨਾਮ ਗਿਰਧਾਰੀ (ਪਹਾੜ ਨੂੰ ਉਠਾਉਣ ਵਾਲਾ) ਪੈ ਗਿਆ। ਭਾਵ ਹੈ ਪਹਾੜਾਂ ਨੂੰ ਧਾਰਨ ਵਾਲਾ ਵਾਹਿਗੁਰੂ।

ਧਨਾਸਰੀ ਮਹਲਾ ੫ ॥ ਬਿਨੁ ਜਲ ਪ੍ਰਾਨ ਤਜੇ ਹੈ ਮੀਨਾ, ਜਿਨਿ ਜਲ ਸਿਉ ਹੇਤੁ ਬਢਾਇਓ ॥ ਕਮਲ ਹੇਤਿ ਬਿਨਸਿਓ ਹੈ ਭਵਰਾ, ਉਨਿ ਮਾਰਗੁ ਨਿਕਸਿ ਨ ਪਾਇਓ ॥੧॥ ਅਬ ਮਨ ਏਕਸ ਸਿਉ ਮੋਹੁ ਕੀਨਾ ॥ ਮਰੈ ਨ ਜਾਵੈ ਸਦ ਹੀ ਸੰਗੇ, ਸਤਿਗੁਰ ਸਬਦੀ ਚੀਨਾ ॥੧॥ਰਹਾਉ॥ (ਹੇ ਭਾਈ!) ਮੱਛੀ ਪਾਣੀ ਤੋਂ ਬਿਨਾ ਅਪਣੇ ਪ੍ਰਾਣ ਛਡ ਦਿੰਦੀ ਹੈ, ਜਿਸ ਨੇ ਪਾਣੀ ਨਾਲ ਪ੍ਰੇਮ ਵਧਾਇਆ ਹੁੰਦਾ ਹੈ। ਕਮਲ ਫੁੱਲ ਦੇ ਪ੍ਰੇਮ ਵਿਚ ਭਉਰਾ ਮਰ ਜਾਂਦਾ ਹੈ, (ਕਿਉਂਕਿ) ਉਸ ਨੇ ਫੁੱਲ ਵਿਚੋਂ ਨਿਕਲਨ ਦਾ ਰਸਤਾ ਹੀ ਪ੍ਰਾਪਤ ਨਹੀਂ ਕੀਤਾ।੧।(ਹੇ ਭਾਈ! ਮੇਰੇ) ਮਨ ਨੇ ਹੁਣ ਇਕ ਹਰੀ ਨਾਲ ਮੋਹ ਕੀਤਾ ਹੈ। ਜੋ ਨਾ ਮਰਦਾ ਹੈ, ਨਾ ਕਿਧਰੇ ਜਾਂਦਾ ਹੈ, ਸਦਾ ਨਾਲ ਰਹਿੰਦਾ ਹੈ, ਸਤਿਗੁਰੂ ਦੇ ਉਪਦੇਸ਼ ਰਾਹੀ ਮੈਂ (ਉਸ ਹਰੀ ਨੂੰ) ਜਾਣਿਆ ਹੈ।੧।ਰਹਾਉ।

ਅੰਗ ੬੭੧ = ਕਾਮ ਹੇਤਿ ਕੁੰਚਰੁ ਲੈ ਫਾਂਕਿਓ, ਓਹੁ ਪਰ ਵਸਿ ਭਇਓ ਬਿਚਾਰਾ ॥ ਨਾਦ ਹੇਤਿ ਸਿਰੁ ਡਾਰਿਓ ਕੁਰੰਕਾ, ਉਸ ਹੀ ਹੇਤ ਬਿਦਾਰਾ ॥੨॥ ਦੇਖਿ ਕੁਟੰਬੁ ਲੋਭਿ ਮੋਹਿਓ ਪ੍ਰਾਨੀ, ਮਾਇਆ ਕਉ ਲਪਟਾਨਾ ॥ ਅਤਿ ਰਚਿਓ ਕਰਿ ਲੀਨੋ ਅਪੁਨਾ, ਉਨਿ ਛੋਡਿ ਸਰਾਪਰ ਜਾਨਾ ॥੩॥ ਬਿਨੁ ਗੋਬਿੰਦ ਅਵਰ ਸੰਗਿ ਨੇਹਾ, ਓਹੁ ਜਾਣਹੁ ਸਦਾ ਦੁਹੇਲਾ ॥ ਕਹੁ ਨਾਨਕ ਗੁਰ ਇਹੈ ਬੁਝਾਇਓ, ਪ੍ਰੀਤਿ ਪ੍ਰਭੂ ਸਦ ਕੇਲਾ ॥੪॥੨॥ ਕਾਮ ਵਾਸ਼ਨਾ ਵਾਸਤੇ ਹਾਥੀ ਫਸ ਗਿਆ, ਉਹ ਵਿਚਾਰਾ ਹਾਥੀ ਪਰਾਏ ਵਸ ਵਿਚ ਕੈਦ ਹੋ ਗਿਆ। ਘੰਡੇ ਹੇੜੇ ਦੀ ਅਵਾਜ ਦੇ ਮੋਹ ਵਿਚ ਹਿਰਨ ਨੇ ਅਪਣਾ ਸਿਰ ਦੇ ਦਿਤਾ, ਉਸ (ਅਵਾਜ) ਦੇ ਪ੍ਰੇਮ ਵਿਚ ਹੀ ਮਾਰਿਆ ਗਿਆ ਹੈ।੨।(ਇਸੇ ਤਰ੍ਹਾਂ) ਪ੍ਰਾਣੀ ਅਪਣੇ ਪ੍ਰਵਾਰ ਨੂੰ ਦੇਖ ਕੇ (ਉਸ ਦੇ) ਲੋਭ ਵਿਚ ਮੋਹਿਆ ਹੋਇਆ ਹੈ ਅਤੇ ਮਾਇਆ ਨੂੰ ਚਿੰਬੜਿਆ ਰਹਿੰਦਾ ਹੈ।(ਮਾਇਆ ਨੂੰ ਅਪਣੀ) ਸਮਝ ਕਰਕੇ (ਉਸ ਵਿਚ) ਬਹੁਤ ਖੁਭ ਗਿਆ ਹੈ, (ਪ੍ਰਵਾਰ ਤੇ ਮਾਇਆ ਨੂੰ) ਅਪਣਾ ਬਣਾ ਲਿਆ ਹੈ, (ਪਰ ਇਹ ਨਹੀਂ ਜਾਣਦਾ ਕਿ ਅੰਤ ਸਮੇਂ) ਉਸ ਨੇ (ਸੰਸਾਰ ਵਿਚੋਂ ਮਾਇਆ ਤੇ ਪ੍ਰਵਾਰ ਨੂੰ) ਛਡ ਕੇ ਅਵੱਸ਼ ਚਲੇ ਜਾਣਾ ਹੈ; ਉਸ (ਮਾਇਆ ਤੇ ਪ੍ਰਵਾਰ ਨੇ ਅੰਤ ਸਮੇਂ ਮਨੁੱਖ ਨੂੰ) ਛਡ ਜਾਣਾ ਹੈ।੩।(ਹੇ ਭਾਈ! ਜੋ ਮਨੁੱਖ) ਗੋਵਿੰਦ ਤੋਂ ਬਿਨਾ ਹੋਰਨਾਂ ਨਾਲ ਪ੍ਰੇਮ ਕਰਦਾ ਹੈ, ਜਾਣ ਲਵੋ, ਉਹ ਸਦਾ ਦੁਖੀ ਰਹਿੰਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਗੁਰੂ ਨੇ (ਮੈਨੂੰ) ਇਹ ਸਮਝਾਇਆ ਹੈ ਕਿ ਪ੍ਰਭੂ ਦੀ ਪ੍ਰੀਤ ਸਦਾ ਰਹਿਣ ਵਾਲਾ ਅਨੰਦ ਹੈ।੪।੨।

ਪਦਾਰਥ = ਤਜੇ ਹੈ–ਛਡ ਦਿੰਦੀ ਹੈ। ਮੀਨਾ–ਮੱਛੀ। ਜਿਨਿ–ਜਿਸ ਨੇ। ਜਲ ਸਿਉ–ਪਾਣੀ ਨਾਲ। ਹੇਤੁ–ਪ੍ਰੇਮ। ਬਢਾਇਓ–ਵਧਾਇਆ ਹੈ। ਕਮਲ ਹੇਤਿ–ਕਮਲ ਫੁੱਲ ਦੇ ਪ੍ਰੇਮ ਵਿਚ। ਬਿਨਸਿਓ–ਮਰ ਜਾਂਦਾ ਹੈ। ਭਵਰਾ–ਭਉਰਾ। ਉਨਿ–ਉਸ ਨੇ। ਮਾਰਗੁ–ਰਸਤਾ। ਨਿਕਸਿ–ਨਿਕਲਨ ਦਾ।੧। ਅਬ–ਹੁਣ। ਮਨ–ਮਨ ਨੇ। ਏਕਸ ਸਿਉ–ਇਕ ਹਰੀ ਨਾਲ। ਮੋਹੁ ਕੀਨਾ–ਪ੍ਰੇਮ ਕੀਤਾ ਹੈ। ਸਦ ਹੀ–ਸਦਾ ਹੀ। ਸੰਗੇ–ਨਾਲ; ਅੰਗ ਸੰਗ। ਸਬਦੀ–ਉਪਦੇਸ਼ ਰਾਹੀਂ। ਚੀਨਾ–ਜਾਣ ਲਿਆ ਹੈ।੧। ਰਹਾਉ। ਕਾਮ ਹੇਤਿ–ਕਾਮ ਵਾਸ਼ਨਾ ਵਾਸਤੇ। ਕੁੰਚਰੁ–ਹਾਥੀ। ਲੈ ਫਾਂਕਿਓ–ਫਸ ਗਿਆ। ਪਰ ਵਸਿ–ਪਰਾਏ ਵਸ ਵਿਚ। ਭਇਓ–ਹੋ ਗਿਆ। ਨਾਦ ਹੇਤਿ–ਘੰਡੇਹੇੜੇ ਦੀ ਅਵਾਜ ਦੇ ਮੋਹ ਵਿਚ। ਸਿਰੁ ਡਾਰਿਓ–ਸਿਰ ਦੇ ਦਿਤਾ (ਕੁਰਬਾਨ ਹੋ ਗਿਆ)। ਕੁਰੰਕਾ–ਹਿਰਨ ਨੇ। ਹੇਤ–ਪ੍ਰੇਮ ਵਿਚ। ਬਿਦਾਰਾ–ਮਾਰਿਆ ਗਿਆ।੨। ਦੇਖਿ–ਦੇਖ ਕੇ। ਕੁਟੰਬੁ–ਪ੍ਰਵਾਰ। ਲੋਭਿ–ਲੋਭ ਵਿਚ। ਮੋਹਿਓ–ਮੋਹਿਆ (ਫਸ) ਗਿਆ। ਕਉ–ਨੂੰ। ਲਪਟਾਨਾ–ਚਿੰਬੜਿਆ ਹੈ। ਅਤਿ–ਬਹੁਤ। ਰਚਿਓ–ਖੁਭ ਗਿਆ। ਕਰਿ ਲੀਨੋ–ਬਣ ਲਿਆ। ਉਨਿ–ਉਸ ਨੇ। ਸਰਾਪਰ–ਜਰੂਰ।੩। ਅਵਰ ਸੰਗਿ–ਹੋਰਨਾਂ ਨਾਲ। ਨੇਹਾ–ਪ੍ਰੇਮ। ਦੁਹੇਲਾ–ਦੁਖੀ। ਬੁਝਾਇਓ–ਸਮਝਾ ਦਿਤਾ ਹੈ। ਸਦ–ਸਦਾ। ਕੇਲਾ–ਅਨੰਦ; ਖੁਸ਼ੀਆਂ।੪।੨।

ਵਿਆਖਿਆ = ੧. ਮੱਛੀ ਜੀਭ ਦੇ ਸੁਆਦ ਕਰਕੇ ਸ਼ਿਕਾਰੀ ਦੀ ਕੁੰਡੀ ਵਿਚ ਫਸ ਜਾਂਦੀ ਹੈ ਅਤੇ ਪਾਣੀ ਤੋਂ ਵਿਛੜੀ ਹੋਈ ਮਰ ਜਾਂਦੀ ਹੈ। ਪਾਣੀ ਮੱਛੀ ਦਾ ਜੀਵਨ ਹੈ, ਪਾਣੀ ਨਾਲ ਪਿਆਰ ਹੈ, ਪਰ ਪਾਣੀ ਮੱਛੀ ਨੂੰ ਬਚਾ ਨਹੀਂ ਸਕਦਾ। ਭੌਰੇ ਦਾ ਕਮਲ ਫੁੱਲ ਨਾਲ ਪਿਆਰ ਹੁੰਦਾ ਹੈ, ਫੁੱਲ ਦੀ ਮਹਿਕ ਵਿਚ ਮਗਨ ਹੋ ਕੇ ਭੁੱਲ ਜਾਂਦਾ ਹੈ ਕਿ ਸੂਰਜ ਛਿਪ ਜਾਣ ਨਾਲ ਕਮਲ ਫੁੱਲ ਦੀਆਂ ਪੰਖੜੀਆਂ ਬੰਦ ਹੋ ਜਾਣਗੀਆਂ। ਕਮਲ ਸੂਰਜ ਚੜ੍ਹਨ ਤੇ ਖਿੜਦਾ ਹੈ ਤੇ ਸੂਰਜ ਛਿਪ ਜਾਣ ਤੇ ਬੰਦ ਹੋ ਜਾਂਦਾ ਹੈ। ਭੌਰੇ ਦਾ ਕਮਲ ਨਾਲ ਪਿਆਰ

ਹੋਣ ਕਰਕੇ ਕਮਲ ਦੀਆਂ ਪੰਖੜੀਆਂ ਵਿਚ ਛੇਦ ਨਹੀਂ ਕਰਦਾ, ਕਮਲ ਦੇ ਵਿਚੇ ਹੀ ਮਰ ਜਾਂਦਾ ਹੈ। ਭੌਰੇ ਦਾ ਪ੍ਰੇਮ ਇਕ ਪਾਸੜ ਹੈ, ਕਮਲ ਭੌਰੇ ਦੀ ਜਾਨ ਲੈ ਲੈਂਦਾ ਹੈ।੨. ਹਾਥੀ ਨੂੰ ਫੜਨ ਵਾਸਤੇ ਪੁਰਾਣਾ ਤਰੀਕਾ ਹੈ, ਇਕ ਹਥਣੀ ਦਾ ਨਕਲੀ ਕਲਬੂਤ ਬਣਾ ਕੇ ਘਾਹ ਨਾਲ ਢਕੇ ਹੋਏ ਟੋਏ ਉਤੇ ਖੜਾ ਕਰ ਦਿਤਾ ਜਾਂਦਾ ਹੈ। ਕਾਮ ਦੇ ਨਸ਼ੇ ਵਿਚ ਜਦ ਹਾਥੀ ਉਸ ਨਕਲੀ ਕਲਬੂਤ ਵੱਲ ਵਧਦਾ ਹੈ, ਤਾਂ ਟੋਏ ਵਿਚ ਡਿਗ ਜਾਂਦਾ ਹੈ। ਕਈ ਦਿਨ ਭੁੱਖਾ ਰਖ ਕੇ ਫੜ ਲਿਆ ਜਾਂਦਾ ਹੈ। ਹਿਰਨ ਦਾ ਘੰਟੇ ਦੀ ਅਵਾਜ ਨਾਲ ਪਿਆਰ ਹੈ, ਸ਼ਿਕਾਰੀ ਇਸ ਨੂੰ ਫੜਨ ਵਾਸਤੇ ਲੁਕ ਕੇ ਘੰਟਾ ਵਜਾਉਂਦਾ ਹੈ, ਜਿਸ ਦੀ ਅਵਾਜ ਉਤੇ ਮੋਹਿਤ ਹੋ ਕੇ ਹਿਰਨ ਉਸ ਆਵਾਜ ਵੱਲ ਵਧਿਆ ਆਉਂਦਾ ਹੈ ਅਤੇ ਫੜ ਲਿਆ ਜਾਂਦਾ ਹੈ। ਇਸ ਘੰਟੇ ਨੂੰ ਘੰਡਾਹੇੜਾ ਜਾਂ ਘੰਟਕਹੇਰਿ ਵੀ ਕਹਿੰਦੇ ਹਨ। ਹਿਰਨ ਦਾ ਘੰਟੇ ਦੀ ਅਵਾਜ ਨਾਲ ਪਿਆਰ ਹੈ, ਪਰ ਉਹ ਹੀ ਹਿਰਨ ਦੀ ਜਾਨ ਲੈ ਲੈਂਦਾ ਹੈ। ਸਤਿਗੁਰੂ ਜੀ ਕਹਿੰਦੇ ਹਨ ਕਿ ਵਾਹਿਗੁਰੂ ਦੇ ਪ੍ਰੇਮ ਤੋਂ ਬਿਨਾ ਹੋਰਨਾਂ ਦਾ ਪ੍ਰੇਮ ਜੀਵ ਨੂੰ ਦੁਖੀ ਕਰਦਾ ਹੈ। ਵਾਹਿਗੁਰੂ ਦਾ ਪ੍ਰੇਮ ਸਦੀਵੀ ਅਨੰਦ ਦੇਣ ਵਾਲਾ ਹੈ।

ਮਧੁਪ ਕਮਲ ਮਿਲਿ ਭ੍ਰਮਤ ਨ ਰਾਖਿ ਸਕੈ, ਸੰਪਟ ਮੈ ਮੂਏ ਸੈ ਨ ਸਹਜ ਸਮਾਏ ਹੈ।
ਜਲ ਮਿਲਿ ਮੀਨ ਕੀ ਨ ਦੁਬਿਧਾ ਮਿਟਾਇ ਸਕੀ, ਬਿਛੁਰਿ ਮਰਤ ਹਰਿ ਲੋਕ ਨ ਪਠਾਏ ਹੈ।(ਭਾ.ਗੁ. ਕਬਿੱਤ ੩੨੦)

ਧਨਾਸਰੀ ਮਃ ੫ ॥ ਕਰਿ ਕਿਰਪਾ ਦੀਓ ਮੋਹਿ ਨਾਮਾ, ਬੰਧਨ ਤੇ ਛੁਟਕਾਏ ॥ ਮਨ ਤੇ ਬਿਸਰਿਓ ਸਗਲੋ ਧੰਧਾ, ਗੁਰ ਕੀ ਚਰਣੀ ਲਾਏ ॥੧॥ ਸਾਧ ਸੰਗਿ ਚਿੰਤ ਬਿਰਾਨੀ ਛਾਡੀ ॥ ਅਹੰਬੁਧਿ ਮੋਹ ਮਨ ਬਾਸਨ, ਦੇ ਕਰਿ ਗਡਹਾ ਗਾਡੀ ॥੧॥ਰਹਾਉ॥ ਨਾ ਕੋ ਮੇਰਾ ਦੁਸਮਨੁ ਰਹਿਆ, ਨਾ ਹਮ ਕਿਸ ਕੇ ਬੈਰਾਈ ॥ ਬ੍ਰਹਮੁ ਪਸਾਰੁ ਪਸਾਰਿਓ ਭੀਤਰਿ, ਸਤਿਗੁਰ ਤੇ ਸੋਝੀ ਪਾਈ ॥੨॥ ਸਭੁ ਕੋ ਮੀਤੁ ਹਮ ਆਪਨ ਕੀਨਾ, ਹਮ ਸਭਨਾ ਕੇ ਸਾਜਨ ॥ ਦੂਰਿ ਪਰਾਇਓ ਮਨ ਕਾ ਬਿਰਹਾ, ਤਾ ਮੇਲੁ ਕੀਓ ਮੇਰੈ ਰਾਜਨ ॥੩॥ ਬਿਨਸਿਓ ਢੀਠਾ ਅੰਮ੍ਰਿਤੁ ਵੂਠਾ, ਸਬਦੁ ਲਗੋ ਗੁਰ ਮੀਠਾ ॥ ਜਲਿ ਥਲਿ ਮਹੀਅਲਿ ਸਰਬ ਨਿਵਾਸੀ, ਨਾਨਕ ਰਮਈਆ ਡੀਠਾ ॥੪॥੩॥ (ਹੇ ਭਾਈ! ਪ੍ਰਭੂ ਨੇ) ਕ੍ਰਿਪਾ ਕਰਕੇ ਮੈਨੂੰ ਅਪਣਾ ਨਾਮ ਦਿਤਾ ਅਤੇ (ਮੋਹ ਮਮਤਾ ਦੇ) ਬੰਧਨਾਂ ਤੋਂ ਛੁਡਾ ਲਿਆ ਹੈ। ਮਨ ਤੋਂ ਸਾਰਾ ਕਾਰ ਵਿਹਾਰ ਭੁੱਲ ਗਿਆ ਹੈ ਅਤੇ (ਮੈਨੂੰ) ਗੁਰੂ ਦੇ ਚਰਨੀਂ ਲਾ ਦਿਤਾ ਹੈ।੧। ਸਾਧ ਸੰਗਤ ਵਿਚ ਆ ਕੇ ਬਿਗਾਨੀ (ਧੀਆਂ ਪੁਤਰਾਂ ਦੀ) ਚਿੰਤਾ ਛਡ ਦਿਤੀ ਹੈ। ਹੰਕਾਰ ਵਾਲੀ ਬੁੱਧੀ, ਮੋਹ ਤੇ ਮਨ ਦੀ ਵਾਸ਼ਨਾ (ਵਿਚਾਰ ਰੂਪ) ਟੋਏ ਵਿਚ ਦੇ ਕੇ ਗੱਡ ਦਿਤੀਆਂ ਹਨ।੧।ਰਹਾਉ।(ਹੇ ਭਾਈ! ਹੁਣ) ਮੇਰਾ ਕੋਈ ਦੁਸ਼ਮਨ ਨਹੀਂ ਰਿਹਾ ਅਤੇ ਨਾ ਹੀ ਅਸੀਂ ਕਿਸੇ ਦੇ ਵੈਰੀ ਹਾਂ। ਬ੍ਰਹਮ ਰੂਪ ਪਸਾਰਾ ਸਾਡੇ ਅੰਦਰ ਪਸਾਰਿਆ ਹੈ (ਸ਼ਬਦਾਰਥ); ਸਤਿਗੁਰੂ ਤੋਂ (ਸਾਨੂੰ ਇਹ) ਸੋਝੀ ਪ੍ਰਾਪਤ ਹੋਈ ਹੈ ਕਿ (ਇਹ ਸਾਰਾ ਜਗਤ) ਪਸਾਰਾ ਬ੍ਰਹਮ ਰੂਪ ਹੈ ਅਤੇ (ਬ੍ਰਹਮ ਨੇ ਆਪਣੇ ਆਪ ਨੂੰ ਸਭ ਦੇ) ਅੰਦਰ ਪਸਾਰਿਆ ਹੋਇਆ ਹੈ।੨। ਅਸੀਂ ਸਭ ਨੂੰ ਅਪਣਾ ਮਿਤ੍ਰ ਬਣਾਇਆ ਹੈ ਅਤੇ ਅਸੀਂ (ਆਪ ਵੀ) ਸਭ ਦੇ ਸੱਜਨ ਮਿਤ੍ਰ ਹਾਂ। ਜਦ ਪ੍ਰਭੂ ਪਾਤਸ਼ਾਹ ਨੇ ਮੇਰੇ ਨਾਲ ਮੇਲ ਕੀਤਾ, ਤਾਂ ਮੇਰੇ ਮਨ ਦੇ ਵਿਛੋੜੇ ਦਾ ਦਰਦ ਦੂਰ ਜਾ ਪਿਆ ਹੈ।੩।(ਹੇ ਭਾਈ! ਜਦ) ਗੁਰੂ ਦਾ ਸ਼ਬਦ ਮਿੱਠਾ ਲਗਣ ਲਗ ਪਿਆ ਤਾਂ ਮਨ ਦਾ ਢੀਠਪੁਣਾ ਨਾਸ਼ ਹੋ ਗਿਆ ਅਤੇ ਮਨ ਵਿਚ ਅੰਮ੍ਰਿਤ ਵਰਸਣ ਲਗ ਪਿਆ ਹੈ। ਜਲ ਵਿਚ, ਧਰਤੀ ਵਿਚ ਅਤੇ ਪੁਲਾੜ ਵਿਚ ਸਭ ਥਾਂ ਨਿਵਾਸ ਕਰਨ ਵਾਲੇ ਹਰੀ ਨੂੰ ਨਾਨਕ ਨੇ ਦੇਖ ਲਿਆ ਹੈ।੪।੩।

ਪਦਾਰਥ = ਕਰਿ–ਕਰਕੇ। ਦੀਓ–ਦਿਤਾ। ਮੋਹਿ–ਮੈਨੂੰ। ਨਾਮਾ–ਪ੍ਰਭੂ ਦਾ ਨਾਮ। ਤੇ–ਤੋਂ। ਛੁਟਕਾਏ–ਛੁਡਾ ਲਿਆ। ਬਿਸਰਿਓ–ਭੁੱਲ ਗਿਆ। ਸਗਲੋ ਧੰਧਾ–ਸਾਰਾ ਕਾਰ ਵਿਹਾਰ।੧। ਬਿਰਾਨੀ–ਬਿਗਾਨੀ। ਅਹੰਬੁਧਿ–ਹੰਕਾਰ ਵਾਲੀ ਅਕਲ। ਮਨ ਬਾਸਨ–ਮਨ ਦੀ ਵਾਸ਼ਨਾ। ਦੇ ਕਰਿ–ਦੇ ਕੇ; ਪਾ ਕੇ; ਪੁੱਟ ਕੇ। ਗਡਹਾ–ਟੋਏ ਵਿਚ। ਗਾਡੀ–ਗੱਡ (ਦੱਬ; ਦਫਨ ਕਰ) ਦਿਤੀ।੧।ਰਹਾਉ। ਨਾ ਕੋ–ਕੋਈ ਨਹੀਂ। ਕਿਸ ਕੇ–ਕਿਸੇ ਦੇ। ਬੈਰਾਈ–ਵੈਰੀ। ਪਸਾਰੁ–ਖਿਲਾਰਾ। ਪਸਾਰਿਓ–ਖਿਲਾਰਿਆ ਹੈ। ਭੀਤਰਿ–(ਸਭ ਦੇ) ਅੰਦਰ। ਸੋਝੀ–ਸਮਝ।੨। ਪਾਈ–ਪ੍ਰਾਪਤ ਹੋਈ।੨। ਸਭੁ ਕੋ–ਸਭ ਨੂੰ। ਕੀਨਾ–ਕੀਤਾ (ਬਣਾਇਆ)। ਕੇ–ਦੇ। ਸਾਜਨ–ਮਿਤ੍ਰ। ਦੂਰਿ ਪਰਾਇਓ–ਦੂਰ ਜਾ ਪਿਆ। ਬਿਰਹਾ–ਵਿਛੋੜੇ ਦਾ ਦਰਦ। ਤਾ–ਤਾਂ। ਰਾਜਨ–ਪ੍ਰਭੂ ਪਾਤਸ਼ਾਹ ਨੇ।੩। ਬਿਨਸਿਓ–ਨਾਸ਼ ਹੋ ਗਿਆ। ਢੀਠਾ–ਢੀਠ ਪੁਣੇ ਵਾਲਾ ਸੁਭਾਵ। ਵੂਠਾ–ਵਰਸਿਆ; ਵਸ ਗਿਆ। ਜਲਿ–ਪਾਣੀਆਂ ਵਿਚ। ਥਲਿ–ਧਰਤੀ ਵਿਚ। ਮਹੀਅਲਿ–ਧਰਤੀ ਤੇ ਅਕਾਸ਼ ਦੇ ਵਿਚਕਾਰ ਪੁਲਾੜ ਵਿਚ। ਸਰਬ ਨਿਵਾਸੀ–ਸਭ ਥਾਂ ਨਿਵਾਸ ਕਰਨ ਵਾਲਾ। ਰਮਈਆ–ਪਰਮਾਤਮਾ।੪।੩।

ਧਨਾਸਰੀ ਮਃ ੫ ॥ ਜਬ ਤੇ ਦਰਸਨ ਭੇਟੇ ਸਾਧੂ, ਭਲੇ ਦਿਨਸ ਓਇ ਆਏ ॥ ਮਹਾ ਅਨੰਦੁ ਸਦਾ ਕਰਿ ਕੀਰਤਨੁ ,ਪੁਰਖ ਬਿਧਾਤਾ ਪਾਏ ॥੧॥ ਅਬ ਮੋਹਿ ਰਾਮ ਜਸੋ ਮਨਿ ਗਾਇਓ ॥ ਭਇਓ ਪ੍ਰਗਾਸੁ ਸਦਾ ਸੁਖੁ ਮਨ ਮਹਿ, ਸਤਿਗੁਰੁ ਪੂਰਾ ਪਾਇਓ ॥੧॥ਰਹਾਉ॥ ਗੁਣ ਨਿਧਾਨੁ ਰਿਦ ਭੀਤਰਿ ਵਸਿਆ, ਤਾ ਦੂਖੁ ਭਰਮ ਭਉ ਭਾਗਾ ॥ ਭਈ ਪਰਾਪਤਿ ਵਸਤੁ ਅਗੋਚਰ, ਰਾਮ ਨਾਮਿ ਰੰਗੁ ਲਾਗਾ ॥੨॥ ਚਿੰਤ ਅਚਿੰਤਾ ਸੋਚ ਅਸੋਚਾ, ਸੋਗੁ ਲੋਭੁ ਮੋਹੁ ਥਾਕਾ ॥ ਹਉਮੈ ਰੋਗ ਮਿਟੇ ਕਿਰਪਾ ਤੇ, ਜਮ ਤੇ ਭਏ ਬਿਬਾਕਾ ॥੩॥ ਗੁਰ ਕੀ ਟਹਲ ਗੁਰੂ ਕੀ ਸੇਵਾ, ਗੁਰ ਕੀ ਆਗਿਆ ਭਾਣੀ ॥ ਕਹੁ ਨਾਨਕ ਜਿਨਿ ਜਮ ਤੇ ਕਾਢੇ, ਤਿਸੁ ਗੁਰ ਕੈ ਕੁਰਬਾਣੀ ॥੪॥੪॥ (ਹੇ ਭਾਈ!) ਜਦ ਤੋਂ ਮੈਨੂੰ ਸਾਧ ਗੁਰੂ ਦੇ ਦਰਸ਼ਨ ਪ੍ਰਾਪਤ ਹੋਏ ਹਨ, (ਤਦ ਤੋਂ ਮੇਰੇ ਲਈ) ਉਹ ਚੰਗੇ ਦਿਨ ਆ ਗਏ ਹਨ।(ਗੁਰੂ ਦੀ ਬਾਣੀ ਦਾ) ਕੀਰਤਨ ਕਰਕੇ ਬਹੁਤ ਅਨੰਦ ਮਿਲਿਆ ਹੈ ਅਤੇ ਮੈਂ ਕਰਤਾ ਪੁਰਖ ਪਾ ਲਿਆ ਹੈ।੧।(ਹੇ ਭਾਈ!) ਹੁਣ ਮੈਂ ਮਨ ਨਾਲ ਰਾਮ ਦਾ

ਜਸ ਗਾਇਆ ਹੈ।(ਮੈਨੂੰ) ਪੂਰਾ ਸਤਿਗੁਰੂ ਪ੍ਰਾਪਤ ਹੋ ਗਿਆ ਹੈ, (ਜਿਸ ਦੀ ਕਿਰਪਾ ਨਾਲ ਮਨ ਵਿਚ) ਗਿਆਨ ਦਾ ਪ੍ਰਕਾਸ਼ ਹੋ ਗਿਆ ਅਤੇ ਮਨ ਵਿਚ ਸਦੀਵੀ ਸੁਖ ਬਣਿਆ ਰਹਿੰਦਾ ਹੈ।੧।ਰਹਾਉ।(ਹੇ ਭਾਈ! ਜਦ) ਗੁਣਾਂ ਦਾ ਖਜਾਨਾ ਮੇਰੇ ਹਿਰਦੇ ਅੰਦਰ ਵਸਿਆ ਤਾਂ ਦੁਖ, ਭਰਮ ਤੋਂ ਪੈਦਾ ਹੋਇਆ ਡਰ ਸਭ ਭੱਜ ਗਿਆ।(ਹੁਣ ਮੇਰਾ) ਰਾਮ ਦੇ ਨਾਮ ਵਿਚ ਪ੍ਰੇਮ ਲਗ ਗਿਆ ਹੈ, (ਜਿਸ ਦੀ ਬਰਕਤ ਨਾਲ ਮੈਨੂੰ ਉਹ) ਵਸਤੂ ਪ੍ਰਾਪਤ ਹੋ ਗਈ ਹੈ, (ਜਿਸ ਨੂੰ) ਬੁੱਧੀ ਸਮਝ ਨਹੀਂ ਸਕਦੀ ਅਤੇ ਜੀਭ ਬਿਆਨ ਨਹੀਂ ਕਰ ਸਕਦੀ।੨।(ਹੇ ਭਾਈ! ਹੁਣ ਅਸੀਂ) ਚਿੰਤਾ ਤੋਂ ਨਿਸਚਿੰਤ ਤੇ ਸੋਚਾਂ ਤੋਂ ਸੋਚ ਰਹਿਤ ਹੋ ਗਏ ਹਾਂ ਅਤੇ ਸਾਡਾ ਸੋਗ, ਲੋਭ ਤੇ ਮੋਹ ਆਦਿਕ ਸਭ ਦੂਰ ਹੋ ਗਿਆ ਹੈ।(ਗੁਰੂ ਦੀ) ਕ੍ਰਿਪਾ ਨਾਲ ਹਉਮੈ ਆਦਿ ਰੋਗ ਮਿਟ ਗਏ ਹਨ ਅਤੇ ਜਮ ਦੇ ਡਰ ਤੋਂ ਰਹਿਤ ਹੋ ਗਏ ਹਾਂ; ਜਮ ਦੇ ਲੇਖੇ ਤੋਂ ਰਹਿਤ ਹੋ ਗਏ ਹਾਂ (ਕਰਮਾਂ ਦੇ ਹਿਸਾਬ ਦਾ ਬਾਕਾਇਆ ਨਹੀਂ ਬਚਿਆ)।੩।(ਹੇ ਭਾਈ! ਮੈਨੂੰ) ਤਨ ਕਰਕੇ ਗੁਰੂ ਦੀ ਟਹਿਲ, ਮਨ ਕਰਕੇ ਗੁਰੂ ਦੀ ਸੇਵਾ ਕਰਨੀ ਅਤੇ ਗੁਰੂ ਦੀ ਆਗਿਆ ਮੰਨਣੀ ਚੰਗੀ ਲਗਦੀ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਜਿਸ ਗੁਰੂ ਨੇ ਜਮ ਦੇ ਭੈ ਵਿਚੋਂ ਕੱਢ ਲਿਆ ਹੈ, ਮੈਂ ਉਸ ਗੁਰੂ ਤੋਂ ਕੁਰਬਾਨ ਜਾਂਦਾ ਹਾਂ।੪।੪।

ਪਦਾਰਥ = ਜਬ ਤੇ–ਜਦ ਤੋਂ।ਭੇਟੇ–ਪ੍ਰਾਪਤ ਹੋਏ।ਭਲੇ ਦਿਨਸ–ਚੰਗੇ ਦਿਨ।ਓਇ–ਉਹ।ਪੁਰਖ ਬਿਧਾਤਾ–ਰਚਨਹਾਰ ਅਕਾਲ ਪੁਰਖ।੧।ਅਬ–ਹੁਣ।ਮੋਹਿ–ਮੈਂ।ਜਸੋ–ਜਸ।ਮਨਿ–ਮਨ ਨਾਲ; ਮਨ ਕਰਕੇ।ਭਇਓ–ਹੋ ਗਿਆ।ਪ੍ਰਗਾਸੁ–ਗਿਆਨ ਦਾ ਚਾਨਣ।੧।ਰਹਾਉ। ਗੁਣ ਨਿਧਾਨੁ–ਗੁਣਾਂ ਦਾ ਭੰਡਾਰ ਵਾਹਿਗੁਰੂ।ਰਿਦ ਭੀਤਰਿ–ਹਿਰਦੇ ਅੰਦਰ।ਤਾ–ਤਾਂ।ਭਰਮ ਭਉ–ਭਰਮ ਤੋਂ ਪੈਦਾ ਹੋਇਆ ਡਰ।ਭਾਗਾ –ਭੱਜ ਗਿਆ।ਭਈ–ਹੋ ਗਈ।ਵਸਤੁ ਅਗੋਚਰ–ਉਹ ਵਸਤੂ ,ਜਿਸ ਨੂੰ ਬੁੱਧੀ ਸਮਝ ਨਾ ਸਕੇ ਅਤੇ ਜੀਭ ਬਿਆਨ ਨਾ ਕਰ ਸਕੇ।ਰਾਮ ਨਾਮਿ–ਵਾਹਿਗੁਰੂ ਦੇ ਨਾਮ ਵਿਚ।ਰੰਗੁ ਲਾਗਾ–ਪ੍ਰੇਮ ਲਗ ਗਿਆ ਹੈ।੨।ਚਿੰਤ ਅਚਿੰਤਾ–ਚਿੰਤਾ ਤੋਂ ਨਿਸਚਿੰਤ।ਸੋਚ ਅਸੋਚਾ–ਸੋਚਾਂ ਤੋਂ ਸੋਚ ਰਹਿਤ।ਥਾਕਾ–ਦੂਰ ਹੋ ਗਿਆ।ਤੇ–ਤੋਂ; ਨਾਲ।ਭਏ–ਹੋ ਗਏ ਹਾਂ।ਬਿਬਾਕਾ–ਨਿਰਭੈ; ਲੇਖੇ ਰਹਿਤ।੩।ਟਹਲ–ਸੇਵਾ।ਭਾਣੀ–ਚੰਗੀ ਲਗਦੀ ਹੈ।ਜਿਨਿ–ਜਿਸ ਨੇ।ਕੈ–ਤੋਂ।ਕੁਰਬਾਣੀ–ਕੁਰਬਾਨ ਜਾਂਦਾ ਹਾਂ।੪।੪।

ਧਨਾਸਰੀ ਮਹਲਾ ੫ ॥ ਜਿਸ ਕਾ ਤਨੁ ਮਨੁ ਧਨੁ ਸਭੁ ਤਿਸ ਕਾ, ਸੋਈ ਸੁਘੜੁ ਸੁਜਾਨੀ ॥ ਤਿਨ ਹੀ ਸੁਣਿਆ ਦੁਖੁ ਸੁਖੁ ਮੇਰਾ, ਤਉ ਬਿਧਿ ਨੀਕੀ ਖਟਾਨੀ ॥੧॥ ਜੀਅ ਕੀ ਏਕੈ ਹੀ ਪਹਿ ਮਾਨੀ ॥ ਅਵਰਿ ਜਤਨ ਕਰਿ ਰਹੇ ਬਹੁਤੇਰੇ, ਤਿਨ ਤਿਲੁ ਨਹੀ ਕੀਮਤਿ ਜਾਨੀ ॥ਰਹਾਉ॥ ਅੰਮ੍ਰਿਤ ਨਾਮੁ ਨਿਰਮੋਲਕੁ ਹੀਰਾ, ਗੁਰਿ ਦੀਨੋ ਮੰਤਾਨੀ ॥ ਡਿਗੈ ਨ ਡੋਲੈ ਦ੍ਰਿੜੁ ਕਰਿ ਰਹਿਓ, ਪੂਰਨ ਹੋਇ ਤ੍ਰਿਪਤਾਨੀ ॥੨॥ (ਹੇ ਭਾਈ!) ਜਿਸ ਪ੍ਰਭੂ ਦਾ ਦਿਤਾ ਹੋਇਆ ਤਨ ਤੇ ਮਨ ਹੈ ਅਤੇ ਸਭ ਕੁਛ ਧਨ ਪਦਾਰਥ ਉਸੇ ਦਾ ਦਿਤਾ ਹੋਇਆ ਹੈ, ਉਹ ਹੀ ਸਿਆਣਾ ਤੇ ਬੁੱਧੀਵਾਨ ਹੈ।ਉਸ ਨੇ ਜਦ ਮੇਰਾ ਦੁਖ ਸੁਖ ਸੁਣਿਆ (ਦੁਖ ਦੂਰ ਕਰਨ ਤੇ ਸੁਖ ਦੀ ਪ੍ਰਾਪਤੀ ਦੀ ਬੇਨਤੀ ਸੁਣੀ), ਤਾਂ (ਪ੍ਰਭੂ ਨਾਲ ਜੁੜਨ ਦੀ ਮੈਨੂੰ) ਚੰਗੀ ਵਿਧੀ ਮਿਲ ਗਈ; ਤਾਂ ਚੰਗੀ ਹਾਲਤ ਹੋ ਗਈ (ਸ਼ਬਦਾਰਥ)।੧।ਮਨ ਦੀ ਤਸੱਲੀ ਇਕੋ ਹਰੀ ਪਾਸੋਂ ਹੀ ਹੋਈ ਹੈ।ਹੋਰ ਬਥੇਰੇ ਜਤਨ ਕਰਦੇ ਰਹੇ, ਪਰ ਮਨ ਨੇ ਉਨ੍ਹਾਂ ਦੀ ਇਕ ਤਿਲ ਭਰ ਵੀ ਕੀਮਤ ਨਹੀਂ ਜਾਣੀ (ਸ਼ਬਦਾਰਥ); ਮਨ ਦੀ (ਅਰਦਾਸ) ਇਕ ਪ੍ਰਭੂ ਦੇ ਪਾਸ ਹੀ ਮੰਨੀ ਗਈ ਹੈ।(ਲੋਕ ਨਾਮ ਨੂੰ ਛਡ ਕੇ ਜਪ ਤਪ ਆਦਿ) ਹੋਰ ਬਹੁਤ ਜਤਨ ਕਰ ਰਹੇ ਹਨ, (ਪਰ ਮੈਂ) ਉਨ੍ਹਾਂ (ਜਪ ਤਪ ਦੇਵ ਪੂਜਾ ਆਦਿ) ਜਤਨਾਂ ਦੀ ਤਿਲ ਭਰ ਵੀ ਕੀਮਤ ਨਹੀਂ ਜਾਣੀ (ਮੈਂ ਉਹ ਜਤਨ ਨਹੀਂ ਕੀਤੇ)। ਰਹਾਉ।(ਹੇ ਭਾਈ! ਪ੍ਰਭੂ ਦਾ) ਅੰਮ੍ਰਿਤ ਨਾਮ ਅਮੋਲਕ ਹੀਰਾ ਹੈ, (ਉਹ ਮੈਨੂੰ) ਗੁਰੂ ਨੇ ਮੰਤ੍ਰ ਦਿਤਾ ਹੈ।(ਇਸ ਨਾਮ ਮੰਤ੍ਰ ਦਾ ਸਿਮਰਨ ਕਰਕੇ ਮੇਰਾ ਮਨ) ਨਾ ਡਿਗਦਾ ਹੈ ਤੇ ਨਾ ਡੋਲਦਾ ਹੈ, ਮਨ ਦ੍ਰਿੜ ਕਰਕੇ ਰਹਿੰਦਾ ਹੈ ਅਤੇ ਪੂਰਨ ਤੌਰ ਤੇ ਤ੍ਰਿਪਤ ਹੋ ਗਿਆ ਹੈ।੨।

ਅੰਗ ੬੭੨ = ਓਇ ਜੁ ਬੀਚ ਹਮ ਤੁਮ ਕਛੁ ਹੋਤੇ, ਤਿਨ ਕੀ ਬਾਤ ਬਿਲਾਨੀ ॥ ਅਲੰਕਾਰ ਮਿਲਿ ਥੈਲੀ ਹੋਈ ਹੈ, ਤਾ ਤੇ ਕਨਿਕ ਵਖਾਨੀ ॥੩॥ ਪ੍ਰਗਟਿਓ ਜੋਤਿ ਸਹਜ ਸੁਖ ਸੋਭਾ, ਬਾਜੇ ਅਨਹਤ ਬਾਨੀ ॥ ਕਹੁ ਨਾਨਕ ਨਿਹਚਲ ਘਰੁ ਬਾਧਿਓ, ਗੁਰਿ ਕੀਓ ਬੰਧਾਨੀ ॥੪॥੫॥ (ਹੇ ਭਾਈ!) ਮਨ ਵਿਚ ਉਹ ਜੋ ਮੈ ਪੁਣਾ ਤੇ ਤੂੰ ਪੁਣਾ ਕੁਛ (ਹਮਾ ਤੁਮਾ ਆਦਿ ਖਿਆਲ ਜਾਂ) ਵਿਕਾਰ ਹੁੰਦੇ ਸਨ, ਉਨ੍ਹਾਂ ਦੀ ਗੱਲ ਮਿਟ ਗਈ ਹੈ ਭਾਵ ਹਮ੍ਹਾ ਤੁਮ੍ਹਾ ਦਾ ਜੋਰ ਨਹੀਂ ਚਲ ਸਕਿਆ {ਕਹੁ ਨਾਨਕ ਹਮ ਤੁਮ ਗੁਰਿ ਖੋਈ ਹੈ ਅੰਭੈ ਅੰਭੁ ਮਿਲੋਗਨੀ ੮੮੩}।ਜਿਵੇਂ ਤਰ੍ਹਾਂ ਤਰ੍ਹਾਂ ਦੇ ਗਹਿਣੇ ਮਿਲ (ਕੁਠਾਲੀ ਵਿਚ ਢਲ) ਕੇ ਡਲੀ ਬਣ ਜਾਂਦੀ ਹੈ, ਤਾਂ ਉਸ ਤੋਂ (ਬਣੀ ਡਲੀ) ਸੋਨਾ ਕਹਾਉਂਦੀ ਹੈ (ਮੈਂ ਤੇ ਪ੍ਰਭੂ ਇਕ ਰੂਪ ਹੋ ਗਏ ਹਾਂ, ਜੀਵ ਈਸ਼ਵਰ ਦਾ ਭੇਦ ਮਿਟ ਗਿਆ)।੩।(ਹੇ ਭਾਈ! ਹੁਣ) ਹਰੀ ਦੀ ਜੋਤ ਪ੍ਰਗਟ ਹੋ ਗਈ, ਕੁਦਰਤੀ ਸੁਖ ਮਿਲ ਪਿਆ ਤੇ (ਜਗਤ ਵਿਚ) ਸੋਭਾ ਪ੍ਰਾਪਤ ਹੋ ਗਈ ਅਤੇ ਰੱਬੀ ਬਾਣੀ ਦੀ (ਹਿਰਦੇ ਅੰਦਰ ਲਗਾਤਾਰ) ਇਕ ਰਸ ਧੁਨ ਵੱਜਣ ਲਗ ਪਈ (ਅਜਪਾ ਜਾਪ ਹੋਣ ਲਗ ਪਿਆ ਹੈ)।ਨਾਨਕ ਗੁਰੂ ਜੀ ਆਖਦੇ ਹਨ ਕਿ ਮੈਂ ਅਚੱਲ ਘਰ ਬੰਨ੍ਹ ਲਿਆ ਹੈ {ਨਾਨਕ ਬਧਾ ਘਰੁ ਤਹਾਂ ਜਿਥੈ ਮਿਰਤੁ ਨ ਜਨਮੁ ਜਰਾ ੪੪}, (ਇਸ ਘਰ ਦੀ) ਉਸਾਰੀ ਗੁਰੂ ਨੇ ਕੀਤੀ ਹੈ।੪।੫।

ਅਵਰ ਜਤਨ = ਲੋਕ ਹੋਰ ਜਪ ਤਪ ਦੇਵ ਪੂਜਾ ਆਦਿ ਦੇ ਬਹੁਤ ਜਤਨ ਕਰ ਰਹੇ ਹਨ, ਉਨ੍ਹਾਂ ਲੋਕਾਂ ਨੇ (ਵਾਹਿਗੁਰੂ ਦੇ ਨਾਮ ਸਿਮਰਨ ਦੀ) ਤਿਲ ਜਿੰਨੀ ਵੀ ਕੀਮਤ (ਕਦਰ) ਨਹੀਂ ਜਾਣੀ (ਇਸੇ ਕਰਕੇ ਉਹ ਨਾਮ ਨੂੰ ਛਡ ਕੇ ਹੋਰ ਜਤਨ ਕਰ ਰਹੇ ਹਨ)।

ਓਇ ਜੁ ਬੀਚ ਹਮ ਤੁਮ ਕਛੁ ਹੋਤੇ = ਉਹ ਜਿਹੜੇ ਮੇਰ ਤੇਰ (ਅਪਣਾ ਪਣ ਤੇ ਬਿਗਾਨਾ ਪਣ) ਵਾਲੇ ਕੁਛ ਕੁ ਵਿਤਕਰੇ ਹੁੰਦੇ ਸਨ,

ਉਨ੍ਹਾਂ ਦੀ ਗੱਲ ਮੁੱਕ ਗਈ (ਜੀਵ ਅਤੇ ਹਰੀ ਦੇ ਵਿਚਾਲੇ ਫਰਕ ਪਾਉਣ ਵਾਲੇ ਕਾਰਨ ਦੂਰ ਹੋ ਜਾਣ, ਤਾਂ ਸਭ ਕੁਛ ਹਰੀ ਰੂਪ ਦਿਸਦਾ ਹੈ (ਸ਼ਬਦਾਰਥ ਤੇ ਸੰ.ਸ. ਤੇ ਦਰਪਣ ਨੇ ਵੀ ਇਸੇ ਤਰ੍ਹਾਂ ਦੇ ਅਰਥ ਕੀਤੇ ਹਨ)।

ਪਦਾਰਥ = ਤਨੁ–ਸਰੀਰ। ਤਿਸ ਕਾ–ਉਸੇ ਦਾ। ਸੋਈ–ਉਹ ਹੀ। ਸੁਘੜੁ–(ਤਨ ਮਨ ਦੀ) ਚੰਗੀ ਘਾੜਤ ਘੜਨ ਵਾਲਾ; ਸਿਆਣਾ। ਸੁਜਾਨੀ–ਬੁੱਧੀਵਾਨ; ਜਾਣੀ ਜਾਣ। ਤਿਨ ਹੀ–ਉਸ ਨੇ ਹੀ। ਤਉ–ਤਾਂ। ਬਿਧਿ–ਵਿਧੀ (ਜੁਗਤੀ); ਹਾਲਤ। ਨੀਕੀ–ਚੰਗੀ। ਖਟਾਨੀ–ਮਿਲ ਗਈ; ਖੱਟ ਲਈ; ਹੋ ਗਈ।੧। ਜੀਅ ਕੀ–ਮਨ ਦੀ; ਜੀਵ ਦੀ। ਏਕੈ–ਇਕ ਪ੍ਰਭੂ। ਪਹਿ–ਪਾਸੋਂ; ਪਾਸ। ਮਾਨੀ–ਤਸੱਲੀ ਹੋਈ ਹੈ; ਮੰਨੀ ਜਾਂਦੀ ਹੈ। ਅਵਰਿ–ਹੋਰ। ਬਹੁਤੇਰੇ–ਬਹੁਤ। ਤਿਨ–ਉਨ੍ਹਾਂ (ਜਤਨਾਂ) ਦੀ। ਤਿਲੁ–ਤਿਲ ਭਰ। ਨਹੀ ਜਾਨੀ–ਨਹੀਂ ਜਾਣੀ। ਰਹਾਉ। ਨਿਰਮੋਲਕ–ਅਮੋਲਕ (ਜਿਸ ਦਾ ਮੁੱਲ ਨਾ ਪਾਇਆ ਜਾ ਸਕੇ)। ਗੁਰਿ–ਗੁਰੂ ਨੇ। ਦੀਨੋ–ਦਿਤਾ। ਮੰਤਾਨੀ–ਮੰਤ੍ਰ। ਦ੍ਰਿੜ ਕਰਿ ਰਹਿਓ–ਮਨ ਦ੍ਰਿੜ ਕਰਕੇ ਰਹਿੰਦਾ (ਪੱਕੀ ਤਰ੍ਹਾਂ ਟਿਕ ਗਿਆ)। ਹੋਇ ਤ੍ਰਿਪਤਾਨੀ–ਤ੍ਰਿਪਤ ਹੋ (ਰੱਜ) ਗਿਆ।੨। ਓਇ–ਉਹ। ਜੁ–ਜੋ। ਬੀਚ–(ਮਨ) ਵਿਚ; ਵਿਥਾਂ; ਵਿਤਕਰੇ। ਹਮ ਤੁਮ–ਮੈਂ ਪੁਣਾ; ਤੂੰ ਪੁਣਾ; ਅਸੀਂ ਤੁਸੀਂ (ਮੇਰ ਤੇਰ ਵਾਲੇ ਵਿਤਕਰੇ)। ਤਿਨ ਕੀ–ਉਨ੍ਹਾਂ ਦੀ। ਬਾਤ–ਗੱਲ। ਬਿਲਾਨੀ–ਮਿਟ (ਨਾਸ਼ ਹੋ) ਗਈ। ਅਲੰਕਾਰ–ਗਹਿਣੇ। ਮਿਲਿ–ਮਿਲ ਕੇ। ਥੈਲੀ–ਢਾਲੇ ਹੋਏ ਸੋਨੇ ਦੀ ਡਲੀ। ਤਾ ਤੇ–ਉਸ ਤੋਂ। ਕਨਿਕ–ਸੋਨਾ। ਵਖਾਨੀ–ਕਹਾਉਂਦੀ ਹੈ।੩। ਪ੍ਰਗਟਿਓ–ਪ੍ਰਗਟ ਹੋ ਗਈ; ਪ੍ਰਕਾਸ਼ ਹੋ ਗਿਆ। ਸਹਜ ਸੁਖ–ਕੁਦਰਤੀ ਸੁਖ। ਬਾਜੇ–ਵੱਜਣ ਲਗ ਪਏ। ਅਨਹਤ ਬਾਨੀ–ਰੱਬੀ ਬਾਣੀ ਦੀ ਇਕ ਰਸ ਧੁਨ। ਨਿਹਚਲੁ–ਅਚੱਲ (ਸਦਾ ਕਾਇਮ ਰਹਿਣ ਵਾਲਾ)। ਬਾਧਿਓ–ਬੰਨ੍ਹ (ਉਸਾਰ; ਅਬਾਦ ਕਰ) ਲਿਆ। ਕੀਓ ਬੰਧਾਨੀ–ਉਸਾਰੀ ਕੀਤੀ (ਬੰਨ੍ਹਿਆ) ਹੈ; ਅਬਾਦ ਕੀਤਾ (ਬਣਾਇਆ) ਹੈ।੪।੫।

ਧਨਾਸਰੀ ਮਹਲਾ ੫ ॥ ਵਡੇ ਵਡੇ ਰਾਜਨ ਅਰੁ ਭੂਮਨ, ਤਾ ਕੀ ਤ੍ਰਿਸਨ ਨ ਬੂਝੀ ॥ ਲਪਟਿ ਰਹੇ ਮਾਇਆ ਰੰਗ ਮਾਤੇ, ਲੋਚਨ ਕਛੂ ਨ ਸੂਝੀ ॥੧॥ ਬਿਖਿਆ ਮਹਿ ਕਿਨ ਹੀ ਤ੍ਰਿਪਤਿ ਨ ਪਾਈ ॥ ਜਿਉ ਪਾਵਕੁ ਈਧਨਿ ਨਹੀ ਧ੍ਰਾਪੈ, ਬਿਨੁ ਹਰਿ ਕਹਾ ਅਘਾਈ ॥ਰਹਾਉ॥ ਦਿਨੁ ਦਿਨੁ ਕਰਤ ਭੋਜਨ ਬਹੁ ਬਿੰਜਨ, ਤਾ ਕੀ ਮਿਟੈ ਨ ਭੂਖਾ ॥ ਉਦਮੁ ਕਰੈ ਸੁਆਨ ਕੀ ਨਿਆਈ, ਚਾਰੇ ਕੁੰਟਾ ਘੋਖਾ ॥੨॥ ਕਾਮਵੰਤ ਕਾਮੀ ਬਹੁ ਨਾਰੀ, ਪਰ ਗ੍ਰਿਹ ਜੋਹ ਨ ਚੂਕੈ ॥ ਦਿਨ ਪ੍ਰਤਿ ਕਰੈ ਕਰੈ ਪਛੁਤਾਪੈ, ਸੋਗ ਲੋਭ ਮਹਿ ਸੂਕੈ ॥੩॥ ਹਰਿ ਹਰਿ ਨਾਮੁ ਅਪਾਰ ਅਮੋਲਾ, ਅੰਮ੍ਰਿਤੁ ਏਕੁ ਨਿਧਾਨਾ ॥ ਸੂਖੁ ਸਹਜੁ ਆਨੰਦੁ ਸੰਤਨ ਕੈ, ਨਾਨਕ ਗੁਰ ਤੇ ਜਾਨਾ ॥੪॥੬॥ (ਹੇ ਭਾਈ!) ਵੱਡੇ ਵੱਡੇ ਰਾਜੇ ਅਤੇ ਜਮੀਨਾਂ ਦੇ ਮਾਲਕ ਹੋਏ ਹਨ, ਉਨ੍ਹਾਂ ਦੀ (ਰਾਜ ਤੇ ਜਮੀਨਾਂ ਨਾਲ) ਤ੍ਰਿਸ਼ਨਾ ਨਹੀਂ ਬੁਝੀ। (ਉਹ) ਮਾਇਆ ਦੇ ਅਨੰਦ ਵਿਚ ਮਸਤ ਹੋ ਕੇ ਫਸੇ ਰਹੇ ਹਨ, (ਉਨ੍ਹਾਂ ਨੂੰ) ਅੱਖਾਂ ਤੋਂ ਕੁਛ ਨਹੀਂ ਸੁਝਿਆ (ਦਿਸਿਆ)।੧। (ਹੇ ਭਾਈ!) ਮਾਇਆ ਵਿਚ ਕਿਸੇ ਮਨੁੱਖ ਨੇ ਵੀ ਤ੍ਰਿਪਤੀ ਨਹੀਂ ਪ੍ਰਾਪਤ ਕੀਤੀ। ਜਿਵੇਂ ਅੱਗ ਇੰਨ੍ਹਣ ਨਾਲ ਨਹੀਂ ਰੱਜਦੀ, (ਇਸੇ ਤਰ੍ਹਾਂ ਮਨੁੱਖ) ਹਰੀ ਦੇ ਨਾਮ ਤੋਂ ਬਿਨਾ ਕਿਵੇਂ ਰੱਜ ਸਕਦਾ ਹੈ?। ਰਹਾਉ। (ਜੋ ਮਨੁੱਖ) ਹਰੇਕ ਦਿਨ ਮਿੱਠੇ ਤੇ ਸਲੂਣੇ ਖਾਣਿਆਂ ਦਾ ਭੋਜਨ ਕਰਦਾ ਹੈ, ਉਸ ਦੀ ਕਦੇ ਭੁੱਖ ਨਹੀਂ ਮਿਟਦੀ। (ਖਾਣ ਵਾਸਤੇ) ਕੁੱਤੇ ਦੀ ਨਿਆਈਂ ਉਦਮ ਕਰਦਾ ਰਹਿੰਦਾ ਹੈ ਅਤੇ ਚਾਰੇ ਪਾਸੇ ਖੋਜਦਾ ਫਿਰਦਾ ਹੈ।੨। (ਹੇ ਭਾਈ! ਭਾਵੇਂ) ਕਾਮ ਵਾਸ਼ਨਾ ਵਾਲੇ ਕਾਮੀ ਮਨੁੱਖ ਦੀਆਂ ਬਹੁਤ ਸਾਰੀਆਂ ਇਸਤ੍ਰੀਆਂ ਭੀ ਹੋਣ, ਫਿਰ ਵੀ ਉਸ ਦਾ ਪਰਾਏ ਘਰਾਂ (ਪਰਾਈ ਇਸਤ੍ਰੀਆਂ) ਨੂੰ ਕਾਮ ਵਾਸ਼ਨਾ ਵਾਲੀ ਨਜਰ ਨਾਲ ਦੇਖਣਾ ਨਹੀਂ ਮੁੱਕਦਾ। ਪ੍ਰਤੀ ਦਿਨ (ਇਸਤ੍ਰੀਆਂ ਨਾਲ) ਵਿਸ਼ੇ ਭੋਗ ਕਰਦਾ ਹੈ ਤੇ ਫਿਰ ਪਛਤਾਉਂਦਾ ਹੈ, (ਇਹੋ ਜਿਹੇ) ਗਮ ਅਤੇ ਲੋਭ ਵਿਚ ਸੁਕਦਾ ਜਾਂਦਾ ਹੈ।੩। (ਹੇ ਭਾਈ!) ਪ੍ਰਭੂ ਦਾ ਹਰਿ ਹਰਿ ਨਾਮ ਬੇਅੰਤ ਤੇ ਅਮੋਲਕ ਹੈ, (ਇਹ ਨਾਮ ਸੁਖ ਦੇਣ ਵਾਲਾ) ਇਕ ਖਜਾਨਾ ਹੈ ਅਤੇ ਮ੍ਰਿਤੂ ਤੋਂ ਰਹਿਤ ਕਰ ਦੇਣ ਵਾਲਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਨਾਮ ਜਪਣ ਵਾਲੇ) ਸੰਤਾਂ ਦੇ ਹਿਰਦੇ ਵਿਚ ਕੁਦਰਤੀ ਸੁਖ ਤੇ ਅਨੰਦ ਬਣਿਆ ਰਹਿੰਦਾ ਹੈ, (ਸੰਤਾਂ ਨੇ ਇਹ ਨਾਮ) ਗੁਰੂ ਤੋਂ ਜਾਣਿਆ ਹੈ।੪।੬।

ਪਦਾਰਥ = ਰਾਜਨ–ਰਾਜੇ। ਅਰੁ–ਅਤੇ। ਭੂਮਨ–ਜਮੀਨਾਂ ਦੇ ਮਾਲਕ। ਤਾ ਕੀ–ਉਨ੍ਹਾਂ ਦੀ। ਤ੍ਰਿਸਨ–ਪਿਆਸ; ਇੱਛਾ। ਨ ਬੂਝੀ–ਮਿਟੀ ਨਹੀਂ। ਲਪਟਿ ਰਹੇ–ਫਸੇ ਰਹਿੰਦੇ ਹਨ। ਰੰਗ–ਅਨੰਦ। ਮਾਤੇ–ਮਸਤ ਹੋ ਕੇ। ਲੋਚਨ–ਅੱਖਾਂ ਤੋਂ। ਨ ਸੂਝੀ–ਨਹੀਂ ਸੁਝਿਆ (ਦਿਸਿਆ)।੧। ਬਿਖਿਆ ਮਹਿ–ਮਾਇਆ ਵਿਚ। ਕਿਨ ਹੀ–ਕਿਸੇ ਨੇ ਵੀ। ਤ੍ਰਿਪਤਿ–ਰੱਜ; ਸ਼ਾਂਤੀ। ਪਾਵਕੁ–ਅੱਗ। ਈਧਨਿ–ਬਾਲਣ ਨਾਲ। ਨਹੀਂ ਧ੍ਰਾਪੈ–ਰੱਜਦੀ ਨਹੀਂ। ਕਹਾ–ਕਿਵੇਂ; ਕਿੱਥੇ। ਅਘਾਈ–ਰੱਜ ਸਕਦਾ ਹੈ। ਰਹਾਉ। ਦਿਨੁ ਦਿਨੁ–ਹਰੇਕ ਦਿਨ। ਕਰਤ–ਕਰਦਾ ਹੈ। ਬਹੁ–ਬਹੁਤ। ਬਿੰਜਨ–ਸੁਆਦਲੇ ਭੋਜਨ। ਤਾ ਕੀ–ਉਸ ਦੀ। ਭੂਖਾ–ਭੁੱਖ। ਸੁਆਨ–ਕੁੱਤਾ। ਨਿਆਈ–ਵਾਂਗ। ਚਾਰੇ ਕੁੰਟਾ–ਚਾਰੇ ਪਾਸੇ। ਘੋਖਾ–ਖੋਜਦਾ ਫਿਰਦਾ ਹੈ।੨। ਕਾਮਵੰਤ–ਕਾਮ ਵਾਸ਼ਨਾ ਵਾਲਾ ਮਨੁਖ। ਕਾਮੀ–ਕਾਮ ਦੀ ਰੁਚੀ ਵਾਲਾ ਮਨੁੱਖ। ਨਾਰੀ–ਇਸਤ੍ਰੀਆਂ। ਪਰ–ਪਰਾਏ। ਗ੍ਰਿਹ–ਘਰ (ਇਸਤ੍ਰੀਆਂ) ਨੂੰ। ਜੋਹ–ਕਾਮ ਵਾਸ਼ਨਾ ਵਾਲੀ ਨਜਰ ਨਾਲ ਦੇਖਣਾ। ਨ ਚੂਕੈ–ਨਹੀਂ ਮੁਕਦਾ। ਦਿਨ ਪ੍ਰਤਿ–ਹਰ ਰੋਜ। ਪਛੁਤਾਪੈ–ਪਛਤਾਉਂਦਾ ਹੈ। ਸੂਕੈ–ਸੁਕਦਾ ਜਾਂਦਾ ਹੈ।੩। ਅਪਾਰ–ਬੇਅੰਤ। ਅਮੋਲਾ–ਅਮੋਲਕ। ਨਿਧਾਨਾ–ਖਜਾਨਾ। ਸੂਖੁ ਸਹਜੁ–ਕੁਦਰਤੀ ਸੁਖ। ਸੰਤਨ ਕੈ–ਸੰਤਾਂ ਦੇ (ਹਿਰਦੇ ਵਿਚ)। ਗੁਰ ਤੇ–ਗੁਰੂ ਤੋਂ। ਜਾਨਾ–ਜਾਣਿਆ ਹੈ।੪।੬।

ਧਨਾਸਰੀ ਮਃ ੫ ॥ ਲਵੈ ਨ ਲਾਗਨ ਕਉ ਹੈ ਕਛੂਐ, ਜਾ ਕਉ ਫਿਰਿ ਇਹੁ ਧਾਵੈ ॥ ਜਾ ਕਉ ਗੁਰਿ ਦੀਨੋ ਇਹੁ ਅੰਮ੍ਰਿਤੁ ,ਤਿਸ ਹੀ

ਕਉ ਬਨਿ ਆਵੈ ॥੧॥ ਜਾ ਕਉ ਆਇਓ ਏਕੁ ਰਸਾ ॥ ਖਾਨ ਪਾਨ ਆਨ ਨਹੀ ਖੁਧਿਆ, ਤਾ ਕੈ ਚਿਤਿ ਨ ਬਸਾ ॥ਰਹਾਉ॥ ਮਉਲਿਓ ਮਨੁ ਤਨੁ ਹੋਇਓ ਹਰਿਆ, ਏਕ ਬੂੰਦ ਜਿਨਿ ਪਾਈ ॥ ਬਰਨਿ ਨ ਸਾਕਉ ਉਸਤਤਿ ਤਾ ਕੀ, ਕੀਮਤਿ ਕਹਣੁ ਨ ਜਾਈ ॥੨॥ ਘਾਲ ਨ ਮਿਲਿਓ ਸੇਵ ਨ ਮਿਲਿਓ, ਮਿਲਿਓ ਆਇ ਅਚਿੰਤਾ ॥ ਜਾ ਕਉ ਦਇਆ ਕਰੀ ਮੇਰੈ ਠਾਕੁਰਿ, ਤਿਨਿ ਗੁਰਹਿ ਕਮਾਨੋ ਮੰਤਾ ॥੩॥ ਦੀਨ ਦੈਆਲ ਸਦਾ ਕਿਰਪਾਲਾ, ਸਰਬ ਜੀਆ ਪ੍ਰਤਿਪਾਲਾ ॥ ਓਤਿ ਪੋਤਿ ਨਾਨਕ ਸੰਗਿ ਰਵਿਆ, ਜਿਉ ਮਾਤਾ ਬਾਲ ਗੋੁਪਾਲਾ ॥੪॥੭॥ (ਹੇ ਭਾਈ!) ਜਿਸ ਚੀਜ ਲਈ ਇਹ ਮਨੁੱਖ ਮੁੜ ਮੁੜ ਦੌੜਦਾ ਹੈ, ਉਹ ਕੋਈ ਵੀ ਚੀਜ ਹਰੀ ਨਾਮ ਦੇ ਬਰਾਬਰ ਲੱਗਣ ਵਾਲੀ ਨਹੀਂ ਹੈ। ਜਿਸ ਮਨੁੱਖ ਨੂੰ ਗੁਰੂ ਨੇ ਇਹ ਨਾਮ ਅੰਮ੍ਰਿਤ ਦਿਤਾ ਹੈ, ਉਸ ਨੂੰ ਹੀ ਬਣ ਆਉਂਦਾ (ਨਾਮ ਪ੍ਰਾਪਤ ਹੋਣਾ ਸੋਭਦਾ) ਹੈ।੧। ਜਿਸ ਮਨੁੱਖ ਨੂੰ ਇਕ ਨਾਮ ਦਾ ਰਸ ਆਇਆ ਹੈ। ਹੋਰ ਕੁਛ ਖਾਣ ਪੀਣ ਦੀ ਭੁਖ (ਉਸ ਨੂੰ) ਨਹੀਂ ਰਹਿੰਦੀ, ਉਸ ਦੇ ਚਿਤ ਵਿਚ ਕੋਈ ਹੋਰ ਰਸ ਨਹੀ ਵਸਦਾ। ਰਹਾਉ। (ਹੇ ਭਾਈ!) ਜਿਸ ਮਨੁੱਖ ਨੇ ਨਾਮ ਦੀ ਇਕ ਬੂੰਦ ਪਾ ਲਈ ਹੈ, ਉਸ ਦਾ ਮਨ ਖਿੜ ਗਿਆ ਹੈ ਅਤੇ ਤਨ ਵੀ ਹਰਾ ਭਰਾ ਹੋ ਗਿਆ ਹੈ (ਚੇਹਰੇ ਤੇ ਖੁਸ਼ੀ ਦਾ ਖੇੜਾ ਆ ਗਿਆ ਹੈ)। ਮੈਂ ਉਸ ਪੁਰਖ ਦੀ ਮਹਿਮਾ ਵਰਨਣ ਨਹੀਂ ਕਰ ਸਕਦਾ ਅਤੇ ਨਾ ਹੀ (ਉਸ ਦੇ ਉਚੇ ਜੀਵਨ ਅਤੇ ਦੈਵੀ ਗੁਣਾਂ ਦੀ) ਕੀਮਤ ਕਹੀ ਜਾ ਸਕਦੀ ਹੈ।੨। (ਜਿਹੜਾ ਹਰੀ, ਜਪ ਤਪ ਆਦਿ ਸਾਧਨਾਂ ਦੀ) ਮੇਹਨਤ ਕਰਨ ਨਾਲ ਨਹੀਂ ਮਿਲਿਆ, ਨਾ ਹੀ (ਦੇਵੀ ਦੇਵਤਿਆਂ ਤੇ ਕੱਚੇ ਗੁਰੂਆਂ ਦੀ) ਸੇਵਾ ਕਰਨ ਨਾਲ ਮਿਲਿਆ ਹੈ, (ਉਹ) ਅਚਾਨਕ ਆ ਮਿਲਿਆ ਹੈ। (ਫਿਰ ਉਹ ਕਿਵੇਂ ਮਿਲਿਆ ਹੈ?) ਮੇਰੇ ਮਾਲਕ ਪ੍ਰਭੂ ਨੇ ਜਿਸ ਮਨੁੱਖ ਉਤੇ ਦਇਆ ਕੀਤੀ ਹੈ, ਉਸ ਨੇ ਗੁਰੂ (ਨਾਨਕ ਦੇਵ ਜੀ) ਦਾ ਹੀ ਬਖਸ਼ਿਆ ਵਾਹਿਗੁਰੂ ਮੰਤ੍ਰ ਕਮਾਇਆ (ਸਿਮਰਨ ਕੀਤਾ) ਹੈ।੩। (ਹੇ ਭਾਈ! ਉਹ) ਕ੍ਰਿਪਾਲੂ ਪ੍ਰਭੂ ਗਰੀਬਾਂ ਉਤੇ ਸਦਾ ਹੀ ਦਇਆ ਕਰਨ ਵਾਲਾ ਹੈ ਅਤੇ ਸਾਰੇ ਜੀਵਾਂ ਦੀ ਪਾਲਣਾ ਕਰਦਾ ਹੈ। ਨਾਨਕ ਨਾਲ ਪ੍ਰਭੂ ਇਉਂ ਮਿਲਿਆ ਹੋਇਆ ਹੈ, ਜਿਵੇਂ ਤਾਣਾ ਤੇ ਪੇਟਾ ਮਿਲਿਆ ਹੁੰਦਾ ਹੈ ਅਤੇ ਮਾਂ ਤੇ ਛੋਟਾ ਬੱਚਾ (ਇਕ ਦੂਜੇ ਨਾਲ ਲਿਪਟੇ ਹੁੰਦੇ ਹਨ)।੪।੭।

ਪਦਾਰਥ = ਲਵੈ–ਬਰਾਬਰ; ਨੇੜੇ। ਕਛੂਐ–ਕੋਈ ਵੀ ਚੀਜ। ਜਾ ਕਉ–ਜਿਸ ਲਈ; ਜਿਸ ਨੂੰ। ਫਿਰਿ–ਮੁੜ ਮੁੜ। ਧਾਵੈ–ਦੌੜਦਾ ਹੈ। ਗੁਰਿ–ਗੁਰੂ ਨੇ। ਤਿਸ ਹੀ ਕਉ–ਉਸ ਨੂੰ ਹੀ। ਬਨਿ ਆਵੈ–(ਪ੍ਰਾਪਤ ਹੋਣਾ) ਸੋਭਦਾ ਹੈ।੧। ਏਕੁ ਰਸਾ–ਇਕ ਨਾਮ ਦਾ ਅਨੰਦ। ਖਾਨ ਪਾਨ–ਖਾਣ ਪੀਣ ਦੀ। ਆਨ–ਹੋਰ। ਖੁਧਿਆ–ਭੁੱਖ। ਤਾ ਕੈ–ਉਸ ਦੇ। ਚਿਤਿ–ਮਨ ਵਿਚ। ਨ ਬਸਾ–ਨਹੀਂ ਵਸਦਾ। ਰਹਾਉ। ਮਉਲਿਓ–ਖਿੜ ਗਿਆ। ਹੋਇਓ ਹਰਿਆ–ਹਰਾ ਭਰਾ ਹੋ ਗਿਆ। ਜਿਨਿ–ਜਿਸ ਨੇ। ਬਰਨਿ ਨ ਸਾਕਉ–ਮੈਂ ਵਰਨਣ ਨਹੀਂ ਕਰ ਸਕਦਾ। ਤਾ ਕੀ–ਉਸ ਦੀ।੨। ਘਾਲ–ਮੇਹਨਤ (ਜਪ ਤਪ ਆਦਿ ਦੀ)। ਸੇਵ–ਸੇਵਾ (ਕੱਚੇ ਗੁਰੂਆਂ ਦੀ)। ਅਚਿੰਤਾ–ਅਚਾਨਕ; ਨਿਰਯਤਨ; ਸੁਤੇ ਸਿੱਧ। ਠਾਕੁਰਿ–ਮਾਲਕ ਪ੍ਰਭੂ ਨੇ। ਤਿਨਿ–ਉਸ ਨੇ। ਗੁਰਹਿ–ਗੁਰੂ ਦਾ ਹੀ। ਮੰਤਾ–ਮੰਤ੍ਰ।੩। ਦੀਨ ਦੈਆਲ–ਗਰੀਬਾਂ ਉਤੇ ਦਇਆ ਕਰਨ ਵਾਲਾ। ਕਿਰਪਾਲਾ–ਕ੍ਰਿਪਾ ਕਰਨ ਵਾਲਾ। ਓਤਿ ਪੋਤਿ–ਸੂਤ ਦਾ ਤਾਣਾ ਪੇਟਾ (ਓਤਿ–ਉਣਿਆ ਹੋਇਆ। ਪੋਤਿ–ਪ੍ਰੋਤਾ ਹੋਇਆ)। ਸੰਗਿ–ਨਾਲ। ਰਵਿਆ–ਮਿਲਿਆ ਹੋਇਆ। ਮਾਤਾ–ਮਾਂ। ਬਾਲ–ਬੱਚਾ। ਗੋੁਪਾਲਾ–ਪ੍ਰਿਥਵੀ ਦੀ ਪਾਲਣਾ ਕਰਨ ਵਾਲਾ ਪ੍ਰਭੂ।੪।੭।

ਉਥਾਨਕਾ = ਅੰਮ੍ਰਿਤਸਰ ਜਿਲ੍ਹੇ ਵਿਚ ਸਰਹਾਲੀ ਲਾਗੇ ਚੋਲ੍ਹਾ ਸਾਹਿਬ ਇਕ ਪਿੰਡ ਹੈ, ਜਿਸਦਾ ਨਾਮ ਪਹਿਲਾਂ ਭੈਣੀ ਹੁੰਦਾ ਸੀ। ਇਥੇ ਗੁਰੂ ਅਰਜਨ ਦੇਵ ਜੀ ਆਏ ਤਾਂ ਇਕ ਮਾਈ ਬੜੇ ਪ੍ਰੇਮ ਨਾਲ ਚੂਰੀ ਕੁੱਟ ਕੇ ਲਿਆਈ ਅਤੇ ਗੁਰੂ ਜੀ ਨੂੰ ਖੁਆਈ। ਗੁਰੂ ਅਰਜਨ ਦੇਵ ਜੀ ਨੇ ਇਸ ਪਿੰਡ ਦਾ ਨਾਮ ਚੋਲ੍ਹਾ ਸਾਹਿਬ ਰੱਖ ਦਿਤਾ ਅਤੇ ਉਥੇ ਹੀ ਹੇਠ ਲਿਖਿਆ ਸ਼ਬਦ ਉਚਾਰਨ ਕੀਤਾ।

ਧਨਾਸਰੀ ਮਹਲਾ ੫ ॥ ਬਾਰਿ ਜਾਉ ਗੁਰ ਅਪੁਨੇ ਊਪਰਿ, ਜਿਨਿ ਹਰਿ ਹਰਿ ਨਾਮੁ ਦ੍ਰਿੜ੍ਹਾਯਾ ॥ ਮਹਾ ਉਦਿਆਨ ਅੰਧਕਾਰ ਮਹਿ, ਜਿਨਿ ਸੀਧਾ ਮਾਰਗੁ ਦਿਖਾਯਾ ॥੧॥ ਹਮਰੇ ਪ੍ਰਾਨ ਗੁਪਾਲ ਗੋਬਿੰਦ ॥ ਈਹਾ ਊਹਾ ਸਰਬ ਥੋਕ ਕੀ, ਜਿਸਹਿ ਹਮਾਰੀ ਚਿੰਦ ॥੧॥ਰਹਾਉ॥ ਜਾ ਕੈ ਸਿਮਰਨਿ ਸਰਬ ਨਿਧਾਨਾ, ਮਾਨੁ ਮਹਤੁ ਪਤਿ ਪੂਰੀ ॥ ਨਾਮੁ ਲੈਤ ਕੋਟਿ ਅਘ ਨਾਸੇ, ਭਗਤ ਬਾਛਹਿ ਸਭਿ ਧੂਰੀ ॥੨॥ ਸਰਬ ਮਨੋਰਥ ਜੇ ਕੋ ਚਾਹੈ, ਸੇਵੈ ਏਕੁ ਨਿਧਾਨਾ ॥ ਪਾਰਬ੍ਰਹਮ ਅਪਰੰਪਰ ਸੁਆਮੀ, ਸਿਮਰਤ ਪਾਰਿ ਪਰਾਨਾ ॥੩॥ ਸੀਤਲ ਸਾਂਤਿ ਮਹਾ ਸੁਖੁ ਪਾਇਆ, ਸੰਤ ਸੰਗਿ ਰਹਿਓ ਓਲ੍ਹਾ ॥ ਹਰਿ ਧਨੁ ਸੰਚਨੁ ਹਰਿ ਨਾਮੁ ਭੋਜਨੁ ,ਇਹੁ ਨਾਨਕ ਕੀਨੋ ਚੋਲ੍ਹਾ ॥੪॥੮॥ (ਹੇ ਭਾਈ!) ਮੈਂ ਅਪਣੇ ਗੁਰੂ ਉਪਰ ਵਾਰਨੇ ਜਾਂਦਾ ਹਾਂ, ਜਿਸ ਨੇ ਮੈਨੂੰ ਹਰੀ ਦਾ ਨਾਮ ਦ੍ਰਿੜ ਕਰਾਇਆ ਹੈ। ਜਿਸ ਨੇ ਸੰਸਾਰ ਰੂਪ ਵੱਡੇ ਹਨ੍ਹੇਰੇ ਜੰਗਲ ਵਿਚ (ਮੈਨੂੰ ਗੁਰਮਤ ਦਾ) ਸਿੱਧਾ ਰਸਤਾ ਦਿਖਾਇਆ ਹੈ।੧। (ਹੇ ਭਾਈ!) ਧਰਤੀ ਦੇ ਜੀਵਾਂ ਦੀ ਪਾਲਣਾ ਕਰਨ ਵਾਲਾ ਗੋਬਿੰਦ ਸਾਡੇ (ਸਾਰੇ ਜੀਵਾਂ ਦੇ) ਪ੍ਰਾਣਾਂ ਦਾ ਆਸਰਾ ਹੈ। ਜਿਸ ਪ੍ਰਭੂ ਨੂੰ ਇਸ ਲੋਕ ਤੇ ਪ੍ਰਲੋਕ ਦੇ ਸਾਰੇ ਪਦਾਰਥ ਦੇਣ ਦੀ ਸਾਡੀ ਚਿੰਤਾ ਹੈ (ਉਹ ਲੋਕ ਪ੍ਰਲੋਕ ਦੇ ਸਾਰੇ ਪਦਾਰਥ ਦੇਣ ਵਾਲਾ ਹੈ)।੧। ਰਹਾਉ। ਜਿਸ ਪ੍ਰਭੂ ਦਾ ਸਿਮਰਨ ਕਰਨ ਨਾਲ ਸਾਰੇ ਖਜਾਨੇ, ਮਾਣ ਵਡਿਆਈ ਤੇ ਪੂਰੀ ਇਜਤ ਮਿਲਦੀ ਹੈ। (ਜਿਸ ਪ੍ਰਭੂ ਦਾ) ਨਾਮ ਲੈਂਦਿਆਂ ਕ੍ਰੋੜਾਂ ਪਾਪ ਨਾਸ਼ ਹੋ ਜਾਂਦੇ ਹਨ, (ਇਸ ਕਰਕੇ) ਸਾਰੇ ਭਗਤ (ਉਸ ਦੇ) ਚਰਨਾਂ ਦੀ ਧੂੜੀ ਚਾਹੁੰਦੇ ਹਨ।੨। (ਹੇ ਭਾਈ!) ਜੇ ਕੋਈ ਮਨੁੱਖ ਸਾਰੀਆਂ ਮਨੋ ਕਾਮਨਾ ਪੂਰੀਆਂ ਕਰਨਾ ਚਾਹੁੰਦਾ ਹੈ, ਤਾਂ ਉਹ ਇਕ ਪ੍ਰਭੂ ਦੀ ਸੇਵਾ ਭਗਤੀ ਕਰੇ, ਜੋ ਸਾਰੇ ਪਦਾਰਥ ਦੇਣ ਵਾਲਾ ਖਜਾਨਾ ਹੈ। ਜੋ ਪਾਰਬ੍ਰਹਮ ਮਾਲਕ ਪਰੇ ਤੋਂ ਪਰੇ ਹੈ, (ਉਸ ਦਾ) ਸਿਮਰਨ ਕਰਦਿਆਂ (ਸੰਸਾਰ ਸਮੁੰਦਰ ਤੋਂ) ਪਾਰ ਪੈ (ਲੰਘ) ਜਾਈਦਾ ਹੈ।੩। (ਮੇਰਾ ਮਨ) ਠੰਢਾ ਸ਼ਾਂਤ ਹੋ ਗਿਆ ਹੈ ਤੇ ਮਹਾਨ ਆਤਮਕ ਸੁਖ

ਪਾ ਲਿਆ ਹੈ ਅਤੇ ਸੰਤਾਂ ਦੀ ਸੰਗਤ ਕਰਕੇ (ਦੋਸ਼ਾਂ ਤੋਂ) ਮੇਰਾ ਪੜਦਾ ਬਣਿਆ ਰਿਹਾ ਹੈ।ਨਾਨਕ ਨੇ ਹਰੀ ਦਾ ਨਾਮ ਧਨ ਇਕੱਠਾ ਕੀਤਾ ਹੈ ਅਤੇ ਹਰੀ ਦੇ ਨਾਮ ਦਾ ਇਹੋ ਰਸਦਾਇਕ ਭੋਜਨ ਕੀਤਾ ਹੈ।੪।੮।

ਪਦਾਰਥ = ਬਾਰਿ ਜਾਉ–ਕੁਰਬਾਨ ਜਾਂਦਾ ਹਾਂ।ਜਿਨਿ–ਜਿਸ ਨੇ।ਦਿੜ੍ਹਾਯਾ–(ਮਨ ਵਿਚ) ਪੱਕਾ ਕਰ ਦਿਤਾ ਹੈ।ਮਹਾ ਉਦਿਆਨ–ਵੱਡਾ ਜੰਗਲ।ਅੰਧਕਾਰ ਮਹਿ–ਘੁੱਪ ਹਨ੍ਹੇਰੇ ਵਿਚ।ਸੀਧਾ ਮਾਰਗੁ–ਸਿੱਧਾ (ਸੌਖਾ) ਰਸਤਾ।੧।ਹਮਰੇ–ਸਾਡੇ।ਗੁਪਾਲ ਗੋਬਿੰਦ–ਧਰਤੀ ਦੇ ਜੀਵਾਂ ਦੀ ਪਾਲਣਾ ਕਰਨ ਵਾਲਾ ਪ੍ਰਮਾਤਮਾ।ਈਹਾ–ਇਹ ਲੋਕ।ਊਹਾ–ਪ੍ਰਲੋਕ।ਸਰਬ ਥੋਕ ਕੀ–ਸਾਰੇ ਪਦਾਰਥਾਂ ਦੀ।ਜਿਸਹਿ–ਜਿਸ ਨੂੰ। ਚਿੰਦ–ਚਿੰਤਾ।੧।ਰਹਾਉ।ਜਾ ਕੈ–ਜਿਸ ਦੇ।ਸਿਮਰਨਿ–ਸਿਮਰਨ ਕਰਨ ਨਾਲ।ਮਾਨ–ਮਾਣ (ਆਦਰ)।ਮਹਤੁ–ਵਡਿਆਈ।ਪਤਿ ਪੂਰੀ–ਪੂਰੀ ਇੱਜਤ।ਲੈਤ–ਲੈਂਦਿਆਂ (ਜਪਣ ਨਾਲ)।ਕੋਟਿ ਅਘ–ਕ੍ਰੋੜਾਂ ਪਾਪ।ਨਾਸੇ–ਨਾਸ਼ ਹੁੰਦੇ ਹਨ।ਬਾਛਹਿ–ਚਾਹੁੰਦੇ ਹਨ।ਧੂਰੀ–ਚਰਨਾਂ ਦੀ ਧੂੜ।੨।ਮਨੋਰਥ–ਮਨੋ ਕਾਮਨਾ।ਜੇ ਕੋ–ਜੇ ਕੋਈ।ਚਾਹੈ–ਚਾਹੁੰਦਾ ਹੈ।ਸੇਵੈ–ਸੇਵਾ ਭਗਤੀ ਕਰੇ।ਏਕੁ ਨਿਧਾਨਾ–ਇਕ ਪ੍ਰਭੂ ,ਜੋ ਸਾਰੇ ਪਦਾਰਥ ਦੇਣ ਵਾਲਾ ਖਜਾਨਾ ਹੈ।ਅਪਰੰਪਰ–ਪਰੇ ਤੋਂ ਪਰੇ (ਬੇਅੰਤ)।ਪਾਰਿ ਪਰਾਨਾ–ਪਾਰ ਪੈ (ਲੰਘ) ਜਾਈਦਾ ਹੈ।੩। ਸੀਤਲ–ਠੰਢਾ।ਸੰਗਿ–ਸੰਗਤ ਵਿਚ।ਓਲ੍ਹਾ–ਪੜਦਾ; ਆਸਰਾ।ਸੰਚਨੁ–ਇਕੱਠਾ ਕੀਤਾ ਹੈ।ਚੋਲ੍ਹਾ–ਰਸਦਾਇਕ ਭੋਜਨ; ਚੂਰੀ।੪।੮।

ਅੰਗ ੬੭੩ = ਧਨਾਸਰੀ ਮਹਲਾ ੫ ॥ ਜਿਹ ਕਰਣੀ ਹੋਵਹਿ ਸਰਮਿੰਦਾ, ਇਹਾ ਕਮਾਨੀ ਰੀਤਿ ॥ ਸੰਤ ਕੀ ਨਿੰਦਾ ਸਾਕਤ ਕੀ ਪੂਜਾ, ਐਸੀ ਦ੍ਰਿੜੀ ਬਿਪਰੀਤਿ ॥੧॥ ਮਾਇਆ ਮੋਹ ਭੂਲੋ ਅਵਰੈ ਹੀਤ ॥ ਹਰਿ ਚੰਦਉਰੀ ਬਨ ਹਰ ਪਾਤ ਰੇ, ਇਹੈ ਤੁਹਾਰੋ ਬੀਤ ॥੧॥ਰਹਾਉ॥ ਚੰਦਨ ਲੇਪ ਹੋਤ ਦੇਹ ਕਉ ,ਸੁਖੁ ਗਰਧਭ ਭਸਮ ਸੰਗੀਤਿ ॥ ਅੰਮ੍ਰਿਤ ਸੰਗਿ ਨਾਹਿ ਰੁਚ ਆਵਤ, ਬਿਖੈ ਠਗਉਰੀ ਪ੍ਰੀਤਿ ॥੨॥ ਊਤਮ ਸੰਤ ਭਲੇ ਸੰਜੋਗੀ, ਇਸੁ ਜੁਗ ਮਹਿ ਪਵਿਤ ਪੁਨੀਤ ॥ ਜਾਤ ਅਕਾਰਥ ਜਨਮੁ ਪਦਾਰਥ, ਕਾਚ ਬਾਦਰੈ ਜੀਤ ॥੩॥ ਜਨਮ ਜਨਮ ਕੇ ਕਿਲਵਿਖ ਦੁਖ ਭਾਗੇ, ਗੁਰਿ ਗਿਆਨ ਅੰਜਨੁ ਨੇਤ੍ਰ ਦੀਤ ॥ ਸਾਧ ਸੰਗਿ ਇਨ ਦੁਖ ਤੇ ਨਿਕਸਿਓ, ਨਾਨਕ ਏਕ ਪਰੀਤ ॥੪॥੯॥ (ਹੇ ਭਾਈ! ਤੂੰ ਜੀਵਨ ਦੀ) ਇਹੋ ਜਿਹੀ ਰੀਤ ਕਮਾਈ ਹੈ (ਜੀਵਨ ਦੀ ਚਾਲ ਬਣਾਈ ਹੋਈ ਹੈ), ਜਿਸ ਕੰਮ ਦੇ ਕਰਨ ਨਾਲ (ਤੈਨੂੰ ਰੱਬ ਦੇ ਦਰਬਾਰ ਵਿਚ) ਸ਼ਰਮਿੰਦਾ ਹੋਣਾ ਪਵੇਗਾ।ਸੰਤਾਂ ਦੀ ਨਿੰਦਾ, ਸਾਕਤਾਂ ਦਾ ਆਦਰ ਕਰਦਾ ਹੈਂ, ਐਸੀ ਉਲਟੀ ਚਾਲ ਦ੍ਰਿੜ ਕੀਤੀ ਹੋਈ ਹੈ।੧।(ਹੇ ਭਾਈ! ਤੂੰ) ਮਾਇਆ ਦੇ ਮੋਹ ਵਿਚ ਭੁਲਿਆ ਹੋਇਆ (ਰੱਬ ਨੂੰ ਛਡ ਕੇ) ਹੋਰਨਾਂ ਚੀਜਾਂ ਨੂੰ ਪਿਆਰਾ ਕਰਦਾ ਹੈਂ।ਹੇ ਭਾਈ! ਜਿਵੇਂ ਅਕਾਸ਼ ਵਿਚ ਇਕ ਖਿਆਲੀ ਰਚਨਾ ਦੀ ਨਗਰੀ ਹੁੰਦੀ ਹੈ ਅਤੇ ਜੰਗਲ ਦੇ ਹਰੇ ਪੱਤੇ ਹੁੰਦੇ ਹਨ (ਜੋ ਸੁੱਕ ਕੇ ਝੜ ਜਾਂਦੇ ਹਨ), ਇਹੀ ਹਾਲਤ ਤੇਰੀ ਹੈ।੧।ਰਹਾਉ।ਗਧਾ ਸੁਆਹ ਨਾਲ ਲਿਬੜ ਕੇ ਸੁਖ ਮੰਨਦਾ ਹੈ, (ਭਾਵੇਂ ਉਸ ਦੇ) ਸਰੀਰ ਉਤੇ ਚੰਦਨ ਦਾ ਲੇਪ ਕੀਤਾ ਹੋਵੇ (ਮਨਮੁਖ ਸ਼ੁੱਭ ਗੁਣਾਂ ਨੂੰ ਛਡ ਕੇ ਵਿਸ਼ਿਆਂ ਨਾਲ ਪਿਆਰਾ ਕਰਦਾ ਹੈ।ਇਸੇ ਤਰ੍ਹਾਂ ਹੇ ਭਾਈ! ਤੇਰੀ) ਨਾਮ ਅੰਮ੍ਰਿਤ ਨਾਲ ਰੁਚੀ ਨਹੀਂ ਬਣ ਆਉਂਦੀ, ਜਹਿਰ ਵਾਲੀ ਠਗਬੂਟੀ (ਮਾਇਆ) ਨਾਲ ਤੇਰੀ ਪ੍ਰੀਤ ਹੈ।੨।ਉਤਮ ਜੀਵਨ ਵਾਲੇ ਸੰਤ ਚੰਗੇ ਭਾਗਾਂ ਨਾਲ ਮਿਲਦੇ ਹਨ, (ਅਜੇਹੇ ਸੰਤ) ਇਸ ਜੁਗ ਵਿਚ ਪਵਿਤ੍ਰ ਤੋਂ ਪਵਿਤ੍ਰ ਹਨ।(ਮਨੁੱਖਾ) ਜਨਮ ਪਦਾਰਥ ਨਿਸਫਲ ਜਾ ਰਿਹਾ ਹੈ, ਕੱਚ (ਨਾਸ਼ਵੰਤ ਪਦਾਰਥਾਂ) ਦੇ ਬਦਲੇ ਜਿੱਤਿਆ ਜਾ ਰਿਹਾ ਹੈ।੩।(ਹੇ ਭਾਈ! ਜਿਨ੍ਹਾਂ ਪੁਰਖਾਂ ਦੀਆਂ ਮਨ ਬੁੱਧੀ ਰੂਪ) ਅੱਖਾਂ ਵਿਚ ਗੁਰੂ ਨੇ ਗਿਆਨ ਦਾ ਸੁਰਮਾ ਪਾ ਦਿਤਾ ਹੈ, (ਉਨ੍ਹਾਂ ਦੇ) ਜਨਮਾਂ ਜਨਮਾਂ ਦੇ ਪਾਪ ਨੱਸ ਗਏ ਹਨ।ਨਾਨਕ ਗੁਰੂ ਜੀ ਆਖਦੇ ਹਨ ਕਿ ਸਾਧ ਸੰਗਤ ਦੁਆਰਾ (ਜਿਸ ਮਨੁੱਖ ਦੀ) ਇਕ ਪ੍ਰਭੂ ਨਾਲ ਪ੍ਰੀਤ ਪੈ ਗਈ ਹੈ, ਉਹ ਇਨ੍ਹਾਂ ਦੁੱਖਾਂ ਤੋਂ ਨਿਕਲ ਗਿਆ ਹੈ।੪।੯।

ਪਦਾਰਥ = ਜਿਹ ਕਰਣੀ–ਜਿਸ ਕੰਮ ਦੇ ਕਰਨ ਨਾਲ।ਹੋਵਹਿ–ਤੂੰ ਹੋਵੇਂਗਾ।ਰੀਤਿ–(ਜੀਵਨ ਜਿਉਣ ਦਾ) ਤਰੀਕਾ; ਚਾਲ।ਸਾਕਤ–ਬੇਮੁਖ ਮਨੁੱਖ।ਪੂਜਾ–ਆਦਰ।ਦ੍ਰਿੜੀ–ਮਨ ਵਿਚ ਧਾਰੀ ਹੋਈ ਹੈ।ਬਿਪਰੀਤਿ–ਉਲਟੀ ਚਾਲ।੧।ਮੋਹ–ਮੋਹ ਵਿਚ।ਭੂਲੋ–ਭੁੱਲਿਆ ਹੈਂ; ਕੁਰਾਹੇ ਪੈ ਗਿਆ ਹੈਂ; ਗੁਮਰਾਹ ਹੋ ਗਿਆ ਹੈਂ।ਅਵਰੈ–ਹੋਰ (ਚੀਜਾਂ) ਨੂੰ।ਹੀਤ–ਹਿਤ; ਪਿਆਰ।ਹਰਿ ਚੰਦਉਰੀ–ਅਕਾਸ਼ ਵਿਚ ਖਿਆਲੀ ਨਗਰ।ਬਨ–ਜੰਗਲ।ਹਰ ਪਾਤ–ਹਰੇ ਪੱਤੇ।ਰੇ–ਹੇ ਭਾਈ!।ਤੁਹਾਰੋ–ਤੇਰੀ।ਬੀਤ–ਬਿਤ; ਹਾਲਤ; ਬਲ।੧।ਰਹਾਉ।ਹੋਤ–ਹੋਵੇ।ਦੇਹ ਕਉ–ਸਰੀਰ ਉਤੇ।ਗਰਧਭ–ਗਧਾ।ਭਸਮ ਸੰਗੀਤਿ–ਸੁਆਹ ਨਾਲ।ਸੰਗਿ–ਨਾਲ।ਨਾਹਿ ਆਵਤ–ਨਹੀਂ ਬਣ ਆਉਂਦੀ। ਰੁਚ–ਰੁਚੀ।ਬਿਖੈ ਠਗਉਰੀ–ਜਹਿਰ ਵਾਲੀ ਠਗ ਬੂਟੀ (ਜੋ ਠੱਗ ਲੋਕ ਰਾਹੀਆਂ ਨੂੰ ਖੁਆ ਕੇ ਬੇਹੋਸ਼ ਕਰਕੇ ਲੁੱਟ ਲੈਂਦੇ ਹਨ)।੨।ਭਲੇ ਸੰਜੋਗੀ–ਚੰਗੇ ਭਾਗਾਂ ਨਾਲ।ਪਵਿਤ ਪੁਨੀਤ–ਪਵਿਤ੍ਰ ਤੋਂ ਪਵਿਤ੍ਰ।ਜਾਤ ਅਕਾਰਥ–ਬਿਅਰਥ ਜਾ ਰਿਹਾ ਹੈ।ਕਾਚ–ਕੱਚ।ਬਾਦਰੈ–ਬਦਲੇ ਵਿਚ।ਜੀਤ–ਜਿੱਤਿਆ ਜਾ ਰਿਹਾ ਹੈ।੩।ਕਿਲਵਿਖ–ਪਾਪਾ।ਭਾਗੇ–ਨੱਸ ਗਏ।ਗੁਰਿ–ਗੁਰੂ ਨੇ।ਅੰਜਨੁ–ਸੁਰਮਾ।ਨੇਤ੍ਰ ਦੀਤ–ਅੱਖਾਂ ਵਿਚ ਪਾ ਦਿਤਾ।ਇਨ–ਇਨ੍ਹਾਂ।ਤੇ–ਤੋਂ।ਨਿਕਸਿਓ–ਨਿਕਲ ਗਿਆ।ਏਕ–ਇਕ ਪ੍ਰਭੂ ਨਾਲ।੪।੯।

ਧਨਾਸਰੀ ਮਹਲਾ ੫ ॥ ਪਾਨੀ ਪਖਾ ਪੀਸਉ ਸੰਤ ਆਗੈ, ਗੁਣ ਗੋਵਿੰਦ ਜਸੁ ਗਾਈ ॥ ਸਾਸਿ ਸਾਸਿ ਮਨੁ ਨਾਮੁ ਸਮ੍ਹਾਰੈ, ਇਹੁ ਬਿਸ੍ਰਾਮ ਨਿਧਿ ਪਾਈ ॥੧॥ ਤੁਮ੍ ਕਰਹੁ ਦਇਆ ਮੇਰੇ ਸਾਈ ॥ ਐਸੀ ਮਤਿ ਦੀਜੈ ਮੇਰੇ ਠਾਕੁਰ, ਸਦਾ ਸਦਾ ਤੁਧੁ ਧਿਆਈ ॥੧॥ਰਹਾਉ॥ ਤੁਮ੍ਰੀ ਕ੍ਰਿਪਾ ਤੇ ਮੋਹੁ ਮਾਨੁ ਛੂਟੈ, ਬਿਨਸਿ ਜਾਇ ਭਰਮਾਈ ॥ ਅਨਦ ਰੂਪੁ ਰਵਿਓ ਸਭ ਮਧੇ, ਜਤ ਕਤ ਪੇਖਉ ਜਾਈ ॥੨॥ ਤੁਮ੍ ਦਇਆਲ ਕਿਰਪਾਲ ਕ੍ਰਿਪਾ ਨਿਧਿ, ਪਤਿਤ ਪਾਵਨ ਗੋਸਾਈ ॥ ਕੋਟਿ ਸੂਖ ਆਨੰਦ ਰਾਜ ਪਾਏ, ਮੁਖ ਤੇ ਨਿਮਖ ਬੁਲਾਈ ॥੩॥ ਜਾਪ

ਤਾਪ ਭਗਤਿ ਸਾ ਪੂਰੀ, ਜੋ ਪ੍ਰਭ ਕੈ ਮਨਿ ਭਾਈ ॥ ਨਾਮੁ ਜਪਤ ਤ੍ਰਿਸਨਾ ਸਭ ਬੁਝੀ ਹੈ, ਨਾਨਕ ਤ੍ਰਿਪਤਿ ਅਘਾਈ ॥੪॥੧੦॥ ਹੇ ਗੋਬਿੰਦ! (ਮੇਰੇ ਤੇ ਕ੍ਰਿਪਾ ਕਰ ਕਿ) ਮੈਂ ਤੇਰੇ ਗੁਣ ਗਾਵਾਂ, ਤੇਰਾ ਜਸ ਕਰਾਂ, ਤੇਰੇ ਸੰਤਾਂ ਦੇ ਅੱਗੇ ਮੈਂ ਪਾਣੀ ਢੋਵਾਂ, ਪੱਖਾ ਝੱਲਾਂ ਅਤੇ ਚੱਕੀ ਪੀਹਾਂ। ਮੇਰਾ ਮਨ ਸੁਆਸ ਸੁਆਸ ਤੇਰਾ ਨਾਮ ਸਿਮਰਦਾ ਰਹੇ, ਇਹ ਆਰਾਮ ਦਾ ਖਜਾਨਾ ਮੈਂ ਪਾ ਲਵਾਂ; ਨਾਮ ਦੇ ਖਜਾਨੇ ਵਿਚ ਟਿਕਾਉ ਪਾ ਲਵਾਂ।੧।ਹੇ ਮੇਰੇ ਮਾਲਕ ਪ੍ਰਭੂ! ਤੁਸੀਂ ਮੇਰੇ ਉਤੇ ਦਇਆ ਕਰੋ। ਹੇ ਮੇਰੇ ਮਾਲਕ ਪ੍ਰਭੂ! ਮੈਨੂੰ ਅਜੇਹੀ ਮੱਤ ਦਿਓ, (ਜਿਸ ਦੀ ਬਰਕਤ ਨਾਲ) ਮੈਂ ਸਦਾ ਸਦਾ ਤੁਹਾਨੂੰ ਸਿਮਰਦਾ ਰਹਾਂ।੧।ਰਹਾਉ।(ਹੇ ਪ੍ਰਭੂ! ਮੇਰੇ ਅੰਦਰੋਂ) ਤੇਰੀ ਕਿਰਪਾ ਨਾਲ ਮੋਹ ਤੇ ਮਾਨ ਦੂਰ ਹੋ ਜਾਵੇ ਅਤੇ (ਮਨ ਦੀ ਸਾਰੀ) ਭਟਕਣਾ ਨਾਸ਼ ਹੋ ਜਾਵੇ। ਜਿੱਥੇ ਕਿੱਥੇ ਮੈਂ ਜਾ ਕੇ ਦੇਖਾਂ, ਮੈਨੂੰ ਸਭ ਦੇ ਅੰਦਰ ਅਨੰਦ ਰੂਪ ਪ੍ਰਭੂ ਵਿਆਪਕ ਹੋ ਰਿਹਾ ਦਿਖਾਈ ਦੇਵੇ।੨।(ਹੇ ਪ੍ਰਭੂ! ਤੂੰ) ਦਇਆ ਦਾ ਘਰ ਹੈਂ, ਕ੍ਰਿਪਾਲੂ ਤੇ ਕ੍ਰਿਪਾ ਦਾ ਖਜਾਨਾ ਹੈਂ ਅਤੇ ਪਾਪੀਆਂ ਨੂੰ ਪਵਿਤ੍ਰ ਕਰਨ ਵਾਲਾ ਪ੍ਰਿਥਵੀ ਦਾ ਮਾਲਕ ਹੈਂ।(ਸਮਝੋ ਮੈਂ) ਕ੍ਰੋੜਾਂ ਰਾਜ ਦੇ ਸੁਖ ਅਨੰਦ ਪ੍ਰਾਪਤ ਕਰ ਲਏ ਹਨ, ਜੇ ਤੂੰ ਇਕ ਖਿਨ ਭਰ ਲਈ ਵੀ ਮੇਰੇ ਮੂੰਹ ਤੋਂ ਅਪਨਾ ਨਾਮ ਬੁਲਾ (ਜਪਾ) ਲਵੇਂ।੩।ਉਹ ਜਪ ਤਪ ਤੇ ਭਗਤੀ ਪੂਰੀ ਸਫਲ ਹੈ, ਜੋ ਪ੍ਰਭੂ ਦੇ ਮਨ ਵਿਚ ਚੰਗੀ ਲੱਗੀ ਹੈ। ਹਰੀ ਦਾ ਨਾਮ ਜਪਦਿਆਂ ਨਾਨਕ ਦੀ ਸਾਰੀ ਤ੍ਰਿਸ਼ਨਾ ਦੀ ਅੱਗ ਬੁਝ ਗਈ ਹੈ ਅਤੇ ਮੈਂ ਪੂਰੀ ਤਰ੍ਹਾਂ ਰੱਜ ਗਿਆ ਹਾਂ।੪।੧੦।

ਪਦਾਰਥ = ਪੀਸਉ–ਮੈਂ ਪੀਹਾਂ। ਗਾਈ–ਮੈਂ ਗਾਵਾਂ। ਸਾਸਿ ਸਾਸਿ–ਹਰੇਕ ਸੁਆਸ ਨਾਲ। ਸਮ੍ਹਾਰੈ–ਸਿਮਰਦਾ ਰਹੇ। ਬਿਸ੍ਰਾਮ ਨਿਧਿ–ਆਰਾਮ ਦਾ ਘਰ; ਸ਼ਾਂਤ ਪਦ; ਗਿਆਨ ਅਵਸਥਾ; ਤੁਰੀਆ ਪਦ।੧। ਸਾਈ–ਹੇ ਮਾਲਕ ਪ੍ਰਭੂ!। ਮਤਿ–ਅਕਲ। ਠਾਕੁਰ–ਹੇ ਮਾਲਕ ਪ੍ਰਭੂ!। ਤੁਧੁ–ਤੁਹਾਨੂੰ। ਧਿਆਈ–ਸਿਮਰਦਾ ਰਹਾਂ।੧।ਰਹਾਉ। ਤੇ–ਤੋਂ; ਨਾਲ। ਮਾਨੁ–ਹੰਕਾਰ। ਛੂਟੈ–ਮੁੱਕ ਜਾਵੇ। ਬਿਨਸਿ ਜਾਇ–ਨਾਸ਼ ਹੋ ਜਾਵੇ। ਭਰਮਾਈ–ਮਨ ਦੀ ਭਟਕਣਾ। ਅਨਦ ਰੂਪੁ–ਅਨੰਦ ਰੂਪ ਪ੍ਰਭੂ। ਰਵਿਓ–ਵਿਆਪਕ ਹੋ ਰਿਹਾ ਦਿਸੇ। ਮਧੇ–ਅੰਦਰ। ਜਤ–ਜਿੱਥੇ। ਕਤ–ਕਿੱਥੇ। ਪੇਖਉ–ਦਿਖਾਈ ਦੇਵੇ। ਜਾਈ–ਜਾ ਕੇ; ਜਗ੍ਹਾ।੨। ਨਿਧਿ–ਖਜਾਨਾ। ਪਤਿਤ ਪਾਵਨ–ਪਾਪੀਆਂ ਨੂੰ ਪਵਿਤ੍ਰ ਕਰਨ ਵਾਲਾ। ਗੋਸਾਈ–ਪ੍ਰਿਥਵੀ ਦਾ ਮਾਲਕ। ਕੋਟਿ ਰਾਜ–ਕ੍ਰੋੜਾਂ ਰਾਜ ਦੇ। ਪਾਏ–ਪ੍ਰਾਪਤ ਕਰ ਲਏ। ਮੁਖ ਤੇ–ਮੂੰਹ ਤੋਂ। ਨਿਮਖ–ਅੱਖ ਝਮਕਣ ਜਿੰਨੇ ਸਮੇਂ ਲਈ। ਬੁਲਾਈ–ਬੁਲਾ (ਜਪਾ) ਲਵੇਂ।੩। ਜਾਪ ਤਾਪ–ਜਪ ਤੇ ਤਪ। ਸਾ–ਉਹ। ਪੂਰੀ–ਪੂਰੀ ਸਫਲ ਹੈ। ਕੈ–ਦੇ। ਮਨਿ–ਮਨ ਵਿਚ। ਭਾਈ–ਚੰਗੀ ਲੱਗਦੀ ਹੈ; ਪਸੰਦ ਆਈ ਹੈ। ਬੁਝੀ ਹੈ–ਬੁਝ ਗਈ। ਤ੍ਰਿਪਤਿ ਅਘਾਈ–ਪੂਰੀ ਤਰ੍ਹਾਂ ਰੱਜ ਗਿਆ ਹਾਂ।੪।੧੦।

ਧਨਾਸਰੀ ਮਹਲਾ ੫ ॥ ਜਿਨਿ ਕੀਨੇ ਵਸਿ ਅਪੁਨੈ ਤ੍ਰੈ ਗੁਣ, ਭਵਣ ਚਤੁਰ ਸੰਸਾਰਾ ॥ ਜਗ ਇਸਨਾਨ ਤਾਪ ਥਾਨ ਖੰਡੇ, ਕਿਆ ਇਹੁ ਜੰਤੁ ਵਿਚਾਰਾ ॥੧॥ ਪ੍ਰਭ ਕੀ ਓਟ ਗਹੀ ਤਉ ਛੂਟੋ ॥ ਸਾਧ ਪ੍ਰਸਾਦਿ ਹਰਿ ਹਰਿ ਹਰਿ ਗਾਏ, ਬਿਖੈ ਬਿਆਧਿ ਤਬ ਹੂਟੋ ॥੧॥ਰਹਾਉ॥ ਨਹ ਸੁਣੀਐ ਨਹ ਮੁਖ ਤੇ ਬਕੀਐ, ਨਹ ਮੋਹੈ ਉਹ ਡੀਠੀ ॥ ਐਸੀ ਠਗਉਰੀ ਪਾਇ ਭੁਲਾਵੈ, ਮਨਿ ਸਭ ਕੈ ਲਾਗੈ ਮੀਠੀ ॥੨॥ ਮਾਇ ਬਾਪ ਪੂਤ ਹਿਤ ਭ੍ਰਾਤਾ, ਉਨਿ ਘਰਿ ਘਰਿ ਮੇਲਿਓ ਦੂਆ ॥ ਕਿਸਹੀ ਵਾਧਿ ਘਾਟਿ ਕਿਸਹੀ ਪਹਿ, ਸਗਲੇ ਲਰਿ ਲਰਿ ਮੂਆ ॥੩॥ ਹਉ ਬਲਿਹਾਰੀ ਸਤਿਗੁਰ ਅਪੁਨੇ, ਜਿਨਿ ਇਹੁ ਚਲਤੁ ਦਿਖਾਇਆ ॥ ਗੂਝੀ ਭਾਹਿ ਜਲੈ ਸੰਸਾਰਾ, ਭਗਤ ਨ ਬਿਆਪੈ ਮਾਇਆ ॥੪॥ ਸੰਤ ਪ੍ਰਸਾਦਿ ਮਹਾ ਸੁਖੁ ਪਾਇਆ, ਸਗਲੇ ਬੰਧਨ ਕਾਟੇ ॥ ਹਰਿ ਹਰਿ ਨਾਮੁ ਨਾਨਕ ਧਨੁ ਪਾਇਆ, ਅਪੁਨੈ ਘਰਿ ਲੈ ਆਇਆ ਖਾਟੇ ॥੫॥੧੧॥ (ਮਾਇਆ ਦੀ ਤਾਕਤ ਦਸਦੇ ਹਨ। ਹੇ ਭਾਈ!) ਜਿਸ ਮਾਇਆ ਨੇ ਤਿੰਨਾਂ ਗੁਣਾਂ ਵਾਲੇ ਜੀਵ ਅਪਣੇ ਵਸ ਵਿਚ ਕੀਤੇ ਹੋਏ ਹਨ ਤੇ ਸਾਰੇ ਭਵਨ ਤੇ ਸੰਸਾਰ ਦੀਆਂ ਚਾਰੇ ਦਿਸ਼ਾਵਾਂ (ਮਾਇਆ ਦੇ ਵਸ ਵਿਚ) ਹਨ। ਯੱਗ ਕਰਨ ਵਾਲੇ, ਇਸ਼ਨਾਨ ਕਰਨ ਵਾਲੇ ਅਤੇ ਤਪ ਕਰਨ ਵਾਲੇ ਅਸਥਾਨ (ਮਾਇਆ ਨੇ) ਖੰਡਤ ਕੀਤੇ ਹੋਏ ਹਨ, ਇਹ ਜੀਵ ਵਿਚਾਰਾ (ਮਾਇਆ ਅੱਗੇ) ਕੀ ਚੀਜ ਹੈ?।੧।(ਹੇ ਭਾਈ! ਜਦ ਮੈਂ) ਪ੍ਰਭੂ ਦੀ ਓਟ ਫੜੀ ਤਾਂ (ਮੇਰਾ ਮਾਇਆ ਤੋਂ) ਛੁਟਕਾਰਾ ਹੋਇਆ।(ਜਦ ਮੈਂ) ਸਾਧ ਗੁਰੂ ਦੀ ਕ੍ਰਿਪਾ ਨਾਲ ਮਨ, ਬਾਣੀ ਤੇ ਸਰੀਰ ਕਰ ਕੇ ਹਰੀ ਦੇ ਗੁਣ ਗਾਏ, ਤਦ ਵਿਸ਼ਿਆਂ ਦੇ ਸਾਰੇ ਰੋਗ ਹਟ ਗਏ।੧।ਰਹਾਉ।(ਹੇ ਭਾਈ! ਜਦ ਮਾਇਆ ਆ ਕੇ ਜੀਵ ਨੂੰ ਮੋਂਹਦੀ ਹੈ) ਤਾਂ ਨਾ ਉਸ ਦੀ ਅਵਾਜ ਸੁਣਾਈ ਦਿੰਦੀ ਹੈ ਤੇ ਨਾ ਉਹ ਮੂੰਹ ਤੋਂ ਬੋਲਦੀ ਹੈ ਅਤੇ ਨਾ ਉਹ (ਜੀਵਾਂ ਨੂੰ) ਮੋਂਹਦੀ ਹੋਈ ਦਿਸਦੀ ਹੈ।(ਉਹ ਮੋਹ ਰੂਪ) ਐਸੀ ਠਗ ਬੂਟੀ ਪਾ ਕੇ (ਜੀਵਾਂ ਨੂੰ) ਭੁਲਾ ਦਿੰਦੀ ਹੈ, ਜੋ ਸਭ ਦੇ ਮਨ ਵਿਚ ਮਿੱਠੀ ਲਗਦੀ ਹੈ।੨।(ਹੇ ਭਾਈ!) ਮਾਂ ਬਾਪ, ਪੁਤ੍ਰ ਤੇ ਪਿਆਰੇ ਭਰਾ ਆਦਿ ਅਤੇ ਹਰੇਕ ਘਰ ਵਿਚ ਉਸ (ਮਾਇਆ) ਨੇ ਦੂਜਾਪਣ ਮੇਲਿਆ (ਫਰਕ ਪਾਇਆ) ਹੋਇਆ ਹੈ। ਕਿਸੇ ਕੋਲ (ਮਾਇਆ) ਵੱਧ ਹੈ ਤੇ ਕਿਸੇ ਕੋਲ ਘਟ ਹੈ, (ਮਾਇਆ ਕਰਕੇ ਆਪਸ ਵਿਚ) ਸਾਰੇ ਲੜ ਲੜ ਕੇ ਮਰ ਖਪਦੇ ਹਨ।੩।ਮੈਂ ਅਪਣੇ ਸਤਿਗੁਰੂ ਦੇ ਬਲਿਹਾਰ ਜਾਂਦਾ ਹਾਂ, ਜਿਸ ਨੇ (ਮੈਨੂੰ ਮਾਇਆ ਦੇ ਛਲ ਦਾ) ਇਹ ਚਲਿੱਤ੍ਰ ਦਿਖਾ ਦਿਤਾ ਹੈ।(ਮਾਇਆ ਦੀ) ਲੁਕਵੀਂ ਅੱਗ ਵਿਚ ਸਾਰਾ ਸੰਸਾਰ ਜਲ ਰਿਹਾ ਹੈ, (ਪਰ) ਭਗਤਾਂ ਨੂੰ ਮਾਇਆ ਨਹੀਂ ਵਿਆਪਦੀ।੪। ਸੰਤ ਗੁਰੂ ਦੀ ਕ੍ਰਿਪਾ ਨਾਲ (ਮੈਨੂੰ) ਮਹਾਨ ਸੁਖ ਪ੍ਰਾਪਤ ਹੋਇਆ ਹੈ ਅਤੇ (ਮਾਇਆ ਦੇ ਮੇਰੇ) ਸਾਰੇ ਬੰਧਨ ਕੱਟੇ ਗਏ ਹਨ। ਨਾਨਕ ਨੂੰ ਹਰੀ ਦਾ ਨਾਮ ਧਨ ਪ੍ਰਾਪਤ ਹੋਇਆ ਹੈ, (ਮੈਂ ਇਸ ਧਨ ਨੂੰ) ਖੱਟ ਕੇ ਅਪਣੇ ਹਿਰਦੇ ਘਰ ਵਿਚ ਲੈ ਆਇਆ ਹਾਂ।੫।੧੧।

ਪਦਾਰਥ = ਜਿਨਿ–ਜਿਸ ਨੇ। ਕੀਨੇ–ਕੀਤੇ ਹੋਏ ਹਨ। ਵਸਿ ਅਪੁਨੈ–ਅਪਣੇ ਵਸ ਵਿਚ। ਤ੍ਰੈ ਗੁਣ–ਤਿੰਨ ਗੁਣਾਂ ਵਾਲੇ ਜੀਵ। ਭਵਣ–ਸਾਰੇ (ਦੇਵ) ਲੋਕ। ਚਤੁਰ ਸੰਸਾਰਾ–ਸੰਸਾਰ ਦੀਆਂ ਚਾਰੇ ਦਿਸ਼ਾਵਾਂ। ਤਾਪ–ਤਪ ਕਰਨ ਵਾਲੇ। ਖੰਡੇ–ਨਾਸ਼ ਕਰ ਦਿਤੇ। ਜੰਤੁ–ਜੀਵ।੧।

ਗਹੀ–ਫੜੀ। ਤਉ–ਤਾਂ; ਤਦ। ਛੂਟੋ–ਛੁਟਕਾਰਾ ਹੋਇਆ। ਸਾਧ ਪ੍ਰਸਾਦਿ–ਸ੍ਰੇਸਟ ਗੁਰੂ ਦੀ ਕ੍ਰਿਪਾ ਨਾਲ। ਬਿਖੈ ਬਿਆਧਿ–ਵਿਸ਼ਿਆਂ ਦੇ ਰੋਗ। ਹੂਟੋ–ਹਟ (ਦੂਰ ਹੋ) ਗਏ।੧। ਰਹਾਉ। ਨਹ–ਨਹੀਂ। ਸੁਣੀਐ–(ਅਵਾਜ) ਸੁਣਾਈ ਦਿੰਦੀ ਹੈ। ਮੁਖ ਤੇ–ਮੂੰਹ ਤੋਂ। ਬਕੀਐ–ਬੋਲਦੀ ਹੈ। ਮੋਹੈ ਡੀਠੀ–ਮੋਂਹਦੀ ਹੋਈ ਦਿਸਦੀ ਹੈ। ਠਗਉਰੀ–ਠਗਬੂਟੀ। ਪਾਇ–ਪਾ ਕੇ। ਭੁਲਾਵੈ–ਭੁਲਾ ਦੇਂਦੀ ਹੈ। ਮਨਿ–ਮਨ ਵਿਚ। ਮੀਠੀ–ਮਿੱਠੀ; ਪਿਆਰੀ।੨। ਪੂਤ–ਪੁਤ੍ਰ। ਹਿਤ–ਪਿਆਰੇ। ਭ੍ਰਾਤਾ–ਭਰਾ। ਉਨਿ–ਉਸ ਨੇ। ਘਰਿ ਘਰਿ–ਹਰੇਕ ਘਰ ਵਿਚ; ਹਰੇਕ ਹਿਰਦੇ ਵਿਚ। ਮੇਲਿਓ ਦੂਆ–ਦੂਜਾ ਪਣ (ਵਿਤਕਰਾ) ਪਾ ਦਿਤਾ। ਕਿਸਹੀ ਪਹਿ–ਕਿਸੇ ਪਾਸ। ਵਾਧਿ–ਜਿਆਦਾ। ਘਾਟਿ–ਘੱਟ। ਸਗਲੇ–ਸਾਰੇ। ਲਰਿ ਲਰਿ–ਲੜ ਲੜ ਕੇ। ਮੂਆ–ਮਰ ਖਪਦੇ ਹਨ।੩। ਹਉ–ਮੈਂ। ਬਲਿਹਾਰੀ–ਕੁਰਬਾਨ ਹਾਂ। ਚਲਤੁ–ਚਲਿੱਤ੍ਰ (ਤਮਾਸ਼ਾ)। ਗੂਝੀ ਭਾਹਿ–ਲੁਕਵੀਂ ਅੱਗ। ਜਲੈ–ਸੜ ਰਿਹਾ ਹੈ। ਨ ਬਿਆਪੈ–ਪੋਂਹਦੀ ਨਹੀਂ (ਅਸਰ ਨਹੀਂ ਕਰ ਸਕਦੀ)।੪। ਸੰਤ–ਸੰਤ ਗੁਰੂ ਦੀ। ਬੰਧਨ ਕਾਟੇ–(ਮਾਇਆ ਦੇ ਮੋਹ ਦੇ) ਬੰਧਨ ਕੱਟੇ ਗਏ। ਖਾਟੇ–ਕਮਾ ਕੇ।੫।੧੧।

ਅੰਗ ੬੭੪ = ਧਨਾਸਰੀ ਮਹਲਾ ੫ ॥ ਤੁਮ ਦਾਤੇ ਠਾਕੁਰ ਪ੍ਰਤਿਪਾਲਕ, ਨਾਇਕ ਖਸਮ ਹਮਾਰੇ ॥ ਨਿਮਖ ਨਿਮਖ ਤੁਮਹੀ ਪ੍ਰਤਿਪਾਲਹੁ ,ਹਮ ਬਾਰਿਕ ਤੁਮਰੇ ਧਾਰੇ ॥੧॥ ਜਿਹਵਾ ਏਕ ਕਵਨ ਗੁਨ ਕਹੀਐ ॥ ਬੇਸੁਮਾਰ ਬੇਅੰਤ ਸੁਆਮੀ, ਤੇਰੋ ਅੰਤੁ ਨ ਕਿਨਹੀ ਲਹੀਐ ॥੧॥ਰਹਾਉ॥ ਕੋਟਿ ਪਰਾਧ ਹਮਾਰੇ ਖੰਡਹੁ ,ਅਨਿਕ ਬਿਧੀ ਸਮਝਾਵਹੁ ॥ ਹਮ ਅਗਿਆਨ ਅਲਪ ਮਤਿ ਥੋਰੀ, ਤੁਮ ਆਪਨ ਬਿਰਦੁ ਰਖਾਵਹੁ ॥੨॥ ਤੁਮਰੀ ਸਰਣਿ ਤੁਮਾਰੀ ਆਸਾ, ਤੁਮਹੀ ਸਜਨ ਸੁਹੇਲੇ ॥ ਰਾਖਹੁ ਰਾਖਨਹਾਰ ਦਇਆਲਾ, ਨਾਨਕ ਘਰ ਕੇ ਗੋਲੇ ॥੩॥੧੨॥ (ਗੁਰੂ ਜੀ ਪ੍ਰਭੂ ਅੱਗੇ ਅਰਦਾਸ ਕਰਦੇ ਹਨ) ਹੇ ਮਾਲਕ ਪ੍ਰਭੂ! ਤੁਸੀਂ ਦਾਤਾਂ ਦੇਣ ਵਾਲੇ ਹੋ, ਜੀਵਾਂ ਦੀ ਪਾਲਣਾ ਕਰਨ ਵਾਲੇ, (ਜੀਵਨ ਦੀ ਅਗਵਾਈ) ਕਰਨ ਵਾਲੇ ਆਗੂ ਤੇ ਸਾਡੇ ਮਾਲਕ ਹੋ। ਹਰੇਕ ਖਿਨ ਤੁਸੀਂ ਹੀ ਸਭ ਜੀਵਾਂ ਦੀ ਪਾਲਣਾ ਕਰਦੇ ਹੋ, ਅਸੀਂ ਬੱਚੇ ਤੁਹਾਡੇ ਆਸਰੇ ਜਿਉਂਦੇ ਹਾਂ।੧। (ਹੇ ਪ੍ਰਭੂ! ਸਾਡੀ) ਇਕ ਜੀਭ ਹੈ, (ਇਸ ਨਾਲ ਤੇਰੇ) ਕਿਹੜੇ ਕਿਹੜੇ ਗੁਣ ਆਖੀਏ? ਤੂੰ ਬੇ ਸ਼ੁਮਾਰ ਬੇਅੰਤ ਗੁਣਾਂ ਦਾ ਮਾਲਕ ਹੈਂ, ਤੇਰਾ ਅੰਤ ਕਿਸੇ ਪਾਸੋਂ ਵੀ ਜਾਣਿਆ ਨਹੀਂ ਜਾ ਸਕਦਾ।੧। ਰਹਾਉ। (ਹੇ ਪ੍ਰਭੂ! ਤੁਸੀਂ) ਸਾਡੇ ਕ੍ਰੋੜਾਂ ਪਾਪ ਨਾਸ ਕਰ ਦੇਂਦੇ ਹੋ ਅਤੇ ਅਨੇਕਾਂ ਤਰੀਕਿਆਂ ਨਾਲ ਸਮਝਾਉਂਦੇ ਹੋ। ਅਸੀਂ ਅਗਿਆਨੀ ਹਾਂ, ਸਾਡੀ ਮੱਤ ਥੋੜੀ ਹੈ, ਤੁਸੀਂ (ਫਿਰ ਵੀ ਸਾਡੀ ਪਾਲਣਾ ਤੇ ਰੱਖਿਆ ਕਰਨ ਵਾਲਾ) ਅਪਣਾ ਸੁਭਾਵ ਕਾਇਮ ਰਖਦੇ ਹੋ (ਸਦਾ ਮੇਹਰਵਾਨ ਰਹਿੰਦੇ ਹੋ)।੨। (ਹੇ ਪ੍ਰਭੂ! ਅਸੀਂ) ਤੇਰੀ ਸ਼ਰਣ ਵਿਚ ਆਏ ਹਾਂ, ਸਾਨੂੰ ਤੇਰੀ ਹੀ ਆਸ ਹੈ ਅਤੇ ਤੁਸੀਂ ਹੀ ਸੁਖ ਦੇਣ ਵਾਲੇ ਸਜਨ ਹੋ। ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਰੱਖਿਆ ਕਰਨ ਵਾਲੇ ਦਿਆਲੂ ਪ੍ਰਭੂ! (ਅਸੀ ਜੀਵ ਤੁਹਾਡੇ) ਘਰ ਦੇ ਦਾਸ ਹਾਂ, (ਸਾਡੀ) ਰੱਖਿਆ ਕਰੋ।੩।੧੨।

ਪਦਾਰਥ = ਠਾਕੁਰ–ਮਾਲਕ ਪ੍ਰਭੂ। ਪ੍ਰਤਿਪਾਲਕ–ਪਾਲਣਾ ਕਰਨ ਵਾਲਾ। ਨਾਇਕ–ਆਗੂ। ਨਿਮਖ–ਅੱਖ ਝਮਕਣ ਜਿੰਨਾ ਸਮਾਂ। ਹਮ–ਅਸੀਂ (ਜੀਵ)। ਬਾਰਿਕ–ਬੱਚੇ। ਧਾਰੇ–ਆਸਰੇ (ਜਿਉਂਦੇ) ਹਾਂ।੧। ਜਿਹਵਾ–ਜੀਭ। ਕਵਨ–ਕਿਹੜੇ। ਬੇਸੁਮਾਰ–ਬੇ ਹਿਸਾਬ (ਅਣਗਿਣਤ ਗੁਣਾਂ ਵਾਲਾ)। ਸੁਆਮੀ–ਮਾਲਕ। ਕਿਨਹੀ–ਕਿਸੇ ਪਾਸੋਂ। ਨ ਲਹੀਐ–ਜਾਣਿਆ ਨਹੀਂ ਜਾ ਸਕਦਾ।੧। ਰਹਾਉ। ਕੋਟਿ–ਕ੍ਰੋੜਾਂ। ਪਰਾਧ–ਪਾਪ। ਖੰਡਹੁ–ਨਾਸ਼ ਕਰਦੇ ਹੋ। ਅਨਿਕ ਬਿਧੀ–ਅਨੇਕਾਂ ਤਰੀਕਿਆਂ ਨਾਲ। ਅਲਪ–ਥੋੜੀ। ਮਤਿ–ਅਕਲ। ਬਿਰਦੁ ਰਖਾਵਹੁ–ਸੁਭਾਵ ਕਾਇਮ ਰਖਦੇ ਹੋ।੨। ਤੁਮਰੀ–ਤੇਰੀ। ਸੁਹੇਲੇ–ਸੁਖ ਦੇਣ ਵਾਲੇ ਹੋ। ਗੋਲੇ–ਦਾਸ।੩।੧੨।

ਧਨਾਸਰੀ ਮਹਲਾ ੫ ॥ ਪੂਜਾ ਵਰਤ ਤਿਲਕ ਇਸਨਾਨਾ, ਪੁੰਨ ਦਾਨ ਬਹੁ ਦੈਨ ॥ ਕਹੂੰ ਨ ਭੀਜੈ ਸੰਜਮ ਸੁਆਮੀ, ਬੋਲਹਿ ਮੀਠੇ ਬੈਨ ॥੧॥ ਪ੍ਰਭ ਜੀ ਕੋ ਨਾਮੁ ਜਪਤ ਮਨ ਚੈਨ ॥ ਬਹੁ ਪ੍ਰਕਾਰ ਖੋਜਹਿ ਸਭਿ ਤਾ ਕਉ ,ਬਿਖਮੁ ਨ ਜਾਈ ਲੈਨ ॥੧॥ਰਹਾਉ॥ ਜਾਪ ਤਾਪ ਭ੍ਰਮਨ ਬਸੁਧਾ, ਕਰਿ ਉਰਧ ਤਾਪ ਲੈ ਗੈਨ ॥ ਇਹ ਬਿਧਿ ਨਹ ਪਤੀਆਨੋ ਠਾਕੁਰ, ਜੋਗ ਜੁਗਤਿ ਕਰਿ ਜੈਨ ॥੨॥ ਅੰਮ੍ਰਿਤ ਨਾਮੁ ਨਿਰਮੋਲਕੁ ਹਰਿ ਜਸੁ ,ਤਿਨਿ ਪਾਇਓ ਜਿਸੁ ਕਿਰਪੈਨ ॥ ਸਾਧ ਸੰਗਿ ਰੰਗਿ ਪ੍ਰਭ ਭੇਟੇ, ਨਾਨਕ ਸੁਖਿ ਜਨ ਰੈਨ ॥੩॥੧੩॥ (ਹੇ ਭਾਈ! ਕਈ ਮਨੁੱਖ) ਦੇਵਤਿਆਂ ਦੀ ਪੂਜਾ ਕਰਦੇ ਹਨ, ਵਰਤ ਰੱਖਦੇ ਹਨ, ਤਿਲਕ ਲਾਉਂਦੇ ਹਨ, ਤੀਰਥਾਂ ਤੇ ਇਰਸ਼ਨਾਨ ਕਰਦੇ ਹਨ, ਪੁੰਨ ਕਰਮ ਕਰਦੇ ਹਨ ਅਤੇ ਦਾਨ ਵੀ ਬਹੁਤ ਦੇਂਦੇ ਹਨ। ਮਿੱਠੇ ਬਚਨ ਬੋਲਦੇ ਹਨ, (ਪਰ ਅਜੇਹੇ) ਕਿਸੇ ਵੀ ਜਤਨ ਨਾਲ ਮਾਲਕ ਪ੍ਰਭੂ ਪ੍ਰਸੰਨ ਨਹੀਂ ਹੁੰਦਾ।੧। (ਹੇ ਭਾਈ!) ਪ੍ਰਭੂ ਦਾ ਨਾਮ ਜਪਦਿਆਂ ਮਨ ਦੀ ਸ਼ਾਂਤੀ ਪ੍ਰਾਪਤ ਹੁੰਦੀ ਹੈ। ਬਹੁਤ ਤਰੀਕਿਆਂ ਨਾਲ ਸਾਰੇ (ਖੋਜੀ ਲੋਕ) ਉਸ ਪ੍ਰਭੂ ਨੂੰ ਖੋਜਦੇ ਫਿਰਦੇ ਹਨ, (ਨਾਮ ਸਿਮਰਨ ਤੋਂ ਬਿਨਾ ਉਹ) ਕਠਨ ਸਾਧਨ ਕਰਕੇ ਵੀ ਲਿਆ ਨਹੀਂ ਜਾ ਸਕਦਾ।੧ ।ਰਹਾਉ। (ਹੇ ਭਾਈ! ਕਈ ਸਾਧੂ ਮੰਤ੍ਰਾਂ ਦਾ) ਜਾਪ ਤੇ ਕਈ ਤਪ ਕਰਦੇ ਹਨ, (ਕਈ) ਧਰਤੀ ਤੇ ਥਾਂ ਥਾਂ ਫਿਰਦੇ ਹਨ ਅਤੇ ਪੁੱਠੇ ਹੋ ਕੇ ਤਪ ਕਰਨ ਲੱਗੇ ਹੋਏ ਹਨ (ਸੰ. ਸ.; ਟਕਸਾਲ), ਕਈ ਜੋਗ ਤੇ ਜੈਨ ਮੱਤ ਦੀਆਂ ਜੁਗਤੀਆਂ ਕਰਦੇ ਹਨ, ਇਹ ਤਰੀਕੇ ਕਰਨ ਨਾਲ ਵੀ ਪ੍ਰਭੂ ਪ੍ਰਸੰਨ ਨਹੀਂ ਹੁੰਦਾ।੨। (ਹੇ ਭਾਈ!) ਜਿਸ ਉਪਰ ਪ੍ਰਭੂ ਦੀ ਕ੍ਰਿਪਾ ਹੋਈ ਹੈ, ਉਸ ਮਨੁੱਖ ਨੇ ਹਰੀ ਦਾ ਅੰਮ੍ਰਿਤ ਨਾਮ ਤੇ ਹਰੀ ਦਾ ਅਮੋਲਕ ਜਸ ਪ੍ਰਾਪਤ ਕੀਤਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਸਾਧ ਸੰਗਤ ਵਿਚ ਪ੍ਰੇਮ ਰਾਹੀਂ ਜਿਸ ਨੂੰ ਪ੍ਰਭੂ ਮਿਲ ਪਿਆ ਹੈ, ਉਸ ਮਨੁੱਖ ਦੀ ਉਮਰ ਰੂਪੀ ਰਾਤ ਸੁਖ ਵਿਚ ਬੀਤਦੀ ਹੈ।੩।੧੩।

ਉਰਧ ਤਾਪ ਲੈ ਗੈਨ = ੧. ਅਕਾਸ਼ ਵੱਲ ਉਚੀਆਂ ਬਾਹਾਂ ਕਰਕੇ ਤਪ ਕਰਨਾ ਆਦਿ।੨. ਲੈ ਗੈਨ–ਗਗਨ (ਦਸਮ ਦੁਆਰ) ਵਿਚ

ਲਯ-ਲੀਨ ਭਾਵ ਸਮਾਧੀ (ਦਸਮ ਦੁਆਰ ਵਿਚ ਸਮਾਧੀ ਲਾਉਂਦੇ ਹਨ)।ਸੰ.ਸ.; ਟਕਸਾਲ; ਗੁ. ਗ੍ਰ. ਕੋਸ ਨੇ ਸਾਰੇ ਅਰਥ ਕੀਤੇ ਹਨ।
ਪਦਾਰਥ = ਵਰਤ-ਭੋਜਨ ਦਾ ਤਿਆਗ।ਬਹੁ-ਬਹੁਤ।ਦੈਨ-ਦੇਂਦੇ ਹਨ।ਕਹੂੰ-ਕਿਸੇ ਵੀ।ਨ ਭੀਜੈ-ਪ੍ਰਸੰਨ ਨਹੀਂ ਹੁੰਦਾ।ਸੰਜਮ-ਰੀਤ ;ਜਤਨ।ਬੋਲਹਿ-ਬੋਲਦੇ ਹਨ।ਬੈਨ-ਬਚਨ।੧।ਕੋ-ਦਾ।ਚੈਨ-ਸ਼ਾਂਤੀ; ਸੁਖ; ਆਰਾਮ।ਬਹੁ ਪ੍ਰਕਾਰ-ਬਹੁਤ ਤਰੀਕਿਆਂ ਨਾਲ।ਖੋਜਹਿ -ਖੋਜਦੇ ਹਨ।ਤਾ ਕਉ-ਉਸ ਨੂੰ।ਬਿਖਮੁ-ਕਠਨ।ਨ ਜਾਈ ਲੈਨ-ਲਿਆ (ਲੱਭਿਆ) ਨਹੀਂ ਜਾਂਦਾ।੧।ਰਹਾਉ।ਜਾਪ-(ਮੰਤ੍ਰਾਂ ਦਾ) ਜਾਪ।ਤਾਪ-ਤਪ।ਭ੍ਰਮਨ ਬਸੁਧਾ-ਧਰਤੀ ਉਤੇ ਫਿਰਨਾ।ਉਰਧ ਤਾਪ-ਪੁੱਠੇ ਲਟਕ ਕੇ ਤਪ ਕਰਨਾ।ਲੈਗੈਨ-ਲੱਗੇ ਹੋਏ ਹਨ।ਇਹ ਬਿਧਿ-ਇਨ੍ਹਾਂ ਤਰੀਕਿਆਂ ਨਾਲ।ਨਹ ਪਤੀਆਨੋ-ਪ੍ਰਸੰਨ ਨਹੀਂ ਹੁੰਦਾ।ਕਰਿ ਜੈਨ ਜੁਗਤਿ-ਜੈਨ ਮੱਤ ਦੀਆਂ ਜੁਗਤੀਆਂ ਕਰਦੇ ਹਨ। ।੨।ਨਿਰਮੋਲਕੁ-ਅਮੋਲਕ (ਜਿਸ ਦਾ ਮੁੱਲ ਨਹੀਂ ਪਾਇਆ ਜਾ ਸਕਦਾ)।ਤਿਨਿ-ਉਸ ਨੇ।ਕਿਰਪੈਨ-ਕ੍ਰਿਪਾ ਹੋਈ ਹੈ।ਰੰਗਿ-ਪ੍ਰੇਮ ਰਾਹੀਂ।ਭੇਟੇ-ਮਿਲ ਪਿਆ ਹੈ।ਸੁਖਿ-ਸੁਖ ਵਿਚ।ਜਨ-ਮਨੁੱਖ ਦੀ।ਰੈਨ-ਉਮਰ ਰੂਪ ਰਾਤ।੩।੧੩।

ਧਨਾਸਰੀ ਮਹਲਾ ੫ ॥ ਬੰਧਨ ਤੇ ਛੁਟਕਾਵੈ ਪ੍ਰਭੂ ਮਿਲਾਵੈ, ਹਰਿ ਹਰਿ ਨਾਮੁ ਸੁਨਾਵੈ ॥ ਅਸਥਿਰੁ ਕਰੇ ਨਿਹਚਲੁ ਇਹੁ ਮਨੂਆ, ਬਹੁਰਿ ਨ ਕਤ ਹੂ ਧਾਵੈ ॥੧॥ ਹੈ ਕੋਊ ਐਸੋ ਹਮਰਾ ਮੀਤੁ ॥ ਸਗਲ ਸਮਗ੍ਰੀ ਜੀਉ ਹੀਉ ਦੇਉ ,ਅਰਪਉ ਅਪਨੋ ਚੀਤੁ ॥੧॥ਰਹਾਉ॥ ਪਰ ਧਨ ਪਰ ਤਨ ਪਰ ਕੀ ਨਿੰਦਾ, ਇਨ ਸਿਉ ਪ੍ਰੀਤਿ ਨ ਲਾਗੈ ॥ ਸੰਤਹ ਸੰਗੁ ਸੰਤ ਸੰਭਾਖਨੁ ,ਹਰਿ ਕੀਰਤਨਿ ਮਨੁ ਜਾਗੈ ॥੨॥ ਗੁਣ ਨਿਧਾਨ ਦਇਆਲ ਪੁਰਖ ਪ੍ਰਭ, ਸਰਬ ਸੂਖ ਦਇਆਲਾ ॥ ਮਾਗੈ ਦਾਨੁ ਨਾਮੁ ਤੇਰੋ ਨਾਨਕੁ ,ਜਿਉ ਮਾਤਾ ਬਾਲ ਗੁਪਾਲਾ ॥੩॥੧੪॥ ।(ਹੇ ਭਾਈ! ਜੇ ਕੋਈ ਮਿਤ੍ਰ ਮੈਨੂੰ ਸੰਸਾਰ ਦੇ ਸਾਰੇ) ਬੰਧਨਾਂ ਤੋਂ ਛੁਡਾ ਦੇਵੇ, ਪ੍ਰਭੂ ਮਿਲਾ ਦੇਵੇ ਅਤੇ ਹਰਿ ਹਰਿ ਨਾਮ ਸੁਣਾਵੇ।ਅਤੇ ਇਸ ਚੰਚਲ ਮਨ ਨੂੰ ਅਡੋਲ ਕਰ (ਟਿਕਾ) ਦੇਵੇ, ਅਚੱਲ ਕਰ ਦੇਵੇ, ਤਾਂ ਕਿ ਇਹ ਮੁੜ ਕੇ ਕਿਤੇ ਨਾ ਦੌੜੇ।੧।(ਹੇ ਭਾਈ!) ਮੇਰਾ ਕੋਈ ਅਜੇਹਾ ਮਿਤ੍ਰ ਹੈ? (ਜੇ ਹੋਵੇ ਤਾਂ ਮੈਂ ਉਸ ਨੂੰ ਘਰ ਦੀ) ਸਾਰੀ ਸਮੱਗ੍ਰੀ, ਜਿੰਦ ਤੇ ਹਿਰਦਾ ਦੇ ਦੇਵਾਂ ਅਤੇ ਅਪਣਾ ਚਿਤ ਵੀ (ਉਸ ਨੂੰ) ਅਰਪਣ ਕਰ ਦੇਵਾਂ।੧।ਰਹਾਉ।(ਹੇ ਪ੍ਰਭੂ! ਮੇਰੇ ਤੇ ਕ੍ਰਿਪਾ ਕਰ) ਪਰਾਇਆ ਧਨ, ਪਰਾਈ ਇਸਤਰੀ, ਪਰਾਏ ਦੀ ਨਿੰਦਾ, ਇਨ੍ਹਾਂ ਨਾਲ ਮੇਰੀ ਪ੍ਰੀਤ ਨਾ ਲੱਗੇ।ਸੰਤਾਂ ਦਾ ਸੰਗ, ਸੰਤਾਂ ਨਾਲ ਬਚਨ ਬਿਲਾਸ ਕਰਦਾ ਰਹਾਂ ਅਤੇ ਹਰੀ ਦੇ ਕੀਰਤਨ ਵਿਚ ਮੇਰਾ ਮਨ ਜਾਗਦਾ ਰਹੇ।੨।ਹੇ ਗੁਣਾਂ ਦੇ ਖਜਾਨੇ! ਹੇ ਦਇਆ ਦੇ ਘਰ ਸਰਬ ਵਿਆਪਕ ਪ੍ਰਭੂ! ਹੇ ਸਾਰੇ ਸੁਖ ਦੇਣ ਵਾਲੇ ਦਿਆਲੂ ਪ੍ਰਭੂ!।ਜਿਵੇਂ ਮਾਤਾ ਪਾਸੋਂ ਛੋਟਾ ਬੱਚਾ ਦੁੱਧ ਮੰਗਦਾ ਹੈ, ਤਿਵੇਂ ਤੇਰਾ ਦਾਸ ਨਾਨਕ ਤੇਰੇ ਪਾਸੋਂ ਨਾਮ ਦਾਨ ਮੰਗਦਾ ਹੈ।੩।੧੪। (ਟਕਸਾਲ ਅਤੇ ਸੰ.ਸ. ਅਨੁਸਾਰ ਦਮਦਮਾ ਸਾਹਿਬ ਅਤੇ ਕਰਤਾਰ ਪੁਰ ਵਾਲੀ ਬੀੜ ਵਿਚ ਇਸ ਸ਼ਬਦ ਦੇ ਅੱਗੇ ਧਨਾਸਰੀ ਮਹਲਾ ੫ ਨਹੀਂ ਹੈ)।

ਪਦਾਰਥ = ਤੇ-ਤੋਂ।ਛੁਟਕਾਵੈ-ਛੁਡਾ ਦੇਵੇ।ਅਸਥਿਰੁ ਕਰੇ-ਅਡੋਲ ਕਰ ਦੇਵੇ।ਨਿਹਚਲੁ-ਅਚੱਲ।ਮਨੂਆ-ਮਨ।ਬਹੁਰਿ-ਮੁੜ ਕੇ। ਕਤ ਹੂ-ਕਿਤੇ ਵੀ।ਨ ਧਾਵੈ-ਨਾ ਦੌੜੇ।੧।ਮੀਤੁ-ਮਿਤ੍ਰ।ਸਗਲ ਸਮਗ੍ਰੀ-(ਘਰ ਦਾ) ਸਾਰਾ ਸਾਜੋ ਸਮਾਨ।ਜੀਉ-ਜਿੰਦ।ਹੀਉ-ਹਿਰਦਾ ।ਦੇਉ-ਦੇ ਦੇਵਾਂ।ਅਰਪਉ-ਭੇਟਾ ਕਰ ਦੇਵਾਂ।੧।ਰਹਾਉ।ਪਰ ਧਨ-ਪਰਾਇਆ ਧਨ।ਪਰ ਤਨ-ਪਰਾਈ ਇਸਤ੍ਰੀ।ਇਨ ਸਿਉ-ਇਨ੍ਹਾਂ ਨਾਲ।ਸੰਤਹ ਸੰਗੁ-ਸੰਤਾਂ ਦਾ ਸੰਗ।ਸੰਭਾਖਨੁ-ਬਚਨ ਬਿਲਾਸ; ਵਿਚਾਰ ਵਟਾਂਦਰਾ।ਕੀਰਤਨਿ-ਕੀਰਤਨ ਵਿਚ।ਜਾਗੈ-ਜਾਗਦਾ ਰਹੇ।੨ ।ਗੁਣ ਨਿਧਾਨ-ਹੇ ਗੁਣਾਂ ਦੇ ਖਜਾਨੇ!।ਦਇਆਲ-ਹੇ ਦਇਆ ਦੇ ਘਰ!।ਪੁਰਖ ਪ੍ਰਭੂ-ਸਰਬ ਵਿਆਪਕ ਪ੍ਰਭੂ।ਸਰਬ-ਸਾਰੇ।ਤੇਰੋ ਨਾਨਕੁ-ਤੇਰਾ ਦਾਸ ਨਾਨਕ।ਬਾਲ ਗੁਪਾਲਾ-ਛੋਟਾ ਬੱਚਾ; ਗਊਆਂ ਚਾਰਨ ਵਾਲੇ ਬੱਚੇ (ਸ਼ਬਦਾਰਥ; ਮ.ਕੋ.)।੩।੧੪।

ਉਥਾਨਕਾ = ਪ੍ਰਿਥੀ ਚੰਦ ਨੇ ਗੁਰੂ ਅਰਜਨ ਦੇਵ ਜੀ ਵਿਰੁੱਧ ਬੜੀਆਂ ਚਾਲਾਂ ਚੱਲੀਆਂ।ਸਾਹਿਬਜਾਦੇ ਹਰਗੋਬਿੰਦ ਜੀ ਨੂੰ ਮਰਾਉਣ ਦੀਆਂ ਬੜੀਆਂ ਕੋਸ਼ਿਸ਼ਾਂ ਕੀਤੀਆਂ।ਗੁਰੂ ਜੀ ਦੇ ਵਿਰੋਧੀਆਂ ਦੀਆਂ ਚਾਲਾਂ ਸਫਲ ਨਹੀਂ ਹੋਈਆਂ, ਪ੍ਰਭੂ ਨੇ ਸਦਾ ਅਪਨੇ ਸੇਵਕਾਂ ਨੂੰ ਦੁਸ਼ਟਾਂ ਦੋਖੀਆਂ ਤੋਂ ਬਚਾਈ ਰੱਖਿਆ ਹੈ।ਸੁਲਹੀ ਖਾਨ ਦੇ ਮਾਰੇ ਜਾਣ ਤੇ ਗੁਰੂ ਜੀ ਨੇ ਇਹ ਸ਼ਬਦ ਉਚਾਰਿਆ ਹੈ।

ਧਨਾਸਰੀ ਮਹਲਾ ੫ ॥ ਹਰਿ ਹਰਿ ਲੀਨੇ ਸੰਤ ਉਬਾਰਿ ॥ ਹਰਿ ਕੇ ਦਾਸ ਕੀ ਚਿਤਵੈ ਬੁਰਿਆਈ, ਤਿਸ ਹੀ ਕਉ ਫਿਰਿ ਮਾਰਿ ॥੧॥ ਰਹਾਉ॥ ਜਨ ਕਾ ਆਪਿ ਸਹਾਈ ਹੋਆ, ਨਿੰਦਕ ਭਾਗੇ ਹਾਰਿ ॥ ਭ੍ਰਮਤ ਭ੍ਰਮਤ ਊਹਾਂ ਹੀ ਮੂਏ, ਬਾਹੁੜਿ ਗ੍ਰਿਹਿ ਨ ਮੰਝਾਰਿ ॥੧॥ ਨਾਨਕ ਸਰਣਿ ਪਰਿਓ ਦੁਖ ਭੰਜਨ, ਗੁਨ ਗਾਵੈ ਸਦਾ ਅਪਾਰਿ ॥ ਨਿੰਦਕ ਕਾ ਮੁਖੁ ਕਾਲਾ ਹੋਆ, ਦੀਨ ਦੁਨੀਆ ਕੈ ਦਰਬਾਰਿ ॥੨॥ ੧੫॥ (ਹੇ ਭਾਈ!) ਹਰੀ ਨੇ ਅਪਣੇ ਸੰਤ (ਦੋਖੀਆਂ ਦੇ ਦੁੱਖਾਂ ਤੋਂ) ਬਚਾ ਲਏ ਹਨ।(ਜੋ ਮਨੁੱਖ) ਹਰੀ ਦੇ ਦਾਸ ਦੀ ਬੁਰਿਆਈ ਸੋਚਦਾ ਹੈ, ਫਿਰ (ਹਰੀ ਬੁਰਾਈ ਕਰਨ ਵਾਲੇ) ਉਸੇ ਨੂੰ ਹੀ ਮਾਰਦਾ ਹੈ।੧।ਰਹਾਉ।(ਹੇ ਭਾਈ! ਪ੍ਰਭੂ ਅਪਣੇ) ਦਾਸ ਦਾ ਆਪ ਸਹਾਈ ਹੋਇਆ ਹੈ, ਨਿੰਦਕ ਲੋਕ ਹਾਰ ਕੇ ਭੱਜ ਗਏ ਹਨ।(ਨਿੰਦਕ ਲੋਕ) ਭਟਕਦੇ ਭਟਕਦੇ ਉਥੇ ਹੀ ਮਰ ਗਏ, ਮੁੜ ਕੇ (ਉਹ ਅਪਣੇ) ਘਰ ਵਿਚ ਵਾਪਸ ਨਹੀਂ ਆਏ।੧।ਦੁਖ ਨਾਸ਼ ਕਰਨ ਵਾਲੇ ਪ੍ਰਭੂ ਦੀ ਸ਼ਰਣ ਵਿਚ ਨਾਨਕ ਆ ਪਿਆ ਹੈ ਅਤੇ ਪਾਰ ਰਹਿਤ ਪ੍ਰਭੂ ਦੇ ਸਦਾ ਗੁਣ ਗਾਉਂਦਾ ਹੈ।(ਪਰ) ਨਿੰਦਕ ਲੋਕਾਂ ਦਾ ਮੂੰਹ ਲੋਕ ਪ੍ਰਲੋਕ ਦੇ ਦਰਬਾਰ ਵਿਚ ਕਾਲਾ ਹੋਇਆ ਹੈ।੨।੧੫।

ਪਦਾਰਥ = ਲੀਨੇ ਉਬਾਰਿ-ਬਚਾ ਲਏ ਹਨ।ਚਿਤਵੈ-ਸੋਚਦਾ ਹੈ।ਤਿਸ ਹੀ ਕਉ-ਉਸੇ ਨੂੰ ਹੀ।ਫਿਰਿ-ਮੁੜ ਕੇ।ਮਾਰਿ-ਮਾਰਦਾ ਹੈ।੧। ਜਨ ਕਾ-ਦਾਸ ਦਾ।ਸਹਾਈ-ਸਹਾਇਤਾ ਕਰਨ ਵਾਲਾ।ਭਾਗੇ ਹਾਰਿ-ਹਾਰ ਕੇ ਦੌੜ ਗਏ।ਭ੍ਰਮਤ ਭ੍ਰਮਤ-ਭਟਕਦੇ ਭਟਕਦੇ।ਊਹਾ ਹੀ-

ਉਥੇ ਹੀ। ਮੁਏ–ਮਰ ਗਏ। ਬਾਹੁੜਿ–ਮੁੜ ਕੇ। ਗ੍ਰਿਹਿ–ਘਰ। ਮੰਝਾਰਿ–ਵਿਚ।੧। ਸਰਣਿ–ਸ਼ਰਣ ਵਿਚ। ਪਰਿਓ–ਆ ਪਿਆ ਹੈ। ਭੰਜਨ–ਨਾਸ਼ ਕਰਨ ਵਾਲੇ ਪ੍ਰਭੂ ਦੀ। ਅਪਾਰਿ–ਪਾਰਾਵਾਰ ਤੋਂ ਰਹਿਤ ਪ੍ਰਭੂ। ਦੀਨ ਦੁਨੀਆ–ਲੋਕ ਪ੍ਰਲੋਕ। ਦਰਬਾਰਿ–ਦਰਬਾਰ ਵਿਚ।੨।੧੫।

ਧਨਾਸਰੀ ਮਹਲਾ ੫ ॥ ਅਬ ਹਰਿ ਰਾਖਨਹਾਰੁ ਚਿਤਾਰਿਆ ॥ ਪਤਿਤ ਪੁਨੀਤ ਕੀਏ ਖਿਨ ਭੀਤਰਿ, ਸਗਲਾ ਰੋਗੁ ਬਿਦਾਰਿਆ ॥੧॥ ਰਹਾਉ॥ ਗੋਸਟਿ ਭਈ ਸਾਧ ਕੈ ਸੰਗਮਿ, ਕਾਮ ਕ੍ਰੋਧੁ ਲੋਭੁ ਮਾਰਿਆ ॥ (ਹੇ ਭਾਈ! ਇਸ ਮਨੁੱਖਾ ਜਨਮ ਵਿਚ) ਹੁਣ ਮੈਂ ਰੱਖਿਆ ਕਰਨ ਵਾਲੇ ਹਰੀ ਦਾ ਸਿਮਰਨ ਸ਼ੁਰੂ ਕਰ ਦਿਤਾ ਹੈ।(ਉਸ ਹਰੀ ਨੇ) ਇਕ ਖਿਨ ਦੇ ਅੰਦਰ ਪਾਪੀਆਂ ਨੂੰ ਪਵਿਤ੍ਰ ਕਰ ਦਿਤਾ ਹੈ ਅਤੇ (ਅਗਿਆਨਤਾ ਤੇ ਹਉਮੈ ਆਦਿ ਦਾ) ਸਾਰਾ ਰੋਗ ਵੀ ਨਾਸ਼ ਕਰ ਦਿਤਾ ਹੈ।੧। ਰਹਾਉ। ਸਾਧੂਆਂ ਦੇ ਸਮਾਗਮ ਵਿਚ ਵਿਚਾਰ ਚਰਚਾ ਹੋਈ, (ਜਿਸ ਦੀ ਬਰਕਤ ਨਾਲ) ਕਾਮ ਕ੍ਰੋਧ ਤੇ ਲੋਭ ਮਾਰਿਆ ਗਿਆ।

ਅੰਗ ੬੭੫ = ਸਿਮਰਿ ਸਿਮਰਿ ਪੂਰਨ ਨਾਰਾਇਨ, ਸੰਗੀ ਸਗਲੇ ਤਾਰਿਆ ॥੧॥ ਅਉਖਧ ਮੰਤ੍ਰ ਮੂਲ ਮਨ ਏਕੈ, ਮਨਿ ਬਿਸ੍ਵਾਸੁ ਪ੍ਰਭ ਧਾਰਿਆ ॥ ਚਰਨ ਰੇਨ ਬਾਂਛੈ ਨਿਤ ਨਾਨਕੁ ,ਪੁਨਹ ਪੁਨਹ ਬਲਿਹਾਰਿਆ ॥੨॥੧੬॥ ਪੂਰਨ ਪ੍ਰਭੂ ਨੂੰ ਸਿਮਰ ਸਿਮਰ ਕੇ ਸਾਰੇ ਸੰਗੀ ਸਾਥੀਆਂ ਨੂੰ (ਸੰਸਾਰ ਸਮੁੰਦਰ ਤੋਂ) ਤਾਰਿਆ ਹੈ।੧।(ਹੇ ਭਾਈ!) ਮਨ ਦੀ ਅਸਲੀ ਦਵਾਈ, (ਮਨ ਨੂੰ ਵਸ ਕਰਨ ਦਾ) ਮੰਤ੍ਰ ਤੇ ਜੜੀ ਬੂਟੀ ਇਕ ਪ੍ਰਮਾਤਮਾ ਦਾ ਨਾਮ ਹੀ ਹੈ ਅਤੇ (ਅਸੀਂ) ਮਨ ਵਿਚ ਪ੍ਰਭੂ ਦਾ ਵਿਸ਼ਵਾਸ ਧਾਰਿਆ ਹੈ। ਨਾਨਕ ਨਿਤ ਪ੍ਰਭੂ ਦੇ ਚਰਨਾਂ ਦੀ ਧੂੜ ਮੰਗਦਾ ਹੈ ਅਤੇ (ਉਸ ਤੋਂ) ਮੁੜ ਮੁੜ ਸਦਕੇ ਜਾਂਦਾ ਹੈ।੨।੧੬।

ਪਦਾਰਥ = ਅਬ–ਹੁਣ। ਰਾਖਨਹਾਰੁ–ਰੱਖਿਆ ਕਰਨ ਵਾਲਾ। ਚਿਤਾਰਿਆ–ਸਿਮਰਿਆ। ਪਤਿਤ–ਪਾਪੀਆਂ ਨੂੰ। ਪੁਨੀਤ ਕੀਏ–ਪਵਿਤ੍ਰ ਕਰ ਦਿਤੇ। ਖਿਨ ਭੀਤਰਿ–ਇਕ ਖਿਨ ਦੇ ਅੰਦਰ। ਸਗਲਾ–ਸਾਰਾ। ਬਿਦਾਰਿਆ–ਨਾਸ਼ ਕਰ ਦਿਤਾ।੧। ਰਹਾਉ। ਗੋਸਟਿ–ਵਿਚਾਰ ਚਰਚਾ । ਭਈ–ਹੋਈ। ਸਾਧ ਕੈ ਸੰਗਮਿ–ਸਾਧੂਆਂ ਦੇ ਸਮਾਗਮ ਵਿਚ। ਸੰਗੀ–ਸਾਥੀਆਂ ਨੂੰ। ਤਾਰਿਆ–ਤਾਰ ਲਿਆ (ਪਾਰ ਲੰਘਾ ਦਿਤੇ)।੧। ਅਉਖਧ–ਦਵਾਈ। ਮੰਤ੍ਰ–(ਮਨ ਨੂੰ ਵਸ ਕਰਨ ਦਾ) ਮੰਤ੍ਰ। ਮੂਲ–ਜੜੀ ਬੂਟੀ। ਏਕੈ–ਇਕ ਪ੍ਰਭੂ ਦਾ ਨਾਮ। ਮਨਿ–ਮਨ ਵਿਚ। ਬਿਸ੍ਵਾਸ–ਵਿਸਵਾਸ਼। ਰੇਨ–ਧੂੜ। ਬਾਂਛੈ–ਮੰਗਦਾ ਹੈ। ਨਿਤ–ਹਰ ਰੋਜ; ਸਦਾ। ਪੁਨਹ ਪੁਨਹ–ਮੁੜ ਮੁੜ; ਬਾਰ ਬਾਰ।੨।੧੬।

ਧਨਾਸਰੀ ਮਹਲਾ ੫ ॥ ਮੇਰਾ ਲਾਗੋ ਰਾਮ ਸਿਉ ਹੇਤੁ ॥ ਸਤਿਗੁਰੁ ਮੇਰਾ ਸਦਾ ਸਹਾਈ, ਜਿਨਿ ਦੁਖ ਕਾ ਕਾਟਿਆ ਕੇਤੁ ॥੧॥ਰਹਾਉ॥ ਹਾਥ ਦੇਇ ਰਾਖਿਓ ਅਪੁਨਾ ਕਰਿ, ਬਿਰਥਾ ਸਗਲ ਮਿਟਾਈ ॥ ਨਿੰਦਕ ਕੇ ਮੁਖ ਕਾਲੇ ਕੀਨੇ, ਜਨ ਕਾ ਆਪਿ ਸਹਾਈ ॥੧॥ ਸਾਚਾ ਸਾਹਿਬੁ ਹੋਆ ਰਖਵਾਲਾ, ਰਾਖਿ ਲੀਏ ਕੰਠਿ ਲਾਇ ॥ ਨਿਰਭਉ ਭਏ ਸਦਾ ਸੁਖ ਮਾਣੇ, ਨਾਨਕ ਹਰਿ ਗੁਣ ਗਾਏ ॥੨॥੧੭॥ (ਹੇ ਭਾਈ!) ਮੇਰਾ ਸਰਬ ਵਿਆਪਕ ਰਾਮ ਨਾਲ ਪ੍ਰੇਮ ਲੱਗ ਗਿਆ ਹੈ। ਸਤਿਗੁਰੂ ਮੇਰਾ ਸਦਾ ਸਹਾਇਤਾ ਕਰਨ ਵਾਲਾ ਹੈ, ਜਿਸ ਨੇ ਦੁਖਾਂ ਦਾ (ਝੁਲ ਰਿਹਾ) ਝੰਡਾ ਕੱਟ ਦਿਤਾ।੧। ਰਹਾਉ।(ਉਸ ਪ੍ਰਭੂ ਨੇ) ਅਪਨਾ ਦਾਸ ਜਾਣ ਕਰਕੇ ਹੱਥ ਦੇ ਕੇ ਰੱਖ ਲਿਆ ਅਤੇ (ਸਾਡੀ) ਸਾਰੀ ਪੀੜ ਮਿਟਾ ਦਿਤੀ। ਨਿੰਦਕਾਂ ਦੇ ਮੂੰਹ ਕਾਲੇ ਕੀਤੇ ਹਨ ਅਤੇ ਅਪਣੇ ਦਾਸਾਂ ਦਾ ਆਪ ਸਹਾਈ ਹੋਇਆ ਹੈ।੧। ਸਾਚਾ ਸਾਹਿਬ ਰਖਵਾਲਾ ਹੋਇਆ ਹੈ, (ਜਿਸ ਨੇ ਅਪਣੇ ਦਾਸ) ਗਲੇ ਨਾਲ ਲਾ ਕੇ ਰੱਖ (ਬਚਾ) ਲਏ ਹਨ। ਨਾਨਕ ਗੁਰੂ ਜੀ ਆਖਦੇ ਹਨ ਕਿ ਹਰੀ ਦੇ ਗੁਣ ਗਾ ਕੇ (ਅਸੀਂ) ਭੈ ਰਹਿਤ ਹੋ ਗਏ ਹਾਂ ਅਤੇ ਸਦਾ ਸੁਖ ਮਾਣਦੇ ਹਾਂ।੨।੧੭।

ਪਦਾਰਥ = ਲਾਗੋ–ਲਗ ਗਿਆ ਹੈ। ਰਾਮ ਸਿਉ–ਪ੍ਰਭੂ ਨਾਲ। ਹੇਤੁ–ਪ੍ਰੇਮ। ਸਹਾਈ–ਸਹਾਇਤਾ ਕਰਨ ਵਾਲਾ। ਜਿਨਿ–ਜਿਸ ਨੇ। ਕੇਤੁ–ਝੰਡਾ; ਰਾਜ; ਸਿਰ; ਡੇਰਾ; ਕੇਤੂ ਗ੍ਰਿਹ।੧। ਰਹਾਉ। ਦੇਇ–ਦੇ ਕੇ। ਰਾਖਿਓ–ਰੱਖ (ਬਚਾ) ਲਿਆ। ਕਰਿ–ਕਰਕੇ; ਬਣਾ ਕੇ। ਬਿਰਥਾ–ਪੀੜਾ; ਦੁਖ ਦਰਦ। ਸਗਲ–ਸਾਰਾ। ਮੁਖ–ਮੂੰਹ। ਕੀਨੇ–ਕਰ ਦਿਤੇ। ਜਨ ਕਾ–ਦਾਸਾਂ ਦਾ।੧। ਸਾਹਿਬੁ–ਮਾਲਕ ਪ੍ਰਭੂ। ਕੰਠਿ ਲਾਇ–ਗਲ ਨਾਲ ਲਾ ਕੇ। ਨਿਰਭਉ–ਭੈ ਰਹਿਤ। ਭਏ–ਹੋ ਗਏ ਹਾਂ। ਮਾਣੇ–ਮਾਣਦੇ ਹਾਂ। ਗਾਏ–ਗਾ ਕੇ।੨।੧੭।

ਧਨਾਸਿਰੀ ਮਹਲਾ ੫ ॥ ਅਉਖਧੁ ਤੇਰੋ ਨਾਮੁ ਦਇਆਲ ॥ ਮੋਹਿ ਆਤੁਰ ਤੇਰੀ ਗਤਿ ਨਹੀ ਜਾਨੀ, ਤੂੰ ਆਪਿ ਕਰਹਿ ਪ੍ਰਤਿਪਾਲ ॥੧॥ ਰਹਾਉ॥ ਧਾਰਿ ਅਨੁਗ੍ਰਹੁ ਸੁਆਮੀ ਮੇਰੇ, ਦੁਤੀਆ ਭਾਉ ਨਿਵਾਰਿ ॥ ਬੰਧਨ ਕਾਟਿ ਲੇਹੁ ਅਪੁਨੇ ਕਰਿ, ਕਬਹੂ ਨ ਆਵਹਿ ਹਾਰਿ ॥੧॥ ਤੇਰੀ ਸਰਨਿ ਪਇਆ ਹਉ ਜੀਵਾਂ, ਤੂੰ ਸੰਮ੍ਰਥੁ ਪੁਰਖੁ ਮਿਹਰਵਾਨੁ ॥ ਆਠ ਪਹਰ ਪ੍ਰਭ ਕਉ ਆਰਾਧੀ, ਨਾਨਕ ਸਦ ਕੁਰਬਾਨੁ ॥੨॥੧੮ ॥ ਹੇ ਦਇਆ ਦੇ ਘਰ ਪ੍ਰਭੂ! ਤੇਰਾ ਨਾਮ (ਸਾਰੇ ਰੋਗਾਂ ਦੀ) ਦਵਾਈ ਹੈ।(ਪਰ) ਮੈਂ ਦੁਖੀਏ ਨੇ ਤੇਰੀ ਗਤਿ ਨਹੀਂ ਜਾਣੀ. ਤੂੰ ਆਪ ਹੀ (ਮੇਰੀ) ਪਾਲਣਾ ਕਰਦਾ ਹੈਂ।੧। ਰਹਾਉ। ਹੇ ਮੇਰੇ ਸੁਆਮੀ! ਮੇਹਰ ਕਰਕੇ (ਮੇਰੇ ਅੰਦਰੋਂ) ਦ੍ਵੈਤ ਭਾਵ ਦੂਰ ਕਰ ਦੇਹ।(ਮੇਰੇ ਸਾਰੇ) ਬੰਧਨ ਕੱਟ ਕੇ (ਮੈਨੂੰ) ਅਪਣਾ ਬਣਾ ਲੈ, (ਜਿਸ ਦਾ ਸਦਕਾ ਮੈਂ ਮਨੁੱਖਾ ਜਨਮ ਦੀ) ਬਾਜੀ ਕਦੇ ਹਾਰ ਕੇ ਨ ਆਵਾਂ।੧।(ਹੇ ਪ੍ਰਭੂ!) ਮੈਂ ਤੇਰੀ ਸ਼ਰਨ ਵਿਚ ਪਿਆ ਹੋਇਆ ਹੀ ਜਿਉਂਦਾ ਹਾਂ, ਤੂੰ ਸਰਬ ਸ਼ਕਤੀਮਾਨ, ਮੇਹਰ ਕਰਨ ਵਾਲਾ ਸਰਬ ਵਿਆਪਕ ਪੁਰਖ ਹੈਂ। (ਅਰਦਾਸ ਹੈ ਕਿ) ਮੈਂ ਅੱਠੇ ਪਹਿਰ ਪ੍ਰਭੂ ਨੂੰ ਸਿਮਰਦਾ ਰਹਾਂ, ਨਾਨਕ (ਉਸ ਤੋਂ) ਸਦਾ ਕੁਰਬਾਨ ਜਾਂਦਾ ਹੈ।੨।੧੮।

ਪਦਾਰਥ = ਅਉਖਧੁ–ਦਵਾਈ। ਦਇਆਲ–ਹੇ ਦਇਆ ਦੇ ਘਰ ਪ੍ਰਭੂ!। ਮੋਹਿ–ਮੈਂ। ਆਤੁਰ–ਦੁਖੀ ਨੇ। ਗਤਿ–ਪ੍ਰਾਪਤੀ ਦੀ ਮਰਿਆਦਾ । ਤੂੰ ਕਰਹਿ–ਤੂੰ ਕਰਦਾ ਹੈਂ। ਪ੍ਰਤਿਪਾਲ–ਪਾਲਣਾ।੧। ਧਾਰਿ ਅਨੁਗ੍ਰਹੁ–ਮੇਹਰ ਕਰਕੇ। ਦੁਤੀਆ ਭਾਉ–ਦ੍ਵੈਤ ਭਾਵ; ਮੇਰ ਤੇਰ। ਨਿਵਾਰਿ–

ਦੂਰ ਕਰ ਦੇਹ।ਕਾਟਿ–ਕੱਟ ਕੇ।ਲੇਹੁ ਕਰਿ–ਬਣਾ ਲੈ।ਨ ਆਵਹ–ਨਾ ਆਵਾਂ।ਹਾਰਿ–ਹਾਰ ਕੇ।੧।ਹਉ–ਮੈ।ਜੀਵਾਂ–ਜਿਉਂਦਾ ਹਾਂ। ਸੰਮ੍ਰਥੁ–ਸਰਬ ਸ਼ਕਤੀ ਮਾਨ।ਪੁਰਖੁ–ਸਰਬ ਵਿਆਪਕ ਪ੍ਰਭੂ।ਕਉ–ਨੂੰ।ਆਰਾਧੀ–ਸਿਮਰਦਾ ਰਹਾਂ।ਸਦ–ਸਦਾ।੨।੧੮।

ਰਾਗੁ ਧਨਾਸਰੀ ਮਹਲਾ ੫ ੧ੴ ਸਤਿਗੁਰ ਪ੍ਰਸਾਦਿ ॥ ਹਾ ਹਾ ਪ੍ਰਭ ਰਾਖਿ ਲੇਹੁ ॥ ਹਮ ਤੇ ਕਿਛੂ ਨ ਹੋਇ ਮੇਰੇ ਸ੍ਵਾਮੀ, ਕਰਿ ਕਿਰਪਾ ਅਪੁਨਾ ਨਾਮੁ ਦੇਹੁ ॥੧॥ਰਹਾਉ॥ ਅਗਨਿ ਕੁਟੰਬ ਸਾਗਰ ਸੰਸਾਰ ॥ ਭਰਮ ਮੋਹ ਅਗਿਆਨ ਅੰਧਾਰ ॥੧॥ ਊਚ ਨੀਚ ਸੂਖ ਦੂਖ ॥ ਧ੍ਰਾਪਸਿ ਨਾਹੀ ਤ੍ਰਿਸਨਾ ਭੂਖ ॥੨॥ ਮਨਿ ਬਾਸਨਾ ਰਚਿ ਬਿਖੈ ਬਿਆਧਿ ॥ ਪੰਚ ਦੂਤ ਸੰਗਿ ਮਹਾ ਅਸਾਧ ॥੩॥ ਜੀਅ ਜਹਾਨੁ ਪ੍ਰਾਨ ਧਨੁ ਤੇਰਾ ॥ ਨਾਨਕ ਜਾਨੁ ਸਦਾ ਹਰਿ ਨੇਰਾ ॥੪॥੧॥੧੯॥ ਹੇ ਪ੍ਰਭੂ! ਹਾਂ ਹਾਂ (ਮੈਨੂੰ ਦੁੱਖਾਂ ਤੋਂ ਬਚਾ ਕੇ) ਰੱਖ ਲਵੋ।ਹੇ ਮੇਰੇ ਸੁਆਮੀ! ਅਸਾਂ (ਜੀਵਾਂ) ਤੋਂ ਕੁਛ ਨਹੀਂ ਹੋ ਸਕਦਾ, ਕ੍ਰਿਪਾ ਕਰਕੇ (ਸਾਨੂੰ) ਅਪਣਾ ਨਾਮ ਬਖਸ਼ ਦੇਵੋ।੧।ਰਹਾਉ।ਪ੍ਰਵਾਰ ਤੇ ਸੰਸਾਰ ਅੱਗ ਦਾ ਸਮੁੰਦਰ ਹੈ।ਭਰਮ, ਮੋਹ ਅਤੇ ਅਗਿਆਨ ਦਾ ਘੁੱਮ ਹਨ੍ਹੇਰਾ (ਸੰਸਾਰ ਵਿਚ ਪਿਆ ਹੋਇਆ) ਹੈ।੧।(ਪਦਾਰਥਾਂ ਦੇ ਮਿਲਣ ਕਰਕੇ) ਉਚੇ ਤੇ (ਪਦਾਰਥਾਂ ਦੇ ਚਲੇ ਜਾਣ ਕਰਕੇ) ਨੀਵੇਂ ਹੋ ਜਾਈਦਾ ਹੈ, (ਇਸ ਤਰ੍ਹਾਂ ਦੀ ਅਵਸਥਾ ਕਰਕੇ) ਸੁਖ ਦੁਖ ਬਣਿਆ ਰਹਿੰਦਾ ਹੈ।ਅਤੇ (ਪਦਾਰਥਾਂ ਦੀ) ਭੁੱਖ ਤੇ ਮਾਇਆ ਦੀ ਤ੍ਰਿਸ਼ਨਾਂ (ਵੱਲੋਂ ਮਨੁੱਖ ਕਦੇ) ਰੱਜਦਾ ਨਹੀਂ।੨।(ਮਨੁੱਖ ਦੇ) ਮਨ ਵਿਚ ਇੱਛਾਵਾਂ ਹੋਣ ਕਰਕੇ ਜਹਿਰੀਲੀ ਬਿਮਾਰੀ ਪੈਦਾ ਹੋ ਗਈ ਹੈ।ਅਤੇ ਕਾਮਾਦਿਕ ਪੰਜ ਦੂਤ (ਮਨੁੱਖ ਦੇ) ਨਾਲ ਲੱਗੇ ਹੋਏ ਹਨ, ਜੋ ਕਾਬੂ ਹੋਣ ਵਾਲੇ ਨਹੀਂ।੩।(ਅਰਦਾਸ, ਹੇ ਪ੍ਰਭੂ!) ਸਾਰੇ ਜੀਵ ਤੇ ਸਾਰਾ ਜਹਾਨ ਤੇਰਾ ਪੈਦਾ ਕੀਤਾ ਹੋਇਆ ਹੈ ਅਤੇ ਪ੍ਰਾਣ ਤੇ ਧਨ ਆਦਿ ਸਭ ਕੁਛ ਤੇਰਾ ਦਿਤਾ ਹੋਇਆ ਹੈ।ਹੇ ਨਾਨਕ! ਤੂੰ ਹਰੀ ਨੂੰ ਸਦਾ ਨੇੜੇ ਸਮਝ।੪।੧।੧੯।

ਪਦਾਰਥ = ਹਾ ਹਾ–ਹਾਏ ਹਾਏ (ਸ਼ੋਕ ਤੇ ਪਸ਼ਚਾਤਾਪ ਦਾ ਵਾਕ)।ਪ੍ਰਭ–ਹੇ ਪ੍ਰਭੂ!।ਰਾਖਿ ਲੇਹੁ–(ਬਚਾ ਕੇ) ਰੱਖ ਲਵੋ।ਹਮ ਤੇ–ਅਸਾਂ (ਜੀਵਾਂ) ਤੋਂ।ਸੁਆਮੀ–ਹੇ ਮਾਲਕ ਪ੍ਰਭੂ!।ਦੇਹੁ–ਦੇਵੋ।੧।ਰਹਾਉ।ਅਗਨਿ–ਅੱਗ।ਕੁਟੰਬ–ਪ੍ਰਵਾਰ।ਅਗਿਆਨ–ਬੇਸਮਝੀ।ਅੰਧਾਰ–ਹਨ੍ਹੇਰਾ।੧।ਊਚ ਨੀਚ–ਉਚਾ ਨੀਵਾਂ (ਚੰਗਾ ਮੰਦਾ ਹੋਣ ਦਾ ਖਿਆਲ)।ਧ੍ਰਾਪਸਿ ਨਾਹੀ–ਰੱਜਦਾ ਨਹੀਂ।੨।ਮਨਿ–ਮਨ ਵਿਚ।ਬਾਸਨਾ–ਵਾਸ਼ਨਾ; ਇਛਾਵਾਂ।ਰਚਿ–ਬਣ (ਪੈਦਾ ਹੋ) ਗਈ।ਬਿਖੈ ਬਿਆਧਿ–ਜਹਿਰੀਲੀ ਬਿਮਾਰੀ (ਸ਼ਬਦਾਰਥ); ਵਿਸ਼ੇ ਵਿਕਾਰਾਂ ਦੇ ਕਾਰਣ ਰੋਗ ਪੈਦਾ ਹੋ ਗਏ।ਪੰਚ ਦੂਤ–ਪੰਜ ਕਾਮਾਦਿਕ ਵੈਰੀ।ਅਸਾਧ–ਕਾਬੂ ਨਾ ਹੋਣ ਵਾਲੇ।੩।ਜੀਅ–ਸਾਰੇ ਜੀਵ।ਜਹਾਨੁ–ਸੰਸਾਰ।ਪ੍ਰਾਨ–ਜੀਵਾਂ ਦੀ ਜਿੰਦ ਜਾਨ।ਨਾਨਕ–ਹੇ ਨਾਨਕ!।ਜਾਨੁ–ਸਮਝ।ਨੇਰਾ–ਨੇੜੇ (ਹਾਜਰ ਨਾਜਰ)।੪।੧।੧੯।

ਧਨਾਸਰੀ ਮਹਲਾ ੫ ॥ ਦੀਨ ਦਰਦ ਨਿਵਾਰਿ ਠਾਕੁਰ, ਰਾਖੈ ਜਨ ਕੀ ਆਪਿ ॥ ਤਰਣ ਤਾਰਣ ਹਰਿ ਨਿਧਿ, ਦੂਖੁ ਨ ਸਕੈ ਬਿਆਪਿ ॥੧॥ ਸਾਧੂ ਸੰਗਿ ਭਜਹੁ ਗੁਪਾਲ ॥ ਆਨ ਸੰਜਮ ਕਿਛੁ ਨ ਸੂਝੈ, ਇਹ ਜਤਨ ਕਾਟਿ ਕਲਿ ਕਾਲ ॥ਰਹਾਉ॥ ਆਦਿ ਅੰਤਿ ਦਇਆਲ ਪੂਰਨ, ਤਿਸੁ ਬਿਨਾ ਨਹੀ ਕੋਇ ॥ ਜਨਮ ਮਰਣ ਨਿਵਾਰਿ ਹਰਿ ਜਪਿ, ਸਿਮਰਿ ਸੁਆਮੀ ਸੋਇ ॥੨॥ ਬੇਦ ਸਿਮ੍ਰਿਤਿ ਕਥੈ ਸਾਸਤ, ਭਗਤ ਕਰਹਿ ਬੀਚਾਰੁ ॥ ਮੁਕਤਿ ਪਾਈਐ ਸਾਧ ਸੰਗਤਿ, ਬਿਨਸਿ ਜਾਇ ਅੰਧਾਰੁ ॥੩॥ ਚਰਨ ਕਮਲ ਅਧਾਰੁ ਜਨ ਕਾ, ਰਾਸਿ ਪੂੰਜੀ ਏਕ ॥ ਤਾਣੁ ਮਾਣੁ ਦੀਬਾਣੁ ਸਾਚਾ, ਨਾਨਕ ਕੀ ਪ੍ਰਭ ਟੇਕ ॥੪॥੨॥੨੦॥ (ਹੇ ਭਾਈ!) ਪ੍ਰਮਾਤਮਾ ਗਰੀਬਾਂ ਦਾ ਦੁਖ ਦਰਦ ਦੂਰ ਕਰਕੇ ਅਪਣੇ ਦਾਸਾਂ ਦੀ ਆਪ ਲਾਜ ਰੱਖਦਾ ਹੈ।ਸੰਸਾਰ ਸਮੁੰਦਰ ਤੋਂ ਤਾਰਨ ਲਈ ਹਰੀ ਦਾ ਨਾਮ ਜਹਾਜ ਰੂਪ ਹੈ ਅਤੇ (ਸਾਰੇ ਸੁੱਖਾਂ ਦਾ) ਖਜਾਨਾ ਹੈ, (ਉਸ ਦਾ ਨਾਮ ਜਪਣ ਨਾਲ ਦਾਸਾਂ ਨੂੰ ਕੋਈ) ਦੁਖ ਨਹੀਂ ਲਗ ਸਕਦਾ।੧।(ਹੇ ਭਾਈ!) ਸਾਧੂਆਂ ਦੀ ਸੰਗਤ ਵਿਚ ਪ੍ਰਭੂ ਦਾ ਭਜਨ ਕਰੋ।(ਦੁਖ ਦੂਰ ਕਰਨ ਦਾ ਜਪ ਤਪ ਆਦਿ) ਹੋਰ ਕੋਈ ਉਪਾਉ ਨਹੀਂ ਸੁਝਦਾ, (ਨਾਮ ਜਪਣ ਵਾਲਾ) ਇਹ ਜਤਨ ਕਰਕੇ ਕਲਜੁਗ ਦਾ (ਦੁਖ ਦਾਈ) ਸਮਾਂ ਕੱਟ (ਦੂਰ ਕਰ) ਲੈ।ਰਹਾਉ।(ਹੇ ਭਾਈ! ਸ੍ਰਿਸਟੀ ਦੇ) ਸ਼ੁਰੂ ਵਿਚ ਅਤੇ ਅੰਤ ਵਿਚ ਜੀਵਾਂ ਉਤੇ ਦਇਆ ਕਰਨ ਵਾਲਾ ਪ੍ਰਭੂ ਪਰੀ ਪੂਰਨ (ਵਿਆਪਕ) ਹੈ, ਉਸ ਤੋਂ ਬਿਨਾ (ਉਸ ਵਰਗਾ ਦੂਜਾ ਹੋਰ) ਕੋਈ ਨਹੀਂ।(ਹੇ ਭਾਈ! ਤੂੰ) ਉਸ ਮਾਲਕ ਪ੍ਰਭੂ ਦਾ ਸਿਮਰਨ ਕਰਿਆ ਕਰ, (ਉਸ) ਹਰੀ ਦਾ ਨਾਮ ਜਪ ਕੇ (ਤੂੰ ਅਪਣਾ) ਜਨਮ ਮਰਨ ਦਾ ਗੇੜ ਦੂਰ ਕਰ ਲੈ।੨।ਚਾਰੇ ਬੇਦ, ਸਤਾਈ ਸਿਮ੍ਰਤੀਆਂ ਛੇ ਸ਼ਾਸਤ੍ਰ ਆਖਦੇ ਹਨ ਅਤੇ ਭਗਤ ਲੋਕ ਵੀ ਵਿਚਾਰ ਕਰਦੇ ਹਨ।ਕਿ ਮੁਕਤੀ ਸਾਧ ਸੰਗਤ ਵਿਚ ਪ੍ਰਾਪਤ ਹੁੰਦੀ ਹੈ ਅਤੇ ਅਗਿਆਨਤਾ ਦਾ ਹਨ੍ਹੇਰਾ (ਵੀ ਸਾਧ ਸੰਗਤ ਵਿਚ ਹੀ) ਮਿਟ ਜਾਂਦਾ ਹੈ।੩।(ਹੇ ਭਾਈ!) ਪ੍ਰਭੂ ਦੇ ਚਰਨ ਕਮਲ ਦਾਸਾਂ ਦਾ ਆਸਰਾ ਹਨ, ਇਕ (ਚਰਨਾਂ ਦਾ ਆਸਰਾ ਹੀ ਉਨ੍ਹਾਂ ਦੀ) ਰਾਸ਼ੀ ਤੇ ਪੂੰਜੀ ਹੈ।(ਉਨ੍ਹਾਂ ਦਾ) ਬਲ, ਮਾਣ ਤੇ ਆਸਰਾ ਸੱਚਾ ਪ੍ਰਭੂ ਹੀ ਹੈ, (ਉਹ ਹੀ) ਪ੍ਰਭੂ ਨਾਨਕ ਦੀ ਟੇਕ ਹੈ।੪।੨।੨੦।

ਪਦਾਰਥ = ਦੀਨ–ਗਰੀਬਾਂ ਅਨਾਥਾਂ ਦਾ।ਨਿਵਾਰਿ–ਦੂਰ ਕਰਕੇ।ਜਨ ਕੀ–ਦਾਸਾਂ ਦੀ।ਰਾਖੈ–ਲਾਜ ਰੱਖਦਾ ਹੈ।ਤਰਣ–ਜਹਾਜ।ਤਾਰਣ –ਤਾਰਨ ਲਈ।ਨਿਧਿ–ਖਜਾਨਾ।ਨ ਸਕੈ ਬਿਆਪਿ–ਲਗ ਨਹੀਂ ਸਕਦਾ।੧।ਸਾਧੂ ਸੰਗਿ–ਸਾਧੂਆਂ ਦੀ ਸੰਗਤ ਵਿਚ; ਸ੍ਰੇਸਟ ਗੁਰੂ ਦਾ ਸੰਗ ਕਰਕੇ।ਭਜਹੁ–ਸਿਮਰੋ।ਗੁਪਾਲ–ਧਰਤੀ ਦੀ ਪਾਲਣਾ ਕਰਨ ਵਾਲਾ ਪ੍ਰਮਾਤਮਾ।ਆਨ–ਹੋਰ।ਸੰਜਮ–ਉਪਾਉ; ਤਰੀਕਾ।ਨ ਸੂਝੈ– ਨਹੀਂ ਦਿਸਦਾ।ਕਾਟਿ–ਕੱਟ ਲੈ।ਕਲਿ–ਕਲਜੁਗ।ਕਾਲ–ਸਮਾਂ।ਰਹਾਉ।ਆਦਿ–ਸ੍ਰਿਸਟੀ ਦੇ ਸ਼ੁਰੂ ਵਿਚ।ਅੰਤਿ–ਸ੍ਰਿਸਟੀ ਦੇ ਅੰਤ ਵਿਚ ।ਪੂਰਨ–ਸਰਬ ਵਿਆਪਕ।ਨਿਵਾਰਿ–ਦੂਰ ਕਰ ਲੈ।ਜਪਿ–ਜਪ ਕੇ।ਸਿਮਰਿ–ਸਿਮਰਿਆ ਕਰ।ਸੋਇ–ਉਸ ਦਾ।੨।ਕਥੈ–ਕਹਿੰਦੇ ਹਨ

।ਕਰਹਿ–ਕਰਦੇ ਹਨ।ਮੁਕਤਿ–ਜਨਮ ਮਰਣ ਤੋਂ ਛੁਟਕਾਰਾ।ਬਿਨਸਿ ਜਾਇ–ਮਿਟ ਜਾਂਦਾ ਹੈ।ਅੰਧਾਰੁ–ਹਨ੍ਹੇਰਾ।੩।ਚਰਨ ਕਮਲ–ਕਮਲ ਫੁੱਲ ਵਰਗੇ ਕੋਮਲ ਤੇ ਸੁੰਦਰ ਚਰਨ।ਅਧਾਰੁ–ਆਸਰਾ।ਜਨ ਕਾ–ਦਾਸਾਂ ਦਾ।ਰਾਸਿ ਪੂੰਜੀ–ਖ੍ਰੀਦਿਆ ਹੋਇਆ ਮਾਲ ਤੇ ਮੂਲ ਧਨ (ਮ.ਕੋ.)।ਏਕ–ਇਕ (ਆਸਰਾ)।ਤਾਣੁ–(ਮਾਨਸਕ) ਬਲ।ਮਾਣੁ–ਆਦਰ।ਦੀਬਾਣੁ–ਆਸਰਾ।ਸਾਚਾ–ਸੱਚਾ ਪ੍ਰਭੂ।੪।੨।੨੦।

ਅੰਗ ੬੭੬ = ਧਨਾਸਰੀ ਮਹਲਾ ੫ ॥ ਫਿਰਤ ਫਿਰਤ ਭੇਟੇ ਜਨ ਸਾਧੂ ,ਪੂਰੈ ਗੁਰਿ ਸਮਝਾਇਆ ॥ ਆਨ ਸਗਲ ਬਿਧਿ ਕਾਂਮਿ ਨ ਆਵੈ, ਹਰਿ ਹਰਿ ਨਾਮੁ ਧਿਆਇਆ ॥੧॥ ਤਾ ਤੇ ਮੋਹਿ ਧਾਰੀ ਓਟ ਗੋਪਾਲ ॥ ਸਰਨਿ ਪਰਿਓ ਪੂਰਨ ਪਰਮੇਸੁਰ, ਬਿਨਸੇ ਸਗਲ ਜੰਜਾਲ ॥ਰਹਾਉ॥ ਸੁਰਗ ਮਿਰਤ ਪਇਆਲ ਭੂ ਮੰਡਲ, ਸਗਲ ਬਿਆਪੇ ਮਾਇ ॥ ਜੀਅ ਉਧਾਰਨ ਸਭ ਕੁਲ ਤਾਰਨ, ਹਰਿ ਹਰਿ ਨਾਮੁ ਧਿਆਇ ॥੨॥ ਨਾਨਕ ਨਾਮੁ ਨਿਰੰਜਨੁ ਗਾਈਐ, ਪਾਈਐ ਸਰਬ ਨਿਧਾਨਾ ॥ ਕਰਿ ਕਿਰਪਾ ਜਿਸੁ ਦੇਇ ਸੁਆਮੀ, ਬਿਰਲੇ ਕਾਹੂ ਜਾਨਾ ॥੩॥੩॥੨੧॥ (ਹੇ ਭਾਈ!) ਫਿਰਦਿਆਂ ਫਿਰਦਿਆਂ (ਬਹੁਤ ਖੋਜ ਕਰਨ ਪਿੱਛੋਂ) ਸ੍ਰੇਸਟ ਪੁਰਖ ਸਤਿਗੁਰੂ ਮਿਲੇ ਅਤੇ ਪੂਰੇ ਗੁਰੂ ਨੇ ਮੈਨੂੰ ਸਮਝਾਇਆ (ਇਹ ਗਿਆਨ ਬਖਸ਼ਿਆ।ਕਿ) ਹੋਰ ਸਭ ਤਰੀਕੇ (ਜੁਗਤੀਆਂ ਕਿਸੇ) ਕੰਮ ਨਹੀਂ ਆਉਂਦੀਆਂ, (ਇਸ ਲਈ ਹੁਣ ਮੈਂ) ਹਰੀ ਦਾ ਨਾਮ ਹੀ ਧਿਆਇਆ ਹੈ।੧।ਇਸ ਕਰਕੇ ਮੈਂ ਧਰਤੀ ਦੇ ਪਾਲਣਹਾਰ ਪ੍ਰਭੂ ਦਾ ਆਸਰਾ ਧਾਰਨ ਕੀਤਾ ਹੈ।ਮੈਂ ਪੂਰਨ ਪ੍ਰਮੇਸਰ ਦੀ ਸ਼ਰਨ ਵਿਚ ਪਿਆ ਹਾਂ, (ਹੁਣ ਮੇਰੇ ਮਾਇਆ ਦੇ) ਸਾਰੇ ਜੰਜਾਲ ਨਾਸ਼ ਹੋ ਗਏ ਹਨ।ਰਹਾਉ।ਦੇਵ ਲੋਕ, ਮਾਤ ਲੋਕ (ਸੰਸਾਰ), ਪਤਾਲ ਲੋਕ ਅਤੇ ਸ੍ਰਿਸਟੀ ਸਭ ਮਾਇਆ ਵਿਚ ਫਸੇ ਹੋਏ ਹਨ।(ਮੈਂ ਅਪਣੀ) ਜੀਵਾਤਮਾ ਦਾ ਉਧਾਰ ਕਰਨ ਲਈ ਅਤੇ ਸਾਰੇ ਖਾਨਦਾਨ ਦੇ ਤਾਰਨ ਵਾਸਤੇ ਹਰੀ ਦਾ ਨਾਮ ਸਿਮਰਿਆ ਹੈ।੨।ਨਾਨਕ ਗੁਰੂ ਜੀ ਆਖਦੇ ਹਨ ਕਿ ਮਾਇਆ ਤੋਂ ਰਹਿਤ ਪ੍ਰਭੂ ਦੇ ਨਾਮ ਨੂੰ ਗਾਉਣਾ ਚਾਹੀਦਾ ਹੈ, (ਜਿਸ ਦੀ ਬਰਕਤ ਨਾਲ) ਸਾਰੇ ਖਜਾਨੇ ਪਾ ਲਈਦੇ ਹਨ।(ਪਰ) ਮਾਲਕ ਪ੍ਰਭੂ ਜਿਸ ਨੂੰ ਕ੍ਰਿਪਾ ਕਰਕੇ (ਨਾਮ ਖਜਾਨਾ) ਦੇਂਦਾ ਹੈ, ਉਸ ਕਿਸੇ ਵਿਰਲੇ ਮਨੁੱਖ ਨੇ (ਨਾਮ ਨੂੰ) ਜਾਣਿਆ ਹੈ।੩।੩।੨੧।

ਪਦਾਰਥ = ਫਿਰਤ ਫਿਰਤ–ਫਿਰਦਿਆਂ ਫਿਰਦਿਆਂ; ਭ੍ਰਮਦਿਆਂ ਭ੍ਰਮਦਿਆਂ।ਜਨ ਸਾਧੂ–ਸ੍ਰੇਸਟ ਪੁਰਖ ਸਤਿਗੁਰੂ।ਪੂਰੈ ਗੁਰਿ–ਪੂਰੇ ਗੁਰੂ ਨੇ।ਆਨ–ਹੋਰ।ਸਗਲ ਬਿਧਿ–ਸਾਰੇ ਤਰੀਕੇ।ਕਾਂਮਿ–ਕੰਮ ਵਿਚ।੧।ਤਾ ਤੇ–ਇਸ ਕਰਕੇ।ਮੋਹਿ–ਮੈਂ।ਧਾਰੀ–ਧਾਰਨ ਕੀਤੀ।ਓਟ –ਆਸਰਾ।ਪਰਿਓ–ਪਿਆ ਹਾਂ।ਬਿਨਸੇ–ਨਾਸ਼ ਹੋ ਗਏ।ਜੰਜਾਲ–ਬੰਧਨ; ਫਾਹੇ।ਰਹਾਉ।ਸੁਰਗ–ਦੇਵ ਲੋਕ।ਮਿਰਤ–ਮਾਤ ਲੋਕ; ਜਮ ਲੋਕ।ਪਇਆਲ–ਪਤਾਲ ਲੋਕ।ਭੂ ਮੰਡਲ–ਸਾਰੀਆਂ ਧਰਤੀਆਂ।ਸਗਲ–ਸਾਰੇ।ਬਿਆਪੇ–ਫਸੇ ਹੋਏ ਹਨ।ਮਾਇ–ਮਾਇਆ ਵਿਚ। ਜੀਅ–ਜੀਵਾਤਮਾ।ਉਧਾਰਨ–ਬਚਾਉਣ ਲਈ।ਤਾਰਨ–ਤਾਰਨ ਵਾਸਤੇ।੨।ਨਿਰੰਜਨੁ–ਮਾਇਆ ਤੋਂ ਰਹਿਤ (ਨਿਰਲੇਪ)।ਨਿਧਾਨਾ–ਖਜਾਨੇ; ਬਰਕਤਾਂ।ਦੇਇ–ਦੇਂਦਾ ਹੈ।ਬਿਰਲੇ ਕਾਹੂ–ਕਿਸੇ ਵਿਰਲੇ ਮਨੁੱਖ ਨੇ।ਜਾਨਾ–ਜਾਣਿਆ; ਸਮਝਿਆ।੩।੩।੨੧।

ਧਨਾਸਰੀ ਮਹਲਾ ੫ ਘਰੁ ੨ ਚਉਪਦੇ ੴ ਸਤਿਗੁਰ ਪ੍ਰਸਾਦਿ ॥ ਛੋਡਿ ਜਾਹਿ ਸੇ ਕਰਹਿ ਪਰਾਲ ॥ ਕਾਮਿ ਨ ਆਵਹਿ ਸੇ ਜੰਜਾਲ ॥ ਸੰਗਿ ਨ ਚਾਲਹਿ ਤਿਨ ਸਿਉ ਹੀਤ ॥ ਜੋ ਬੈਰਾਈ ਸੇਈ ਮੀਤ ॥੧॥ ਐਸੇ ਭਰਮਿ ਭੁਲੇ ਸੰਸਾਰਾ ॥ ਜਨਮੁ ਪਦਾਰਥੁ ਖੋਇ ਗਵਾਰਾ ॥ਰਹਾਉ॥ ਸਾਚੁ ਧਰਮੁ ਨਹੀ ਭਾਵੈ ਡੀਠਾ ॥ ਝੂਠ ਧੋਹ ਸਿਉ ਰਚਿਓ ਮੀਠਾ ॥ ਦਾਤਿ ਪਿਆਰੀ ਵਿਸਰਿਆ ਦਾਤਾਰਾ ॥ ਜਾਣੈ ਨਾਹੀ ਮਰਣੁ ਵਿਚਾਰਾ ॥੨॥ ਵਸਤੁ ਪਰਾਈ ਕਉ ਉਠਿ ਰੋਵੈ ॥ ਕਰਮ ਧਰਮ ਸਗਲਾ ਈ ਖੋਵੈ ॥ ਹੁਕਮੁ ਨ ਬੂਝੈ ਆਵਣ ਜਾਣੇ ॥ ਪਾਪ ਕਰੈ ਤਾ ਪਛੋਤਾਣੇ ॥੩॥ ਜੋ ਤੁਧੁ ਭਾਵੈ ਸੋ ਪਰਵਾਣੁ ॥ ਤੇਰੇ ਭਾਣੇ ਨੋ ਕੁਰਬਾਣੁ ॥ ਨਾਨਕੁ ਗਰੀਬੁ ਬੰਦਾ ਜਨੁ ਤੇਰਾ ॥ ਰਾਖਿ ਲੇਇ ਸਾਹਿਬੁ ਪ੍ਰਭੁ ਮੇਰਾ ॥੪॥੧॥੨੨॥ (ਹੇ ਭਾਈ! ਕਈ ਲੋਕ) ਉਹ ਬਿਅਰਥ ਕੰਮ ਕਰਦੇ ਹਨ।(ਜਿਨ੍ਹਾਂ ਨੂੰ ਉਹ) ਇਥੇ ਹੀ ਛਡ ਕੇ ਚਲੇ ਜਾਂਦੇ ਹਨ।ਉਹ ਧੰਧੇ ਕਰਦਾ ਹੈ, ਜਿਹੜੇ ਕੰਮ ਨਹੀਂ ਆਉਂਦੇ।(ਜਿਹੜੇ ਸਬੰਧੀ ਅੰਤ ਸਮੇਂ) ਨਾਲ ਨਹੀਂ ਚਲਦੇ, ਉਨ੍ਹਾਂ ਨਾਲ ਪ੍ਰੇਮ ਕਰਦਾ ਹੈ।ਜਿਹੜੇ (ਕਾਮਾਦਿਕ) ਵੈਰੀ ਹਨ, ਉਹ ਹੀ (ਇਸ ਮਨੁੱਖ ਨੇ) ਮਿਤ੍ਰ ਬਣਾਏ ਹੋਏ ਹਨ।੧।(ਹੇ ਭਾਈ!) ਅਜੇਹੇ ਭਰਮ ਵਿਚ ਸੰਸਾਰ (ਦੇ ਜੀਵ) ਭੁੱਲੇ (ਕੁਰਾਹੇ ਪਏ) ਹੋਏ ਹਨ।ਮੂਰਖ ਲੋਕ ਅਮੋਲਕ ਜਨਮ ਪਦਾਰਥ ਨੂੰ ਗੁਆ ਰਹੇ ਹਨ।ਰਹਾਉ।(ਹੇ ਭਾਈ! ਮੂਰਖ ਮਨੁੱਖ) ਸੱਚ ਅਤੇ ਧਰਮ ਨੂੰ ਦੇਖਣਾ ਨਹੀਂ ਪਸੰਦ ਨਹੀਂ ਕਰਦਾ।ਝੂਠ ਅਤੇ ਧੋਖੇ ਨੂੰ ਮਿੱਠਾ ਸਮਝ ਕੇ ਇਨ੍ਹਾਂ ਨਾਲ ਰਚਿਆ ਰਹਿੰਦਾ ਹੈ।(ਇਸ ਨੂੰ ਪ੍ਰਭੂ ਦੀ ਦਿਤੀ) ਦਾਤ ਪਿਆਰੀ ਲਗਦੀ ਹੈ, (ਪਰ) ਦਾਤਾਂ ਦੇਣ ਵਾਲਾ ਪ੍ਰਭੂ ਭੁੱਲਿਆ ਹੋਇਆ ਹੈ। ਵਿਚਾਰਾ (ਮੂਰਖ ਮਨੁੱਖ) ਮੌਤ ਨੂੰ ਜਾਣਦਾ ਨਹੀਂ (ਕਿ ਕਦ ਆ ਜਾਣੀ ਹੈ)।੨।ਪਰਾਈ ਵਸਤੂ ਲਈ (ਜੋ ਅਪਣੀ ਨਹੀਂ, ਨਿਤ) ਉਠ ਕੇ ਰੋਂਦਾ ਹੈ (ਉਸ ਨੂੰ ਹਾਸਲ ਕਰਨ ਦਾ ਜਤਨ ਕਰਦਾ ਹੈ।ਇਉਂ ਅਪਣਾ) ਧਰਮ ਕਰਮ ਸਾਰਾ ਹੀ ਗੁਆ ਲੈਂਦਾ ਹੈ।ਰੱਬ ਦਾ ਹੁਕਮ ਨਹੀਂ ਬੁੱਝਦਾ,(ਇਸ ਕਰਕੇ) ਜਨਮ ਮਰਨ ਦੇ ਗੇੜ ਵਿਚ ਪਿਆ ਰਹਿੰਦਾ ਹੈ।(ਨਿਤ) ਪਾਪ ਕਰਦਾ ਹੈ, (ਪਰ ਜਦ ਉਸ ਦਾ ਫਲ ਭੋਗਦਾ ਹੈ), ਤਾਂ ਪਛਤਾਉਂਦਾ ਹੈ।੩।(ਹੇ ਪ੍ਰਭੂ!) ਜੋ ਤੈਨੂੰ ਚੰਗਾ ਲਗਦਾ ਹੈ, ਮੈਨੂੰ ਉਹ ਹੀ ਪ੍ਰਵਾਨ ਹੈ।ਮੈਂ ਤੇਰੇ ਭਾਣੇ ਤੋਂ ਕੁਰਬਾਨ ਹਾਂ।ਨਾਨਕ ਗਰੀਬ ਬੰਦਾ ਤੇਰਾ ਦਾਸ ਹੈ।ਮੇਰਾ ਸਾਹਿਬ ਪ੍ਰਭੂ (ਅਪਣੇ ਦਾਸਾਂ ਨੂੰ ਬਚਾ ਕੇ) ਰੱਖ ਲੈਂਦਾ ਹੈ।੪।੧।੨੨।

ਪਦਾਰਥ = ਜਾਹਿ–ਜਾਂਦੇ ਹਨ।ਸੇ–ਉਹ।ਕਰਹਿ–ਕਰਦੇ ਹਨ।ਪਰਾਲ–ਪਰਾਲੀ (ਧਾਨਾਂ ਦੀ ਨਾੜ); ਫਲ ਰਹਿਤ (ਬਿਅਰਥ) ਕੰਮ। ਕਾਮਿ–ਕੰਮ।ਜੰਜਾਲ–ਧੰਧੇ।ਸੰਗਿ–ਨਾਲ।ਤਿਨ ਸਿਉ–ਉਨ੍ਹਾਂ ਨਾਲ।ਹੀਤ–ਪ੍ਰੇਮ।ਬੈਰਾਈ–ਵੈਰੀ।ਸੇਈ–ਉਹ ਹੀ।ਮੀਤ–ਮਿਤ੍ਰ।੧।

ਭਰਮਿ–ਭਰਮ ਵਿਚ। ਭੁਲੇ–ਭੁੱਲੇ (ਕੁਰਾਹੇ ਪਏ) ਹੋਏ ਹਨ। ਸੰਸਾਰਾ–ਸੰਸਾਰ (ਦੇ ਜੀਵ)। ਖੋਇ–ਗੁਆ ਰਹੇ ਹਨ। ਗਵਾਰਾ–ਮੂਰਖ। ਰਹਾਉ। ਸਾਚੁ ਧਰਮੁ–ਸੱਚ ਅਤੇ ਧਰਮ। ਨਹੀ ਭਾਵੈ–ਪਸੰਦ ਨਹੀਂ ਕਰਦਾ; ਚੰਗਾ ਨਹੀਂ ਲਗਦਾ। ਡੀਠਾ–ਦੇਖਣਾ। ਧੋਹ–ਧੋਖਾ; ਠੱਗੀ। ਰਚਿਓ ਮੀਠਾ–ਮਿੱਠਾ ਸਮਝ ਕੇ ਮਗਨ ਰਹਿੰਦਾ ਹੈ। ਵਿਸਰਿਆ–ਭੁੱਲਿਆ ਹੋਇਆ ਹੈ। ਮਰਣੁ–ਮੌਤ ਨੂੰ। ੨। ਵਸਤੁ–ਚੀਜ। ਕਉ–ਲਈ। ਉਠਿ–ਉਠ ਕੇ। ਰੋਵੈ–ਰੋਂਦਾ (ਜਤਨ ਕਰਦਾ) ਹੈ। ਸਗਲਾ ਈ–ਸਾਰਾ ਹੀ। ਆਵਣ ਜਾਣੇ–ਆਉਣ ਜਾਣ (ਜਨਮ ਮਰਨ) ਦਾ ਗੇੜ। ਤਾ–ਤਾਂ। ੩। ਤੁਧੁ–ਤੈਨੂੰ। ਸੋ–ਉਹ। ਨੋ–ਨੂੰ (ਤੋਂ)। ਬੰਦਾ–ਮਨੁੱਖ। ਜਨੁ–ਦਾਸ। ਸਾਹਿਬੁ ਪ੍ਰਭੁ–ਮਾਲਕ ਪ੍ਰਭੂ। ੪। ੧। ੨੨।

ਧਨਾਸਰੀ ਮਹਲਾ ੫ ॥ ਮੋਹਿ ਮਸਕੀਨ ਪ੍ਰਭੁ ਨਾਮੁ ਅਧਾਰੁ ॥ ਖਾਟਣ ਕਉ ਹਰਿ ਹਰਿ ਰੋਜਗਾਰੁ ॥ ਸੰਚਣ ਕਉ ਹਰਿ ਏਕੋ ਨਾਮੁ ॥ ਹਲਤਿ ਪਲਤਿ ਤਾ ਕੈ ਆਵੈ ਕਾਮ ॥੧॥ ਨਾਮਿ ਰਤੇ ਪ੍ਰਭ ਰੰਗਿ ਅਪਾਰ ॥ ਸਾਧ ਗਾਵਹਿ ਗੁਣ ਏਕ ਨਿਰੰਕਾਰ ॥ਰਹਾਉ॥ ਸਾਧ ਕੀ ਸੋਭਾ ਅਤਿ ਮਸਕੀਨੀ ॥ ਸੰਤ ਵਡਾਈ ਹਰਿ ਜਸੁ ਚੀਨੀ ॥ ਅਨਦੁ ਸੰਤਨ ਕੈ ਭਗਤਿ ਗੋਵਿੰਦ ॥ ਸੂਖੁ ਸੰਤਨ ਕੈ ਬਿਨਸੀ ਚਿੰਦ ॥੨॥ ਜਹ ਸਾਧ ਸੰਤਨ ਹੋਵਹਿ ਇਕਤ੍ਰ ॥ ਤਹ ਹਰਿ ਜਸੁ ਗਾਵਹਿ ਨਾਦ ਕਵਿਤ ॥ ਸਾਧ ਸਭਾ ਮਹਿ ਅਨਦ ਬਿਸ੍ਰਾਮ ॥ ਉਨ ਸੰਗੁ ਸੋ ਪਾਏ ਜਿਸੁ ਮਸਤਕਿ ਕਰਾਮ ॥੩॥ ਦੁਇ ਕਰ ਜੋੜਿ ਕਰੀ ਅਰਦਾਸਿ ॥ ਚਰਨ ਪਖਾਰਿ ਕਹਾਂ ਗੁਣਤਾਸ ॥ ਪ੍ਰਭ ਦਇਆਲ ਕਿਰਪਾਲ ਹਜੂਰਿ ॥ ਨਾਨਕੁ ਜੀਵੈ ਸੰਤਾ ਧੂਰਿ ॥੪॥੨॥੨੩॥ (ਹੇ ਭਾਈ!) ਪ੍ਰਭੂ ਦਾ ਨਾਮ ਹੀ ਮੇਰੇ ਨਿਮਾਣੇ ਦਾ ਆਸਰਾ ਹੈ। ਹਰੀ ਦਾ ਨਾਮ ਮੇਰੇ ਲਈ ਖੱਟਣ ਕਮਾਉਣ ਲਈ ਰੋਜਗਾਰ ਹੈ। ਜੋੜਨ (ਜਮ੍ਹਾ ਕਰਨ) ਲਈ ਧਨ ਵੀ ਇਕੋ ਹਰੀ ਦਾ ਨਾਮ ਹੈ। (ਜੋ ਮਨੁੱਖ ਇਹ ਨਾਮ ਜਪਦਾ ਹੈ) ਇਸ ਲੋਕ ਤੇ ਪ੍ਰਲੋਕ ਵਿਚ ਉਸ ਦੇ ਕੰਮ ਆਉਂਦਾ (ਸਹਾਇਤਾ ਕਰਦਾ) ਹੈ। ੧। (ਹੇ ਭਾਈ! ਸਾਧੂ ਜਨ) ਪ੍ਰਭੂ ਦੇ ਨਾਮ ਵਿਚ ਤੇ (ਉਸ ਦੇ) ਬੇਅੰਤ ਪ੍ਰੇਮ ਵਿਚ ਰੰਗੇ ਹੋਏ ਹਨ। ਸਾਧੂ ਜਨ ਇਕ ਨਿਰੰਕਾਰ ਦੇ ਹੀ ਗੁਣ ਗਾਉਂਦੇ ਹਨ। ਰਹਾਉ। ਅਤਿਅੰਤ ਨਿਮ੍ਰਤਾ ਹੋਣ ਕਰਕੇ ਸਾਧੂਆਂ ਦੀ ਸੋਭਾ ਹੁੰਦੀ ਹੈ। ਸੰਤਾਂ ਦੀ ਵਡਿਆਈ ਹਰੀ ਦੀ ਉਸਤਤ ਕਰਨ ਕਰਕੇ ਜਾਣੀ ਜਾਂਦੀ ਹੈ। ਗੋਵਿੰਦ ਦੀ ਭਗਤੀ ਕਰਨ ਕਰਕੇ ਸੰਤਾਂ ਦੇ ਮਨ ਵਿਚ ਅਨੰਦ ਹੁੰਦਾ ਹੈ। ਸੰਤਾਂ ਦੇ ਲਈ ਸੁਖ ਇਹ ਹੈ ਕਿ (ਉਨ੍ਹਾਂ ਦੇ ਅੰਦਰੋਂ) ਚਿੰਤਾ ਨਾਸ਼ ਹੋ ਜਾਂਦੀ ਹੈ। ੨। (ਹੇ ਭਾਈ!) ਜਿਥੇ ਸਾਧੂ ਸੰਤ ਇਕੱਠੇ ਹੁੰਦੇ ਹਨ। ਉਥੇ (ਉਹ) ਸਾਜ ਵਜਾ ਕੇ ਅਤੇ ਕਵਿਤਾ ਪੜ੍ਹ ਕੇ ਹਰੀ ਦਾ ਜਸ ਗਾਉਂਦੇ ਹਨ। ਸਾਧੂਆਂ ਦੀ ਸਭਾ ਵਿਚ ਅਨੰਦ ਤੇ ਮਨ ਦੀ ਸ਼ਾਂਤੀ ਹੈ। ਉਨ੍ਹਾਂ ਦੀ ਸੰਗਤ ਉਹ ਮਨੁੱਖ ਪ੍ਰਾਪਤ ਕਰਦਾ ਹੈ, ਜਿਸ ਦੇ ਮੱਥੇ ਉਤੇ ਚੰਗੇ ਕਰਮ (ਭਾਗ) ਲਿਖੇ ਹੋਏ ਹੋਣ। ੩। (ਮਨ ਤੇ ਬੁੱਧੀ ਰੂਪ) ਦੋਵੇਂ ਹੱਥ ਜੋੜ ਕੇ ਅਰਦਾਸ ਕਰਦਾ ਹਾਂ। (ਕਿ ਸੰਤਾਂ ਦੇ) ਚਰਨ ਧੋ ਕੇ ਗੁਣਾਂ ਦੇ ਭੰਡਾਰ ਹਰੀ ਦਾ ਜਸ ਉਚਾਰਦਾ ਰਹਾਂ। (ਜਿਹੜੇ ਸੰਤ) ਦਇਆ ਦੇ ਘਰ ਕ੍ਰਿਪਾ ਕਰਨ ਵਾਲੇ ਪ੍ਰਭੂ ਦੀ ਹਜ਼ੂਰੀ ਵਿਚ ਟਿਕੇ ਰਹਿੰਦੇ ਹਨ। (ਉਨ੍ਹਾਂ) ਸੰਤਾਂ ਦੀ ਚਰਨ ਧੂੜ ਦੇ ਆਸਰੇ ਨਾਨਕ ਜਿਉਂਦਾ ਹੈ। ੪। ੨। ੨੩।

ਪਦਾਰਥ = ਮੋਹਿ–ਮੇਰੇ; ਮੈਨੂੰ। ਮਸਕੀਨ–ਗਰੀਬ (ਨਿਮਾਣੇ) ਦਾ। ਅਧਾਰੁ–ਆਸਰਾ। ਖਾਟਣ ਕਉ–ਖੱਟਣ ਕਮਾਉਣ ਲਈ। ਰੋਜਗਾਰ–ਰੋਜੀ ਰੋਟੀ। ਸੰਚਣ ਕਉ–ਜਮ੍ਹਾ ਕਰਨ ਲਈ। ਹਲਤਿ–ਇਸ ਲੋਕ ਵਿਚ। ਪਲਤਿ–ਪ੍ਰਲੋਕ ਵਿਚ। ਤਾ ਕੈ–ਉਸ (ਮਨੁੱਖ) ਦੇ। ਕਾਮਿ–ਕੰਮ। ੧। ਨਾਮਿ–ਨਾਮ ਵਿਚ। ਰਤੇ–ਰੰਗੇ ਹੋਏ। ਰੰਗਿ ਅਪਾਰ–ਅਥਾਹ ਪ੍ਰੇਮ ਵਿਚ। ਰਹਾਉ। ਅਤਿ–ਅਤਿਅੰਤ। ਮਸਕੀਨੀ–ਨਿਮ੍ਰਤਾ; ਗਰੀਬੀ। ਚੀਨੀ–ਜਾਣੀ ਜਾਂਦੀ ਹੈ। ਸੰਤਨ ਕੈ–ਸੰਤਾਂ ਦੇ ਹਿਰਦੇ ਵਿਚ। ਬਿਨਸੀ–ਨਾਸ਼ ਹੋ ਜਾਂਦੀ ਹੈ। ਚਿੰਦ–ਚਿੰਤਾ। ੨। ਜਹ–ਜਿੱਥੇ। ਹੋਵਹਿ ਇਕਤ੍ਰ–ਇਕੱਠੇ ਹੁੰਦੇ ਹਨ। ਤਹ–ਉਥੇ। ਗਾਵਹਿ–ਗਾਉਂਦੇ ਹਨ। ਨਾਦ–ਸਾਜ (ਵਜਾ ਕੇ)। ਕਵਿਤ–ਕਵਿਤਾ (ਪੜ੍ਹ ਕੇ)। ਮਹਿ–ਵਿਚ। ਬਿਸ੍ਰਾਮ–(ਮਨ ਦੀ) ਸ਼ਾਂਤੀ; (ਮਨ ਦਾ) ਟਿਕਾਉ। ਉਨ ਸੰਗੁ–ਉਨ੍ਹਾਂ ਦੀ ਸੰਗਤ। ਸੋ–ਉਹ। ਮਸਤਕਿ–ਮੱਥੇ ਉਤੇ। ਕਰਾਮ–ਕਰਮ (ਭਾਗ)। ੩। ਦੁਇ ਕਰ–ਦੋਵੇਂ ਹੱਥ। ਕਰੀ–ਕਰਦਾ ਹਾਂ। ਪਖਾਰਿ–ਧੋ ਕੇ। ਕਹਾਂ–ਉਚਾਰਦਾ ਰਹਾਂ। ਗੁਣਤਾਸ–ਗੁਣਾਂ ਦਾ ਭੰਡਾਰ ਪ੍ਰਭੂ। ਹਜੂਰਿ–ਹਜ਼ੂਰੀ ਵਿਚ। ਜੀਵੈ–ਜਿਉਂਦਾ ਹੈ। ਧੂਰਿ–ਚਰਨਾਂ ਦੀ ਧੂੜ। ੪। ੨। ੨੩।

ਅੰਗ ੬੭੭ = ਉਥਾਨਕਾ = ਪ੍ਰਿਥੀ ਚੰਦ ਦਾ ਪ੍ਰੇਰਿਆ ਜਦੋਂ ਸੁਲਹੀ ਖਾਨ ਅੰਮ੍ਰਿਤਸਰ ਤੇ ਚੜ੍ਹ ਕੇ ਆਇਆ ਤਾਂ ਸੰਗਤਾਂ ਡਰ ਗਈਆਂ। ਉਸ ਸਮੇਂ ਗੁਰੂ ਅਰਜਨ ਦੇਵ ਜੀ ਨੇ ਨਿਮਨ ਲਿਖਤ ਸ਼ਬਦ ਉਚਾਰ ਕੇ ਸੰਗਤਾਂ ਨੂੰ ਹੌਸਲਾ ਦਿਤਾ (ਟਕਸਾਲ)

ਧਨਾਸਰੀ ਮਃ ੫ ॥ ਸੋ ਕਤ ਡਰੈ ਜਿ ਖਸਮੁ ਸਮ੍ਹਾਰੈ ॥ ਡਰਿ ਡਰਿ ਪਚੇ ਮਨਮੁਖ ਵੇਚਾਰੇ ॥੧॥ਰਹਾਉ॥ ਸਿਰ ਊਪਰਿ ਮਾਤ ਪਿਤਾ ਗੁਰਦੇਵ ॥ ਸਫਲ ਮੂਰਤਿ ਜਾ ਕੀ ਨਿਰਮਲ ਸੇਵ ॥ ਏਕੁ ਨਿਰੰਜਨੁ ਜਾ ਕੀ ਰਾਸਿ ॥ ਮਿਲਿ ਸਾਧ ਸੰਗਤਿ ਹੋਵਤ ਪਰਗਾਸ ॥੧॥ ਜੀਅਨ ਕਾ ਦਾਤਾ ਪੂਰਨ ਸਭ ਠਾਇ ॥ ਕੋਟਿ ਕਲੇਸ ਮਿਟਹਿ ਹਰਿ ਨਾਇ ॥ ਜਨਮ ਮਰਨ ਸਗਲਾ ਦੁਖੁ ਨਾਸੈ ॥ ਗੁਰਮੁਖਿ ਜਾ ਕੈ ਮਨਿ ਤਨਿ ਬਾਸੈ ॥੨॥ ਜਿਸਨੋ ਆਪਿ ਲਏ ਲੜਿ ਲਾਇ ॥ ਦਰਗਹ ਮਿਲੈ ਤਿਸੈ ਹੀ ਜਾਇ ॥ ਸੇਈ ਭਗਤ ਜਿ ਸਾਚੇ ਭਾਣੇ ॥ ਜਮ ਕਾਲ ਤੇ ਭਏ ਨਿਕਾਣੇ ॥੩॥ ਸਾਚਾ ਸਾਹਿਬੁ ਸਚੁ ਦਰਬਾਰੁ ॥ ਕੀਮਤਿ ਕਉਣੁ ਕਹੈ ਬੀਚਾਰੁ ॥ ਘਟਿ ਘਟਿ ਅੰਤਰਿ ਸਗਲ ਅਧਾਰੁ ॥ ਨਾਨਕੁ ਜਾਚੈ ਸੰਤ ਰੇਣਾਰੁ ॥੪॥੩॥੨੪॥ (ਹੇ ਭਾਈ!) ਜਿਹੜਾ ਮਨੁੱਖ ਮਾਲਕ ਪ੍ਰਭੂ ਨੂੰ ਯਾਦ ਕਰਦਾ ਹੈ, ਉਹ (ਕਿਸੇ ਕੋਲੋਂ) ਕਿਵੇਂ ਡਰ ਸਕਦਾ ਹੈ? (ਉਹ ਨਹੀਂ ਡਰਦਾ)। ਵਿਚਾਰੇ ਮਨਮੁਖ ਡਰ ਡਰ ਕੇ ਖਪ ਰਹੇ ਹਨ; ਨਰਕ ਦੀ ਅੱਗ ਵਿਚ ਸੜਦੇ ਹਨ (ਸੰ. ਸ.; ਫ;ਸ.)। ੧। ਰਹਾਉ। (ਜਿਸ ਮਨੁੱਖ ਦੇ) ਸਿਰ ਉਪਰ ਮਾਤਾ ਪਿਤਾ ਰੂਪ ਗੁਰਦੇਵ ਰਖਿਅਕ ਹਨ। (ਜਿਸ) ਪ੍ਰਭੂ ਦੀ ਸੱਤਾ ਸਭ

ਫਲ ਦੇਣ ਵਾਲੀ ਹੈ ਅਤੇ ਜਿਸ ਦੀ ਸੇਵਾ ਭਗਤੀ ਪਵਿਤ੍ਰ ਹੈ; ਜਿਸ ਦੀ ਸੇਵਾ ਭਗਤੀ (ਮਨੁੱਖ ਨੂੰ) ਪਵਿਤ੍ਰ ਕਰਨ ਵਾਲੀ ਹੈ। ਮਾਇਆ ਰਹਿਤ ਇਕ ਪ੍ਰਭੂ ਦਾ ਨਾਮ ਜਿਸ (ਮਨੁੱਖ) ਦੀ ਪੂੰਜੀ ਹੈ। ਸਾਧ ਸੰਗਤ ਵਿਚ ਮਿਲ ਕੇ (ਉਸ ਮਨੁੱਖ ਦੇ ਅੰਦਰ) ਗਿਆਨ ਦਾ ਚਾਨਣ ਹੋ ਜਾਂਦਾ ਹੈ।੧।(ਹੇ ਭਾਈ! ਸਾਰੇ) ਜੀਵਾਂ ਦਾਤਾ ਪ੍ਰਭੂ ਸਭ ਥਾਂ ਭਰਪੂਰ ਹੈ। ਹਰੀ ਦਾ ਨਾਮ ਜਪਣ ਨਾਲ ਕ੍ਰੋੜਾਂ ਕਲੇਸ਼ ਮਿਟ ਜਾਂਦੇ ਹਨ। ਗੁਰੂ ਦੁਆਰਾ ਜਿਸ (ਮਨੁੱਖ) ਦੇ ਮਨ ਤੇ ਤਨ ਵਿਚ ਹਰੀ ਵਸਦਾ ਹੈ।(ਉਸ ਦਾ) ਜਨਮ ਮਰਨ ਦਾ ਸਾਰਾ ਦੁਖ ਨੱਸ ਜਾਂਦਾ ਹੈ। ੨।(ਹੇ ਭਾਈ!) ਜਿਸ ਮਨੁੱਖ ਨੂੰ ਪ੍ਰਭੂ ਆਪ ਅਪਣੇ ਲੜ ਨਾਲ ਲਾ (ਚਰਨਾਂ ਨਾਲ ਜੋੜ) ਲੈਂਦਾ ਹੈ। ਦਰਗਾਹ ਵਿਚ (ਬੈਠਣ ਲਈ) ਉਸੇ ਨੂੰ ਜਗ੍ਹਾ ਮਿਲਦੀ ਹੈ। ਉਹ ਹੀ ਸੱਚੇ ਭਗਤ ਹਨ, ਜਿਹੜੇ ਸੱਚੇ ਪ੍ਰਭੂ ਨੂੰ ਚੰਗੇ ਲਗਦੇ ਹਨ। ਉਹ ਕਾਲ ਕਰਨ ਵਾਲੇ ਜਮ ਤੋਂ ਬੇ ਮੁਹਤਾਜ ਹੋ ਜਾਂਦੇ ਹਨ।੩।(ਹੇ ਭਾਈ!) ਮਾਲਕ ਪ੍ਰਭੂ ਸੱਚਾ ਹੈ ਅਤੇ (ਨਿਆਂ ਕਰਨ ਵਾਲਾ) ਉਸ ਦਾ ਦਰਬਾਰ ਵੀ ਸੱਚਾ ਹੈ।(ਉਸ ਦੀ) ਕੀਮਤ (ਵਡਿਆਈ) ਦਾ ਬਿਚਾਰ ਕੌਣ ਦੱਸ ਸਕਦਾ ਹੈ (ਕੋਈ ਨਹੀਂ ਦਸ ਸਕਦਾ। ਉਹ) ਹਰੇਕ ਜੀਵ ਦੇ ਅੰਦਰ ਵਸਦਾ ਹੈ ਅਤੇ ਸਭ ਦਾ ਆਸਰਾ ਹੈ।(ਜਿਨ੍ਹਾਂ ਨੂੰ ਪ੍ਰਭੂ ਦਾ ਇਹ ਗਿਆਨ ਹੈ। ਉਨ੍ਹਾਂ) ਸੰਤਾਂ ਦੀ ਚਰਨ ਧੂੜ ਨਾਨਕ ਮੰਗਦਾ ਹੈ।੪।੩।੨੪।

ਪਦਾਰਥ = ਸੋ–ਉਹ। ਕਤ–ਕਿਵੇਂ। ਜਿ–ਜਿਹੜਾ। ਖਸਮ–ਮਾਲਕ ਪ੍ਰਭੂ। ਸਮ੍ਾਰੈ–ਯਾਦ ਕਰਦਾ ਹੈ। ਪਚੇ–ਦੁਖੀ ਹੁੰਦੇ ਹਨ; ਸੜਦੇ ਹਨ। ਵੇਚਾਰੇ–ਕਿਸੇ ਦੀ ਸਹਾਇਤਾ ਤੋਂ ਰਹਿਤ; ਅਨਾਥ।੧। ਰਹਾਉ। ਗੁਰਦੇਵ–ਸਭ ਤੋਂ ਵੱਡਾ ਪ੍ਰਕਾਸ਼ ਸਰੂਪ ਪ੍ਰਭੂ। ਸਫਲ–ਸਭ ਫਲ ਦੇਣ ਵਾਲਾ। ਮੂਰਤਿ–ਪ੍ਰਭੂ ਦੀ ਹੋਂਦ (ਸੱਤਾ)। ਜਾ ਕੀ–ਜਿਸ ਦੀ। ਨਿਰਮਲ–ਪਵਿਤ੍ਰ। ਸੇਵ–ਸੇਵਾ ਭਗਤੀ। ਨਿਰੰਜਨੁ–ਮਾਇਆ ਤੋਂ ਨਿਰਲੇਪ ਪ੍ਰਭੂ। ਰਾਸਿ–ਪੂੰਜੀ। ਹੋਵਤ–ਹੁੰਦਾ ਹੈ। ਪਰਗਾਸ–ਚਾਨਣ।੧। ਜੀਅਨ ਕਾ–ਜੀਵਾਂ ਦਾ। ਪੂਰਨ–ਵਿਆਪਕ। ਠਾਇ–ਥਾਂ। ਕੋਟਿ–ਕ੍ਰੋੜਾਂ। ਨਾਇ–ਨਾਮ ਜਪਣ ਨਾਲ। ਸਗਲਾ–ਸਾਰਾ। ਨਾਸੈ–ਨੱਸ ਜਾਂਦਾ ਹੈ; ਨਾਸ਼ ਹੋ ਜਾਂਦਾ ਹੈ। ਗੁਰਮੁਖਿ–ਗੁਰੂ ਦੁਆਰਾ। ਜਾ ਕੈ–ਜਿਸ ਦੇ। ਮਨਿ ਮਨ ਵਿਚ। ਤਨਿ–ਸਰੀਰ ਵਿਚ। ਬਾਸੈ–ਵਸਦਾ ਹੈ।੨। ਜਿਸ ਨੋ–ਜਿਸ ਨੂੰ। ਲੜਿ–ਪੱਲੇ ਨਾਲ। ਲਏ ਲਾਇ–ਲਾ ਲੈਂਦਾ ਹੈ। ਤਿਸੈ–ਉਸੇ ਨੂੰ। ਜਾਇ–ਜਗ੍ਹਾ। ਸੇਈ–ਉਹ ਹੀ। ਸਾਚੇ ਭਾਣੇ–ਸੱਚੇ ਪ੍ਰਭੂ ਨੂੰ ਚੰਗੇ (ਪਿਆਰੇ) ਲਗਦੇ ਹਨ। ਜਮ ਕਾਲ–ਕਾਲ ਕਰਨ ਵਾਲਾ ਜਮ। ਤੇ–ਤੋਂ। ਭਏ–ਹੋ ਗਏ। ਨਿਕਾਣੇ–ਕਾਣ ਰਹਿਤ; ਬੇ ਮੁਹਤਾਜ; ਡਰ ਰਹਿਤ; ਦਬਾਓ ਤੋਂ ਸੁਤੰਤਰ।੩। ਕਹੈ–ਕਹਿ (ਦੱਸ) ਸਕਦਾ ਹੈ। ਘਟਿ ਘਟਿ ਅੰਤਰਿ–ਹਰੇਕ ਜੀਵ ਦੇ ਅੰਦਰ। ਅਧਾਰੁ–ਆਸਰਾ। ਜਾਚੈ–ਮੰਗਦਾ ਹੈ। ਰੇਣਾਰੁ–ਚਰਨ ਧੂੜ।੪।੩।੨੪।

ਉਥਾਨਕਾ = ਸਾਹਿਬਜਾਦਾ ਹਰਿਗੋਬਿੰਦ ਸਾਹਿਬ ਦੇ ਜਨਮ ਤੋਂ ਬਾਦ ਜਦ ਗੁਰੂ ਜੀ ਦਾ ਸਾਰਾ ਪ੍ਰਵਾਰ ਅੰਮ੍ਰਿਤਸਰ ਸਾਹਿਬ ਆ ਗਿਆ, ਤਾਂ ਉਸ ਸਮੇਂ ਅਕਾਲ ਪੁਰਖ ਦਾ ਸ਼ੁਕਰਾਨਾ ਕਰਦੇ ਹੋਏ ਇਹ ਸ਼ਬਦ ਉਚਾਰਨ ਕੀਤਾ ਹੈ।

ਧਨਾਸਰੀ ਮਹਲਾ ੫ ੴ ਸਤਿਗੁਰ ਪ੍ਰਸਾਦਿ ॥ ਘਰਿ ਬਾਹਰਿ ਤੇਰਾ ਭਰਵਾਸਾ, ਤੂ ਜਨ ਕੈ ਹੈ ਸੰਗਿ ॥ ਕਰਿ ਕਿਰਪਾ ਪ੍ਰੀਤਮ ਪ੍ਰਭ ਅਪੁਨੇ, ਨਾਮੁ ਜਪਉ ਹਰਿ ਰੰਗਿ ॥੧॥ ਜਨ ਕਉ ਪ੍ਰਭ ਅਪਨੇ ਕਾ ਤਾਣੁ ॥ ਜੋ ਤੂ ਕਰਹਿ ਕਰਾਵਹਿ ਸੁਆਮੀ, ਸਾ ਮਸਲਤਿ ਪਰਵਾਣੁ ॥ਰਹਾਉ॥ ਪਤਿ ਪਰਮੇਸਰੁ ਗਤਿ ਨਾਰਾਇਣੁ ,ਧਨੁ ਗੁਪਾਲ ਗੁਣ ਸਾਖੀ ॥ ਚਰਨ ਸਰਨ ਨਾਨਕ ਦਾਸ ਹਰਿ, ਹਰਿ ਸੰਤੀ ਇਹ ਬਿਧਿ ਜਾਤੀ ॥੨॥੧॥੨੫॥ (ਹੇ ਪ੍ਰਭੂ! ਤੇਰੇ ਸੇਵਕ ਨੂੰ ਅਪਣੇ) ਘਰ ਵਿਚ ਤੇ (ਘਰ ਤੋਂ) ਬਾਹਰ ਤੇਰਾ ਹੀ ਭਰੋਸਾ ਹੈ, ਤੂੰ (ਅਪਣੇ) ਸੇਵਕਾਂ ਦੇ ਸਦਾ ਅੰਗ ਸੰਗ ਰਹਿੰਦਾ ਹੈਂ। ਹੇ ਮੇਰੇ ਅਪਣੇ ਪ੍ਰੀਤਮ ਪ੍ਰਭੂ! (ਮੇਰੇ ਉਤੇ) ਕ੍ਰਿਪਾ ਕਰ, (ਤਾਂ ਜੋ) ਮੈਂ ਪ੍ਰੇਮ ਨਾਲ ਹਰੀ ਨਾਮ ਜਪਦਾ ਰਹਾਂ।੧। ਸੇਵਕਾਂ ਨੂੰ ਅਪਣੇ ਪ੍ਰਭੂ ਦਾ ਹੀ ਬਲ ਹੈ। ਹੇ ਮਾਲਕ ਪ੍ਰਭੂ! (ਸੇਵਕਾਂ ਨੂੰ) ਉਹ ਹੀ ਸਲਾਹ ਪ੍ਰਵਾਨ ਹੁੰਦੀ ਹੈ, ਜੋ ਤੂੰ ਕਰਦਾ ਹੈਂ ਤੇ (ਸੇਵਕਾਂ ਕੋਲੋਂ) ਕਰਾਉਂਦਾ ਹੈਂ। ਰਹਾਉ। ਪ੍ਰਮੇਸਰ ਹੀ ਦਾਸਾਂ ਦੀ ਇੱਜਤ ਹੈ, ਪ੍ਰਭੂ ਹੀ ਮੁਕਤੀ ਹੈ, ਉਨ੍ਹਾਂ ਦਾ ਧਨ ਹਰੀ ਦੇ ਗੁਣਾਂ ਦੀਆਂ ਸਾਖੀਆਂ ਹਨ (ਹਰੀ ਦੇ ਗੁਣ ਦੀਆਂ ਗੱਲਾਂ ਕਰਨਾ ਉਨ੍ਹਾਂ ਦੀ ਦੌਲਤ ਹੈ)। ਨਾਨਕ ਗੁਰੂ ਜੀ ਆਖਦੇ ਹਨ ਕਿ ਦਾਸ ਹਰੀ ਦੇ ਚਰਨਾਂ ਦੀ ਸ਼ਰਣ ਵਿਚ ਪਏ ਹਨ ਅਤੇ (ਉਪਰ ਦੱਸੀ) ਇਹ ਬਿਧੀ ਹਰੀ ਦੇ ਸੰਤਾਂ ਨੇ ਜਾਣੀ ਹੈ।੨।੧।੨੫।
(ਅਖੀਰਲੀ ਤੁਕ ਵਿਚ ਟਕਸਾਲ ਨੂੰ ਛਡ ਕੇ ਬਾਕੀ ਸਭ ਨੇ 'ਹਰਿ ਹਰਿ' ਤੇ ਬਿਸ੍ਰਾਮ ਲਾਇਆ ਹੈ)।

ਪਦਾਰਥ = ਘਰਿ–ਘਰ ਵਿਚ। ਬਾਹਰਿ–(ਘਰ ਤੋਂ) ਬਾਹਰ। ਭਰਵਾਸਾ–ਭਰੋਸਾ; ਆਸਰਾ। ਜਨ ਕੈ–ਸੇਵਕਾਂ ਦੇ। ਸੰਗਿ–ਅੰਗ ਸੰਗ। ਪ੍ਰੀਤਮ ਪ੍ਰਭ–ਹੇ ਪ੍ਰੀਤਮ ਪ੍ਰਭੂ। ਜਪਉ–ਮੈਂ ਜਪਦਾ ਰਹਾਂ। ਰੰਗਿ–ਪ੍ਰੇਮ ਨਾਲ।੧। ਕਉ–ਨੂੰ। ਤਾਣੁ–ਬਲ; ਆਸਰਾ। ਕਰਹਿ–ਕਰਦਾ ਹੈਂ। ਕਰਾਵਹਿ–ਕਰਾਉਂਦਾ ਹੈਂ। ਸੁਆਮੀ–ਹੇ ਮਾਲਕ ਪ੍ਰਭੂ!। ਸਾ–ਉਹ। ਮਸਲਤਿ–ਸਲਾਹ। ਰਹਾਉ। ਪਤਿ–ਇੱਜਤ। ਨਾਰਾਇਣ–ਸਭ ਥਾਂ ਵਿਆਪਕ ਪ੍ਰਭੂ। ਗਤਿ–ਮੁਕਤੀ। ਗੁਪਾਲ–ਧਰਤੀ ਦੀ ਪਾਲਣਾ ਕਰਨ ਵਾਲਾ ਹਰੀ। ਸਾਖੀ–ਸਾਖੀਆਂ (ਕਥਾ ਕਹਾਣੀਆਂ)। ਸੰਤੀ–ਸੰਤਾਂ ਨੇ। ਇਹ ਬਿਧਿ–(ਜੀਵਨ ਜਿਉਣ ਦਾ) ਤਰੀਕਾ। ਜਾਤੀ–ਜਾਣੀ; ਸਮਝੀ।੨।੧।੨੫।

ਧਨਾਸਰੀ ਮਹਲਾ ੫ ॥ ਸਗਲ ਮਨੋਰਥ ਪ੍ਰਭ ਤੇ ਪਾਏ, ਕੰਠਿ ਲਾਇ ਗੁਰਿ ਰਾਖੇ ॥ ਸੰਸਾਰ ਸਾਗਰ ਮਹਿ ਜਲਨਿ ਨ ਦੀਨੇ, ਕਿਨੈ ਨ ਦੁਤਰੁ ਭਾਖੇ ॥੧॥ ਜਿਨ ਕੈ ਮਨਿ ਸਾਚਾ ਬਿਸ੍ਵਾਸੁ ॥ ਪੇਖਿ ਪੇਖਿ ਸੁਆਮੀ ਕੀ ਸੋਭਾ, ਆਨਦੁ ਸਦਾ ਉਲਾਸੁ ॥ਰਹਾਉ॥ ਚਰਨਿ ਸਰਨਿ ਪੂਰਨ ਪਰਮੇਸੁਰ, ਅੰਤਰਜਾਮੀ ਸਾਖਿਓ ॥ ਜਾਨਿ ਬੂਝਿ ਅਪਨਾ ਕੀਓ ਨਾਨਕ, ਭਗਤਨ ਕਾ ਅੰਕੁਰੁ ਰਾਖਿਓ ॥੨॥੨॥੨੬॥ (ਹੇ ਭਾਈ! ਜਿਹੜੇ ਮਨੁੱਖ) ਗੁਰੂ ਨੇ ਅਪਣੇ ਗਲ ਨਾਲ ਲਾ ਕੇ ਰੱਖੇ ਹਨ, (ਉਨ੍ਹਾਂ ਨੇ) ਸਾਰੇ ਮਨੋਰਥ ਪ੍ਰਭੂ ਤੋਂ ਪ੍ਰਾਪਤ ਕਰ ਲਏ ਹਨ।(ਉਹ

ਮਨੁੱਖ ਪ੍ਰਭੂ ਨੇ) ਸੰਸਾਰ ਸਾਗਰ ਦੀ (ਕਾਮਾਦਿਕਾਂ ਦੀ) ਅੱਗ ਵਿਚ ਸੜਨ ਨਹੀਂ ਦਿਤੇ ਅਤੇ (ਉਨ੍ਹਾਂ ਨੂੰ) ਕਿਸੇ ਨੇ ਕਠਨ ਬਚਨ ਵੀ ਨਹੀਂ ਬੋਲੇ; ਕਿਸੇ ਨੇ ਵੀ ਇਹ ਨਹੀਂ ਆਖਿਆ (ਕਿ ਸੰਸਾਰ ਸਾਗਰ ਤੋਂ ਤਰਨਾ) ਔਖਾ ਹੈ।੧।(ਹੇ ਭਾਈ!) ਜਿਨ੍ਹਾਂ ਪੁਰਖਾਂ ਦੇ ਮਨ ਵਿਚ (ਗੁਰੂ ਤੇ ਪ੍ਰਭੂ ਵਾਸਤੇ) ਸੱਚਾ ਵਿਸ਼ਵਾਸ ਹੈ।(ਉਨ੍ਹਾਂ ਦੇ ਮਨ ਵਿਚ) ਮਾਲਕ ਪ੍ਰਭੂ ਦੀ ਸੋਭਾ ਦੇਖ ਦੇਖ ਕੇ ਅਨੰਦ ਤੇ ਉਤਸ਼ਾਹ ਬਣਿਆ ਰਹਿੰਦਾ ਹੈ।ਰਹਾਉ।(ਹੇ ਭਾਈ! ਉਹ ਪੁਰਖ) ਪੂਰਨ ਪ੍ਰਮੇਸਰ ਦੇ ਚਰਨਾਂ ਦੀ ਸ਼ਰਨ ਵਿਚ ਪਏ ਰਹਿੰਦੇ ਹਨ ਅਤੇ (ਉਨ੍ਹਾਂ ਨੇ) ਦਿਲਾਂ ਦੇ ਅੰਦਰ ਦੀਆਂ ਜਾਨਣ ਵਾਲੇ ਪ੍ਰਭੂ ਨੂੰ ਪ੍ਰਤੱਖ ਦੇਖ ਲਿਆ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ (ਉਨ੍ਹਾਂ ਪੁਰਖਾਂ ਨੂੰ) ਪ੍ਰਭੂ ਨੇ ਸੋਚ ਸਮਝ ਕੇ ਅਪਣਾ ਸੇਵਕ ਬਣਾਇਆ ਹੈ, (ਇਸ ਤਰ੍ਹਾਂ) ਭਗਤਾਂ ਦਾ ਅੰਗੂਰ ਰੱਖ ਲਿਆ (ਉਨ੍ਹਾਂ ਪੁਰਖਾਂ ਦੇ ਮਨ ਵਿਚ ਭਗਤੀ ਦੇ ਨਵੇਂ ਪੁੰਗਰੇ ਅੰਗੂਰ ਦੀ ਰੱਬ ਨੇ ਕਾਮਾਦਿਕਾਂ ਤੋਂ ਰੱਖਿਆ ਕੀਤੀ)।੨।੨।੨੬।

ਪਦਾਰਥ = ਮਨੋਰਥ–ਮਨ ਦੀਆਂ ਮੁਰਾਦਾਂ।ਤੇ–ਤੋਂ।ਕੰਠਿ–ਗਲ ਨਾਲ।ਗੁਰਿ–ਗੁਰੂ ਨੇ।ਮਹਿ–ਵਿਚ।ਜਲਨਿ ਨ ਦੀਨੇ–ਸੜਨ ਨਹੀਂ ਦਿਤੇ।ਕਿਨੈ–ਕਿਸੇ ਨੇ।ਦੁਤਰੁ–ਤਰਨਾ ਔਖਾ।ਭਾਖੇ–ਆਖੇ।੧।ਕੈ ਮਨਿ–ਦੇ ਮਨ ਵਿਚ।ਬਿਸ੍ਵਾਸ–ਵਿਸ਼ਵਾਸ਼।ਪੇਖਿ ਪੇਖਿ–ਦੇਖ ਦੇਖ ਕੇ।ਉਲਾਸੁ–ਉਤਸ਼ਾਹ; ਖੁਸ਼ੀ; ਸੁਖ।ਰਹਾਉ।ਪੂਰਨ–ਸਰਬ ਵਿਆਪਕ।ਅੰਤਰਜਾਮੀ–ਦਿਲ ਦੇ ਅੰਦਰ ਦੀਆਂ ਜਾਨਣ ਵਾਲਾ।ਸਾਖਿਓ –ਪ੍ਰਤੱਖ ਦੇਖ ਲਿਆ।ਜਾਨਿ ਬੂਝਿ–ਸੋਚ ਸਮਝ ਕੇ; ਪਰਖ ਕੇ।ਕੀਓ–ਬਣਾ ਲਿਆ।ਅੰਕੁਰੁ–ਛੋਟਾ ਜਿਹਾ ਨਵਾਂ ਪੁੰਗਰਿਆ ਬੂਟੇ ਦਾ ਅੰਗੂਰ (ਜਿਸ ਨੂੰ ਨਿੱਕੇ ਨਿੱਕੇ ਪੰਛੀ ਨਾਸ਼ ਕਰ ਸਕਦੇ ਹਨ, ਰਾਖੀ ਕਰਨ ਨਾਲ ਬੂਟਾ ਬਚ ਜਾਂਦਾ ਹੈ)।੨।੨।੨੬।

ਧਨਾਸਰੀ ਮਹਲਾ ੫ ॥ ਜਹ ਜਹ ਪੇਖਉ ਤਹ ਹਜੂਰਿ, ਦੂਰਿ ਕਤਹੁ ਨ ਜਾਈ ॥ ਰਵਿ ਰਹਿਆ ਸਰਬਤ੍ਰ ਮੈ, ਮਨ ਸਦਾ ਧਿਆਈ ॥੧॥ ਈਤ ਊਤ ਨਹੀ ਬੀਛੁੜੈ, ਸੋ ਸੰਗੀ ਗਨੀਐ ॥ ਬਿਨਸਿ ਜਾਇ ਜੋ ਨਿਮਖ ਮਹਿ, ਸੋ ਅਲਪ ਸੁਖੁ ਭਨੀਐ ॥ਰਹਾਉ॥ ਪ੍ਰਤਿਪਾਲੈ ਅਪਿਆਉ ਦੇਇ, ਕਛੁ ਊਨ ਨ ਹੋਈ ॥ ਸਾਸਿ ਸਾਸਿ ਸੰਮਾਲਤਾ, ਮੇਰਾ ਪ੍ਰਭੁ ਸੋਈ ॥੨॥ ਅਛਲ ਅਛੇਦ ਅਪਾਰ ਪ੍ਰਭ, ਊਚਾ ਜਾ ਕਾ ਰੂਪੁ ॥ ਜਪਿ ਜਪਿ ਕਰਹਿ ਅਨੰਦੁ ਜਨ, ਅਚਰਜ ਆਨੂਪੁ ॥੩॥ (ਹੇ ਭਾਈ!) ਜਿੱਥੇ ਜਿਥੇ ਵੀ ਮੈਂ ਦੇਖਦਾ ਹਾਂ, ਉਥੇ ਉਹ ਪ੍ਰਭੂ ਹਾਜਰ ਹੈ, (ਉਹ) ਕਿਤੇ ਦੂਰ ਨਹੀਂ ਜਾਂਦਾ; ਕਿਸੇ ਜਗ੍ਹਾ ਤੋਂ ਵੀ ਦੂਰ ਨਹੀਂ ਹੈ (ਸਦਾ ਅੰਗ ਸੰਗ ਰਹਿੰਦਾ ਹੈ।ਉਹ) ਸਭ ਜੀਵਾਂ ਵਿਚ ਵਸ ਰਿਹਾ ਹੈ, ਹੇ ਮਨ! (ਤੂੰ ਉਸ ਨੂੰ) ਸਦਾ ਸਿਮਰਿਆ ਕਰ।੧।(ਹੇ ਭਾਈ!) ਉਹ (ਪ੍ਰਭੂ ਅਸਲ) ਸਾਥੀ ਗਿਣਿਆ ਜਾਂਦਾ ਹੈ, (ਜਿਹੜਾ ਮਨੁੱਖ ਨਾਲੋਂ) ਇਸ ਲੋਕ ਤੇ ਪ੍ਰਲੋਕ ਵਿਚ ਵੀ ਵਿਛੜਦਾ ਨਹੀਂ।ਜੋ ਪਦਾਰਥ ਇਕ ਨਿਮਖ ਵਿਚ ਨਾਸ਼ ਹੋ (ਸਾਥ ਛਡ) ਜਾਂਦਾ ਹੈ, ਉਸ (ਪਦਾਰਥ ਦਾ) ਸੁਖ ਤੁੱਛ ਕਿਹਾ ਜਾਂਦਾ ਹੈ।ਰਹਾਉ।(ਜਿਹੜਾ ਪ੍ਰਭੂ) ਭੋਜਨ ਦੇ ਕੇ ਸਭ ਜੀਵਾਂ ਦੀ ਪਾਲਣਾ ਕਰਦਾ ਹੈ, (ਉਸ ਪ੍ਰਭੂ ਦੇ ਦਾਤਾਂ ਦੇਣ ਵਿਚ) ਕੋਈ ਕਮੀ ਨਹੀਂ ਹੁੰਦੀ (ਅਮੁੱਕ ਭੰਡਾਰ ਹਨ)।ਉਹ ਮੇਰਾ ਪ੍ਰਭੂ ਹੀ ਹਰੇਕ ਸੁਆਸ ਨਾਲ (ਸਾਡੀ ਜੀਵਾਂ ਦੀ) ਸੰਭਾਲ ਕਰਦਾ ਹੈ।੨।(ਜਿਹੜਾ) ਪ੍ਰਭੂ ਕਿਸੇ ਤੋਂ ਛਲਿਆ ਨਹੀਂ ਜਾ ਸਕਦਾ, ਵਿੰਨ੍ਹਿਆ ਜਾਂ ਤੋੜਿਆ ਨਹੀਂ ਜਾ ਸਕਦਾ, ਜੋ ਬੇਅੰਤ ਹੈ ਅਤੇ ਜਿਸ ਦਾ ਰੂਪ ਉਚਾ (ਉਚੀ ਹਸਤੀ ਵਾਲਾ) ਹੈ।ਉਹ ਅਸਚਰਜ ਅਤੇ ਐਸਾ ਸੋਹਣਾ ਹੈ, ਜਿਸ ਦੀ ਉਪਮਾ ਨਹੀਂ ਹੋ ਸਕਦੀ, ਭਗਤ ਜਨ (ਉਸ ਦਾ ਨਾਮ) ਜਪ ਜਪ ਕੇ ਆਤਮਕ ਅਨੰਦ ਪ੍ਰਾਪਤ ਕਰਦੇ ਹਨ।੩।

ਅੰਗ ੬੭੮ = ਸਾ ਮਤਿ ਦੇਹੁ ਦਇਆਲ ਪ੍ਰਭ, ਜਿਤੁ ਤੁਮਹਿ ਅਰਾਧਾ ॥ ਨਾਨਕੁ ਮੰਗੈ ਦਾਨੁ ਪ੍ਰਭ, ਰੇਨ ਪਗ ਸਾਧਾ ॥੪॥੩॥੨੭॥ ਹੇ ਦਇਆ ਦੇ ਘਰ ਪ੍ਰਭੂ! ਮੈਨੂੰ ਉਹ ਬੁੱਧੀ ਦੇਵੋ, ਜਿਸ (ਬੁੱਧੀ) ਨਾਲ ਮੈਂ ਤੈਨੂੰ ਜਪਦਾ ਰਹਾਂ।ਹੇ ਪ੍ਰਭੂ! ਨਾਨਕ (ਤੇਰੇ ਪਾਸੋਂ) ਸਾਧੂਆਂ ਦੇ ਚਰਨਾਂ ਦੀ ਧੂੜ ਦਾ ਦਾਨ ਮੰਗਦਾ ਹੈ।੪।੩।੨੭।

ਪਦਾਰਥ = ਜਹ ਜਹ–ਜਿੱਥੇ ਜਿੱਥੇ।ਪੇਖਉ–ਮੈਂ ਦੇਖਦਾ ਹਾਂ।ਤਹ–ਉਥੇ।ਹਜੂਰਿ–ਹਾਜਰ ਨਾਜਰ; ਮੌਜੂਦ।ਕਤਹੁ–ਕਿਤੇ ਵੀ।ਨ ਜਾਈ–ਨਹੀਂ ਜਾਂਦਾ; ਕਿਸੇ ਜਗ੍ਹਾ ਤੋਂ।ਰਵਿ ਰਹਿਆ–ਵਸ ਰਿਹਾ ਹੈ।ਸਰਬਤ੍ਰ ਮੈ–ਸਭ (ਜੀਵਾਂ) ਵਿਚ।ਮਨ–ਹੇ ਮਨ!।ਧਿਆਈ–ਸਿਮਰਿਆ ਕਰ।੧।ਈਤ–ਇਸ ਲੋਕ ਵਿਚ।ਊਤ–ਉਸ ਲੋਕ ਵਿਚ।ਸੋ–ਉਹ।ਸੰਗੀ–ਸਾਥੀ।ਗਨੀਐ–ਗਿਣਿਆ ਜਾਂਦਾ ਹੈ।ਬਿਨਸਿ ਜਾਇ–ਨਾਸ਼ ਹੋ ਜਾਂਦਾ ਹੈ।ਨਿਮਖ ਮਹਿ–ਅੱਖ ਝਮਕਣ ਜਿੰਨੇ ਸਮੇਂ ਵਿਚ।ਅਲਪ–ਥੋੜਾ; ਤੁੱਛ।ਭਨੀਐ–ਕਿਹਾ ਜਾਂਦਾ ਹੈ।ਰਹਾਉ।ਪ੍ਰਤਿਪਾਲੈ–ਪਾਲਦਾ ਹੈ।ਅਪਿਆਉ–ਭੋਜਨ।ਦੇਇ–ਦੇ ਕੇ।ਊਨ–ਥੁੜ; ਕਮੀ।ਸਾਸਿ ਸਾਸਿ–ਹਰੇਕ ਸਾਹ ਨਾਲ।ਸਮਾਲਤਾ–ਸੰਭਾਲ ਕਰਦਾ ਹੈ।ਸੋਈ–ਉਹ ਹੀ।੨।ਅਛਲ–ਛਲਿਆ ਨਾ ਜਾਣ ਵਾਲਾ।ਅਛੇਦ–ਅਖੰਡ; ਤੋੜਿਆ ਨਾ ਜਾਣ ਵਾਲਾ; ਜਿਸ ਵਿਚ ਕੋਈ ਦੋਸ਼ ਨਾ ਹੋਵੇ। ਅਪਾਰ–ਬੇਅੰਤ।ਜਾ ਕਾ–ਜਿਸ ਦਾ।ਰੂਪੁ–ਹਸਤੀ; ਅਕਾਰ।ਜਪਿ–ਜਪ ਕੇ।ਜਨ–ਭਗਤ ਲੋਕ।ਅਚਰਜ–ਅਸਚਰਜ।ਆਨੂਪ–ਉਪਮਾ ਤੋਂ ਰਹਿਤ (ਬੇਮਿਸਾਲ)।੩।ਸਾ–ਉਹ।ਮਤਿ–ਬੁੱਧੀ; ਸਮਝ।ਪ੍ਰਭ–ਹੇ ਪ੍ਰਭੂ!।ਜਿਤੁ (ਜਿਸ ਮੱਤ) ਨਾਲ।ਤੁਮਹਿ–ਤੈਨੂੰ।ਅਰਾਧਾ–(ਅਰਾਧਾਂ ਬੋਲੋ) ਜਪਦਾ ਰਹਾਂ।ਰੇਨ–ਧੂੜ।ਪਗ ਸਾਧਾ (ਸਾਧਾਂ ਬੋਲੋ)–ਸਾਧੂਆਂ ਦੇ ਪੈਰਾਂ (ਚਰਨਾਂ) ਦੀ।੪।੩।੨੭।

ਉਥਾਨਕਾ = ਸੰਪ੍ਰਦਾਵਾਂ ਅਨੁਸਾਰ ਸਾਹਿਬਜਾਦਾ ਹਰਿਗੋਬਿੰਦ ਸਾਹਿਬ ਦੇ ਪ੍ਰਗਟ ਹੋਣ ਤੋਂ ਪਹਿਲਾਂ ਗੁਰੂ ਅਰਜਨ ਦੇਵ ਜੀ ਨੇ ਅਪਣੇ ਪ੍ਰਵਾਰ ਨੂੰ ਗੁਰੂ ਕੀ ਵਡਾਲੀ ਭੇਜ ਦਿਤਾ ਸੀ।ਪ੍ਰਿਥੀਆ ਸਰਕਾਰੀ ਅਹਿਲਕਾਰਾਂ ਨਾਲ ਮਿਲ ਕੇ ਗੁਰੂ ਜੀ ਵਿਰੁੱਧ ਸਾਜਿਸ਼ਾਂ ਕਰਦਾ ਸੀ। ਹਰਿਗੋਬਿੰਦ ਸਾਹਿਬ ਦੇ ਪ੍ਰਗਟ ਹੋਣ ਤੋਂ ਬਾਦ ਅਤੇ ਕੁਛ ਅਮਨ ਅਮਾਨ ਹੋਣ ਪਿਛੋਂ ਗੁਰੂ ਜੀ ਨੇ ਅਪਣੇ ਪ੍ਰਵਾਰ ਨੂੰ ਅੰਮ੍ਰਿਤਸਰ ਸਾਹਿਬ

ਬੁਲਾ ਲਿਆ। ਉਸ ਸਮੇਂ ਗੁਰੂ ਜੀ ਨੇ ਨਿਮਨ ਲਿਖਤ ਸ਼ਬਦ ਉਚਾਰਿਆ ਦਸਿਆ ਜਾਂਦਾ ਹੈ।

ਧਨਾਸਰੀ ਮਹਲਾ ੫ ॥ ਜਿਨਿ ਤੁਮ ਭੇਜੇ ਤਿਨਹਿ ਬੁਲਾਏ, ਸੁਖ ਸਹਜ ਸੇਤੀ ਘਰਿ ਆਉ ॥ ਅਨਦ ਮੰਗਲ ਗੁਨ ਗਾਉ ਸਹਜ ਧੁਨਿ, ਨਿਹਚਲ ਰਾਜੁ ਕਮਾਉ ॥੧॥ ਤੁਮ ਘਰਿ ਆਵਹੁ ਮੇਰੇ ਮੀਤ ॥ ਤੁਮਰੇ ਦੋਖੀ ਹਰਿ ਆਪਿ ਨਿਵਾਰੇ, ਅਪਦਾ ਭਈ ਬਿਤੀਤ ॥ਰਹਾਉ॥ ਪ੍ਰਗਟ ਕੀਨੇ ਪ੍ਰਭ ਕਰਨੇਹਾਰੇ, ਨਾਸਨ ਭਾਜਨ ਥਾਕੇ ॥ ਘਰਿ ਮੰਗਲ ਵਾਜਹਿ ਨਿਤ ਵਾਜੇ, ਅਪੁਨੈ ਖਸਮਿ ਨਿਵਾਜੇ ॥੨॥ ਅਸਥਿਰ ਰਹਹੁ ਡੋਲਹੁ ਮਤ ਕਬਹੂ ,ਗੁਰ ਕੈ ਬਚਨਿ ਅਧਾਰਿ ॥ ਜੈ ਜੈਕਾਰੁ ਸਗਲ ਭੂ ਮੰਡਲ, ਮੁਖ ਊਜਲ ਦਰਬਾਰ ॥੩॥ ਜਿਨ ਕੇ ਜੀਅ ਤਿਨੈ ਹੀ ਫੇਰੇ, ਆਪੇ ਭਇਆ ਸਹਾਈ ॥ ਅਚਰਜ ਕੀਆ ਕਰਨੈਹਾਰੈ, ਨਾਨਕ ਸਚੁ ਵਡਿਆਈ ॥੪॥੪॥੨੮॥ (ਅਪਣੇ ਪ੍ਰਵਾਰ ਅਤੇ ਗੁਰਸਿੱਖਾਂ ਨੂੰ ਸੰਬੋਧਨ ਕਰਦੇ ਗੁਰੂ ਜੀ ਆਖਦੇ ਹਨ ਕਿ) ਜਿਸ ਪ੍ਰਭੂ ਨੇ ਤੁਹਾਨੂੰ (ਗੁਰੂ ਜੀ ਵਡਾਲੀ) ਭੇਜਿਆ ਸੀ, ਉਸ ਪ੍ਰਭੂ ਨੇ ਹੀ ਵਾਪਸ ਬੁਲਾ ਲਿਆ ਹੈ, (ਹੁਣ) ਸੁੱਖ ਸ਼ਾਂਤੀ ਨਾਲ (ਅਪਣੇ ਅੰਮ੍ਰਿਤਸਰ) ਘਰ ਵਿਚ ਆ ਜਾਉ। ਅਨੰਦ ਤੇ ਖੁਸ਼ੀ ਦੇਣ ਵਾਲੇ ਪ੍ਰਭੂ ਦੇ ਗੁਣ ਮਿੱਠੀ ਮਿੱਠੀ ਸੁਰ ਵਿਚ ਗਾਵੋ, (ਇਸ ਤਰ੍ਹਾਂ ਤੁਸੀਂ) ਅਟੱਲ ਰਾਜ ਕਮਾਵੋਗੇ।੧। ਹੇ ਮੇਰੇ (ਗੁਰਸਿੱਖ) ਮਿਤ੍ਰੋ ! ਤੁਸੀਂ ਅਪਣੇ ਘਰ ਵਿਚ ਆ ਜਾਵੋ। ਤੁਹਾਡੇ ਦੋਖੀ ਹਰੀ ਨੇ ਆਪ ਦੂਰ ਕਰ ਦਿਤੇ ਹਨ ਅਤੇ ਬਿਪਤਾ ਵੀ ਬਤੀਤ ਹੋ ਗਈ ਹੈ। ਰਹਾਉ। ਰਚਨਹਾਰ ਪ੍ਰਭੂ ਨੇ (ਹਰਿਗੋਵਿੰਦ ਨੂੰ) ਪ੍ਰਗਟ ਕੀਤਾ ਹੈ, (ਜਿਸ ਕਰਕੇ ਹੁਣ) ਨੱਠਣਾ ਭੱਜਣਾ ਮੁੱਕ ਗਿਆ ਹੈ (ਪ੍ਰਵਾਰ ਦੀ ਬੇਚੈਨੀ ਮੁੱਕ ਗਈ ਹੈ। ਹੁਣ ਸਤਸੰਗਤ ਰੂਪ) ਘਰ ਵਿਚ ਨਿਤ ਖੁਸ਼ੀਆਂ ਦੇ ਵਾਜੇ ਵਜਦੇ ਹਨ (ਕੀਰਤਨ ਹੁੰਦਾ ਹੈ), ਅਪਣੇ ਮਾਲਕ ਪ੍ਰਭੂ ਨੇ (ਆਪ ਹੀ ਸਾਨੂੰ) ਨਿਵਾਜਿਆ (ਹਰਿਗੋਬਿੰਦ ਜੀ ਨੂੰ ਪ੍ਰਗਟ ਕਰਕੇ ਆਦਰ ਮਾਣ ਦਿਤਾ) ਹੈ।੨। (ਹੇ ਮਿਤ੍ਰ ਜਨੋਂ !) ਗੁਰੂ ਦੇ ਬਚਨਾਂ ਦੇ ਆਸਰੇ ਨਾਲ ਦ੍ਰਿੜ ਰਹੋ, ਕਦੇ ਵੀ ਨਾ ਡੋਲੋ। ਸਾਰੇ ਸੰਸਾਰ ਵਿਚ (ਤੁਹਾਡੀ) ਜੈ ਜੈਕਾਰ ਹੋਵੇਗੀ ਤੇ ਰੱਬੀ ਦਰਬਾਰ ਵਿਚ ਵੀ ਮੁਖ ਉਜਲਾ ਹੋਵੇਗਾ।੩। ਜਿਸ ਹਰੀ ਦੇ ਪੈਦਾ ਕੀਤੇ ਅਸੀਂ ਜੀਵ ਹਾਂ, ਉਸੇ ਨੇ ਹੀ (ਸਾਨੂੰ ਬੁਰਿਆਈਆਂ ਵੱਲੋਂ) ਮੋੜਿਆ ਹੈ; ਸਾਡਾ ਜੀਵਨ ਬਦਲ ਦਿਤਾ ਹੈ ਅਤੇ (ਉਹ ਪ੍ਰਭੂ) ਆਪੇ ਸਹਾਈ ਹੋਇਆ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਕਰਤਾਰ ਨੇ ਅਸਚਰਜ ਖੇਲ ਰਚਿਆ ਹੈ (ਜੋ ਵੈਰੀਆਂ ਤੋਂ ਬਚਾ ਲਿਆ ਹੈ, ਇਹ ਉਸ ਦੀ) ਸੱਚੀ ਵਡਿਆਈ ਹੈ।੪।੪।੨੮।

ਦੂਜਾ ਅਰਥ = (ਹੇ ਭਾਈ ਗੁਰਸਿੱਖੋ !) ਜਿਸ ਪ੍ਰਭੂ ਨੇ ਤੁਹਾਨੂੰ ਸੰਸਾਰ ਵਿਚ ਭੇਜਿਆ ਹੈ, ਉਸ ਨੇ ਹੀ ਤੁਹਾਨੂੰ (ਗੁਰ ਉਪਦੇਸ਼ ਲੈਣ ਵਾਸਤੇ) ਗੁਰੂ ਦਰਬਾਰ ਵਿਚ ਬੁਲਾਇਆ ਹੈ, (ਇਉਂ ਗੁਰ ਉਪਦੇਸ਼ ਤੇ ਅਮਲ ਕਰਕੇ) ਸੁਖ ਸ਼ਾਂਤੀ ਨਾਲ ਅਪਣੇ ਸਰੂਪ ਘਰ ਵਿਚ ਆ ਜਾਓ। ਅਨੰਦ ਤੇ ਮੰਗਲ ਸਰੂਪ ਪ੍ਰਭੂ ਦੇ ਗੁਣ ਮਿੱਠੀ ਮਿੱਠੀ ਸੁਰ ਵਿਚ ਗਾਓ, (ਇਉ) ਅਚੱਲ ਰਾਜ ਕਮਾਓ।੧। (ਹੇ ਸਿੱਖੋ !) ਤੁਸੀਂ ਸਤ ਸੰਗਤ ਰੂਪ ਘਰ ਵਿਚ ਆ ਜਾਓ। ਤੁਹਾਡੇ ਕਾਮਾਦਿਕ ਵੈਰੀ ਹਰੀ ਨੇ ਆਪ ਦੂਰ ਕਰ ਦਿਤੇ ਹਨ ਅਤੇ (ਇਨ੍ਹਾਂ ਵੈਰੀਆਂ ਕਰਕੇ) ਤੁਹਾਡੀ ਬਿਪਤਾ ਵੀ ਬਤੀਤ ਹੋ ਗਈ ਹੈ। ਰਹਾਉ। ਕਰਤਾਰ ਨੇ ਤੁਹਾਨੂੰ ਆਪ (ਗੁਰਸਿੱਖ ਬਣਨ ਵਾਸਤੇ) ਪ੍ਰਗਟ ਕੀਤਾ ਹੈ, (ਹੁਣ ਤੁਹਾਡਾ) ਨੱਠਣਾ ਭਜਣਾ (ਜਨਮਾਂ ਵਿਚ ਭਟਕਣਾ) ਮੁਕ ਗਿਆ ਹੈ। (ਬਾਕੀ ਅਰਥ ਉਪਰ ਵਾਲੇ ਹੀ ਹਨ)

ਪਦਾਰਥ = ਜਿਨਿ-ਜਿਸ ਨੇ। ਤਿਨਹਿ-ਉਸ ਨੇ ਹੀ। ਸੁਖ ਸਹਜ-ਸੁਖ ਸ਼ਾਂਤੀ ਨਾਲ। ਘਰਿ-(ਅੰਮ੍ਰਿਤਸਰ ਸਾਹਿਬ) ਘਰ ਵਿਚ; ਹਿਰਦੇ ਘਰ (ਸ੍ਵੈ ਸਰੂਪ) ਵਿਚ। ਆਉ-ਆ ਜਾਉ। ਮੰਗਲ-ਖੁਸ਼ੀ। ਸਹਜ ਧੁਨਿ-ਹੌਲੀ ਹੌਲੀ ਮਿੱਠੀ ਮਿੱਠੀ ਸੁਰ ਵਿਚ; ਮਨ ਦੀ ਇਕਾਗ੍ਰਤਾ ਨਾਲ ਮਿੱਠੀ ਸੁਰ ਵਿਚ। ਨਿਹਚਲ ਰਾਜੁ-ਸਦਾ ਕਾਇਮ ਰਹਿਣ ਵਾਲਾ ਰਾਜ। ਕਮਾਉ-ਕਰੋਗੇ।੧। ਮੇਰੇ ਮੀਤ-ਹੇ ਮੇਰੇ ਮਿਤ੍ਰ !। ਦੋਖੀ-ਵੈਰੀ। ਅਪਦਾ-ਬਿਪਤਾ। ਭਈ-ਹੋ ਗਈ। ਰਹਾਉ। ਕੀਨੇ-ਕੀਤੇ। ਕਰਨੇਹਾਰੇ-ਰਚਨਹਾਰ ਪ੍ਰਭੂ ਨੇ। ਨਾਸਨ ਭਾਜਨ-ਨੱਠਣਾ ਭੱਜਣਾ (ਮਨ ਦੀ ਦੌੜ ਭੱਜ; ਬੇਚੈਨੀ ਦਾ ਸਮਾਂ)। ਥਾਕੇ-ਮੁੱਕ ਗਈ। ਵਾਜਹਿ ਵਾਜੇ-ਵਾਜੇ ਵਜਦੇ ਹਨ। ਨਿਤ-ਹਰ ਰੋਜ। ਖਸਮਿ-ਮਾਲਕ ਨੇ। ਨਿਵਾਜੇ-ਆਦਰ ਮਾਣ ਦਿਤਾ।੨। ਅਸਥਿਰ ਰਹਹੁ-ਦ੍ਰਿੜ ਰਹੋ। ਡੋਲਹੁ ਮਤ-ਡੋਲੋ ਨਾ। ਕਬਹੂ-ਕਦੇ ਵੀ। ਆਧਾਰਿ-ਆਸਰੇ ਨਾਲ। ਜੈ ਜੈਕਾਰੁ-ਸੋਭਾ। ਸਗਲ-ਸਾਰੇ। ਭੂ ਮੰਡਲ-ਪ੍ਰਿਥਵੀ ਮੰਡਲ (ਸੰਸਾਰ)।੩। ਜੀਅ-ਜੀਵ। ਤਿਨੈ ਹੀ-ਉਸੇ ਨੇ ਹੀ। ਫੇਰੇ-ਮੋੜਿਆ ਹੈ। ਭਇਆ-ਹੋਇਆ। ਸਹਾਈ-ਮਦਦਗਾਰ। ਅਚਰਜ-ਅਨੋਖਾ ਖੇਲ (ਕੌਤਕ)।੪।੪।੨੮।

ਧਨਾਸਰੀ ਮਹਲਾ ੫ ਘਰੁ ੬ ੴ ਸਤਿਗੁਰ ਪ੍ਰਸਾਦਿ ॥ ਸੁਨਹੁ ਸੰਤ ਪਿਆਰੇ ਬਿਨਉ ਹਮਾਰੇ ਜੀਉ ॥ ਹਰਿ ਬਿਨੁ ਮੁਕਤਿ ਨ ਕਾਹੂ ਜੀਉ ॥ਰਹਾਉ॥ ਮਨ ਨਿਰਮਲ ਕਰਮ ਕਰਿ, ਤਾਰਨ ਤਰਨ ਹਰਿ, ਅਵਰਿ ਜੰਜਾਲ ਤੇਰੈ ਕਾਹੂ ਨ ਕਾਮ ਜੀਉ ॥ ਜੀਵਨ ਦੇਵਾ ਪਾਰਬ੍ਰਹਮ ਸੇਵਾ, ਇਹੁ ਉਪਦੇਸੁ ਮੋਕਉ ਗੁਰਿ ਦੀਨਾ ਜੀਉ ॥੧॥ ਤਿਸੁ ਸਿਉ ਨ ਲਾਈਐ ਹੀਤੁ ,ਜਾ ਕੋ ਕਿਛੁ ਨਾਹੀ ਬੀਤੁ ,ਅੰਤ ਕੀ ਬਾਰ ਓਹੁ ਸੰਗਿ ਨ ਚਾਲੈ ॥ ਮਨਿ ਤਨਿ ਤੂ ਆਰਾਧ, ਹਰਿ ਕੇ ਪ੍ਰੀਤਮ ਸਾਧ, ਜਾ ਕੈ ਸੰਗਿ ਤੇਰੇ ਬੰਧਨ ਛੂਟੈ ॥੨॥ ਗਹੁ ਪਾਰਬ੍ਰਹਮ ਸਰਨ, ਹਿਰਦੈ ਕਮਲ ਚਰਨ, ਅਵਰ ਆਸ ਕਛੁ ਪਟਲੁ ਨ ਕੀਜੈ ॥ ਸੋਈ ਭਗਤੁ ਗਿਆਨੀ ਧਿਆਨੀ ਤਪਾ ਸੋਈ, ਨਾਨਕ ਜਾ ਕਉ ਕਿਰਪਾ ਕੀਜੈ ॥੩॥੧॥੨੯॥ ਹੇ ਪਿਆਰੇ ਸੰਤ ਜਨੋਂ ! ਸਾਡੀ ਬੇਨਤੀ ਸੁਣੋ ਜੀ। ਹਰੀ (ਦੇ ਨਾਮ ਜਪਣ) ਤੋਂ ਬਿਨਾ ਕਿਸੇ (ਮਨੁੱਖ) ਦੀ ਮੁਕਤੀ ਨਹੀਂ ਹੋ ਸਕਦੀ। ਰਹਾਉ। (ਗੁਰੂ ਜੀ ਆਖਦੇ ਹਨ ਕਿ ਹੇ ਸੰਤ ਜੀ ! ਮਨ ਨੂੰ ਇਉਂ ਸਮਝਾਓ ਕਿ) ਹੇ ਮਨ ! ਤੂੰ ਪਵਿਤ੍ਰ ਕਰਮ ਕਰ, ਹਰੀ ਦਾ ਨਾਮ (ਸੰਸਾਰ ਸਮੁੰਦਰ ਤੋਂ) ਤਾਰਨ ਵਾਸਤੇ ਜਹਾਜ ਰੂਪ ਹੈ, ਹੋਰ ਜੰਜਾਲ ਤੇਰੇ ਕਿਸੇ ਕੰਮ ਦੇ ਨਹੀਂ ਹਨ। (ਜੋ ਸਭ

ਦੇ) ਜੀਵਨ ਦਾ ਪ੍ਰਕਾਸ਼ ਰੂਪ ਪ੍ਰਭੂ ਹੈ, (ਉਸ ਦੀ) ਸੇਵਾ ਭਗਤੀ ਕਰ, ਇਹ ਉਪਦੇਸ਼ ਮੈਨੂੰ ਗੁਰੂ ਨੇ ਦਿਤਾ ਹੈ।੧।(ਹੇ ਮਨ!) ਉਸ ਪਦਾਰਥ ਨਾਲ ਪ੍ਰੇਮ ਨਹੀਂ ਲਾਉਣਾ ਚਾਹੀਦਾ, ਜਿਸ ਦਾ ਕੋਈ ਬਿਤ ਨਹੀਂ ਹੈ, (ਕਿਉਂਕਿ) ਅੰਤ ਦੇ ਸਮੇਂ ਉਹ (ਪਦਾਰਥ ਤੇਰੇ) ਨਾਲ ਨਹੀਂ ਜਾਵੇਗਾ।ਤੂੰ ਮਨ ਤੇ ਤਨ ਨਾਲ (ਹਰੀ ਦਾ ਨਾਮ) ਸਿਮਰ, ਹਰੀ ਦੇ ਪਿਆਰੇ ਸਾਧੂਆਂ ਦੀ ਸੰਗਤ ਕਰ, ਜਿਨ੍ਹਾਂ ਦੀ ਸੰਗਤ ਵਿਚ ਤੇਰੇ ਬੰਧਨ ਛੁਟ ਜਾਣ।੨।(ਹੇ ਮਨ!) ਪਾਰਬ੍ਰਹਮ ਦੀ ਸ਼ਰਨ ਗ੍ਰਹਿਣ ਕਰ, ਹਿਰਦੇ ਵਿਚ (ਉਸ ਦੇ) ਚਰਨ ਕਮਲ ਤੋਂ ਬਿਨਾ ਹੋਰ ਕੋਈ ਆਸ ਨਾ ਰੱਖ ਅਤੇ ਨਾਹੀ ਕੋਈ ਹੋਰ ਪੜਦਾ ਕਰ (ਕਿਸੇ ਪਦਾਰਥ, ਸਬੰਧੀ ਤੇ ਦੇਵੀ ਦੇਵਤਿਆਂ ਦਾ ਆਸਰਾ ਨਾ ਰੱਖ)।ਨਾਨਕ ਗੁਰੂ ਜੀ ਆਖਦੇ ਹਨ ਕਿ ਉਹ ਹੀ ਭਗਤ, ਗਿਆਨੀ, ਧਿਆਨੀ ਤੇ ਤਪਾ ਹੈ, ਜਿਸ ਉਤੇ ਪ੍ਰਭੂ ਕ੍ਰਿਪਾ ਕਰਦਾ ਹੈ।੩।੧।੨੯।

ਪਦਾਰਥ = ਸੰਤ ਪਿਆਰੇ-ਹੇ ਪਿਆਰੇ ਸੰਤ ਜਨੋਂ!।ਬਿਨਉ-ਬੇਨਤੀ।ਕਾਹੂ-ਕਿਸੇ ਦੀ ਵੀ।ਰਹਾਉ।ਮਨ-ਹੇ ਮਨ!।ਨਿਰਮਲ-ਪਵਿਤ੍ਰ।ਤਰਨ-ਜਹਾਜ ਰੂਪ।ਅਵਰਿ-ਹੋਰ।ਦੇਵਾ-ਪ੍ਰਕਾਸ਼ ਰੂਪ।ਸੇਵਾ-ਭਗਤੀ।ਮੋਕਉ-ਮੈਨੂੰ।ਗੁਰਿ-ਗੁਰੂ ਨੇ।ਦੀਨਾ -ਦਿਤਾ ਹੈ।੧।ਤਿਸੁ ਸਿਉ-ਉਸ ਨਾਲ।ਹੀਤੁ-ਪ੍ਰੇਮ।ਜਾ ਕੋ-ਜਿਸ ਦਾ।ਬੀਤੁ-ਬਿਤ; ਬੁੱਕਤ; ਕਦਰ।ਅੰਤ ਕੀ ਬਾਰ-ਅੰਤ ਦੇ ਸਮੇਂ। ਸੰਗਿ ਨ ਚਾਲੈ-ਨਾਲ ਨਹੀਂ ਜਾਵੇਗਾ।ਮਨਿ-ਮਨ ਨਾਲ।ਤਨਿ-ਸਰੀਰ ਨਾਲ।ਪ੍ਰੀਤਮ ਸਾਧ-ਪਿਆਰੇ ਸਾਧੂਆਂ ਦੀ।ਜਾ ਕੈ ਸੰਗਿ-ਜਿਨ੍ਹਾਂ ਦੀ ਸੰਗਤ ਕਰਨ ਨਾਲ।ਛੂਟੈ-ਮੁੱਕ ਜਾਣ।੨।ਗਹੁ-ਫੜ।ਹਿਰਦੈ-ਹਿਰਦੇ ਵਿਚ।ਪਟਲੁ-ਪੜਦਾ; ਮਾਇਆ ਤੇ ਸੰਸਾਰੀ ਸੰਗੀ (ਮ.ਕੋ.)।ਨ ਕੀਜੈ-ਨਾ ਕਰ।ਸੋਈ-ਉਹ ਹੀ।ਧਿਆਨੀ-ਰੱਬ ਵਿਚ ਸੁਰਤ ਜੋੜਨ ਵਾਲਾ ਮਨੁੱਖ।ਤਪਾ-ਤਪੱਸਵੀ।ਜਾ ਕਉ-ਜਿਸ ਉਤੇ।੩।੧।੨੯।

ਧਨਾਸਰੀ ਮਹਲਾ ੫ ॥ ਮੇਰੇ ਲਾਲ ਭਲੋ ਰੇ ਭਲੋ ਰੇ, ਭਲੋ ਹਰਿ ਮੰਗਨਾ ॥ ਦੇਖਹੁ ਪਸਾਰਿ ਨੈਨ ਸੁਨਹੁ ਸਾਧੂ ਕੇ ਬੈਨ, ਪ੍ਰਾਨਪਤਿ ਚਿਤਿ ਰਾਖੁ ਸਗਲ ਹੈ ਮਰਨਾ ॥ਰਹਾਉ॥ ਚੰਦਨ ਚੋਆ ਰਸ ਭੋਗ ਕਰਤ ਅਨੇਕੈ, ਬਿਖਿਆ ਬਿਕਾਰ ਦੇਖੁ ਸਗਲ ਹੈ ਫੀਕੇ, ਏਕੈ ਗੋਬਿੰਦ ਕੋ ਨਾਮ ਨੀਕੋ, ਕਹਤ ਹੈ ਸਾਧ ਜਨ ॥ ਤਨੁ ਧਨੁ ਆਪਨ ਥਾਪਿਓ ਹਰਿ ਜਪੁ ਨ ਨਿਮਖ ਜਾਪਿਓ, ਅਰਥੁ ਦ੍ਰਬੁ ਦੇਖੁ ਕਛੁ ਸੰਗਿ ਨਾਹੀ ਚਲਨਾ ॥੧॥ ਜਾ ਕੋ ਰੇ ਕਰਮੁ ਭਲਾ, ਤਿਨਿ ਓਟ ਗਹੀ ਸੰਤ ਪਲਾ, ਤਿਨ ਨਾਹੀ ਰੇ ਜਮੁ ਸੰਤਾਵੈ ਸਾਧੂ ਕੀ ਸੰਗਨਾ ॥ ਹੇ ਮੇਰੇ ਪਿਆਰੇ ਪੁਰਖੋ! ਚੰਗੇ ਤੋਂ ਚੰਗਾ (ਜੋ ਕੁਛ ਹਰੀ ਤੋਂ ਮੰਗਣਾ ਹੈ, ਉਹ) ਹੇ ਭਾਈ! ਹਰੀ ਦਾ ਨਾਮ ਮੰਗਣਾ ਚੰਗਾ ਹੈ।ਅੱਖਾਂ ਖੋਲ੍ਹ ਕੇ ਦੇਖ ਲਵੋ (ਕੋਈ ਚੀਜ ਟਿਕੀ ਰਹਿਣ ਵਾਲੀ ਨਹੀਂ, ਜੇ ਸਮਝ ਨਹੀਂ, ਤਾਂ) ਸਾਧੂਆਂ ਦੇ ਬਚਨ ਸੁਣ ਲਵੋ (ਤੁਹਾਨੂੰ ਇਸ ਗੱਲ ਦਾ ਪਤਾ ਲਗ ਜਾਏਗਾ), ਪ੍ਰਾਣਾਂ ਦੇ ਪਤੀ ਪ੍ਰਭੂ ਨੂੰ ਚਿਤ ਵਿਚ ਯਾਦ ਰੱਖੋ, (ਇਕ ਦਿਨ) ਸਭ ਨੇ ਮਰਨਾ ਹੈ।ਰਹਾਉ।(ਹੇ ਭਾਈ! ਤੂੰ ਸਰੀਰ ਤੇ) ਚੰਦਨ, ਅਤਰ ਆਦਿ ਮਲਦਾ ਹੈਂ, ਅਨੇਕਾਂ ਸੁਆਦਲੇ ਭੋਜਨ ਕਰਦਾ ਹੈਂ; ਅਨੇਕਾਂ ਭੋਗਾਂ ਦਾ ਰਸ ਮਾਣਦਾ ਹੈਂ, ਦੇਖ ਲੈ ਵਿਸ਼ੇ ਵਿਕਾਰ ਸਾਰੇ ਫਿੱਕੇ ਹਨ, ਸਾਧੂ ਜਨ ਕਹਿੰਦੇ ਹਨ ਕਿ ਇਕੋ ਪ੍ਰਭੂ ਦਾ ਨਾਮ ਹੀ ਚੰਗਾ ਹੈ।ਤੈਂ ਸਰੀਰ ਤੇ ਧਨ ਨੂੰ ਆਪਣਾ ਸਮਝ ਰੱਖਿਆ ਹੈ, ਇਕ ਨਿਮਖ ਮਾਤ੍ਰ ਵੀ ਹਰੀ ਦਾ ਜਾਪ ਨਹੀਂ ਜਪਿਆ, ਦੇਖ, (ਇਹ ਜੋ) ਧਨ ਪਦਾਰਥ ਹੈ, (ਇਨ੍ਹਾਂ ਵਿਚੋਂ) ਕੁਛ ਵੀ ਤੇਰੇ ਨਾਲ ਨਹੀਂ ਜਾਵੇਗਾ।੧।ਹੇ ਭਾਈ! ਜਿਸ ਮਨੁੱਖ ਦਾ ਭਾਗ ਚੰਗਾ ਹੈ, ਉਸ ਨੇ ਸੰਤਾਂ ਦੇ ਪੱਲੇ ਦੀ ਓਟ ਫੜੀ ਹੈ, ਹੇ ਭਾਈ! (ਜੋ ਮਨੁੱਖ) ਸਾਧੂਆਂ ਦੀ ਸੰਗਤ ਵਿਚ ਰਹਿੰਦੇ ਹਨ, ਉਨ੍ਹਾਂ ਨੂੰ ਜਮ ਨਹੀਂ ਸਤਾਉਂਦਾ (ਜਮ ਉਨ੍ਹਾਂ ਦੇ ਨੇੜੇ ਨਹੀਂ ਆਉਂਦਾ)।

ਅੰਗ ੬੭੯ = ਪਾਇਓ ਰੇ ਪਰਮ ਨਿਧਾਨੁ ਮਿਟਿਓ ਹੈ ਅਭਿਮਾਨੁ ,ਏਕੈ ਨਿਰੰਕਾਰ ਨਾਨਕ ਮਨੁ ਲਗਨਾ ॥੨॥੨॥੩੦॥ ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਸ ਮਨੁੱਖ ਦਾ) ਮਨ ਇਕ ਨਿਰੰਕਾਰ ਨਾਲ ਜੁੜ ਗਿਆ ਹੈ, (ਉਸ ਦੇ ਅੰਦਰੋਂ) ਹੰਕਾਰ ਮਿਟ ਗਿਆ ਹੈ ਅਤੇ (ਉਸ ਨੇ ਆਤਮਕ ਅਨੰਦ ਦਾ) ਸਭ ਤੋਂ ਵੱਡਾ ਖਜਾਨਾ ਪ੍ਰਾਪਤ ਕਰ ਲਿਆ ਹੈ।੨।੨।੩੦।

ਪਦਾਰਥ = ਲਾਲ-ਹੇ ਪਿਆਰੇ!।ਰੇ-ਹੇ ਭਾਈ!।ਭਲੋ ਭਲੋ-ਚੰਗੇ ਤੋਂ ਚੰਗਾ।ਪਸਾਰਿ-ਖੋਲ੍ਹ ਕੇ।ਨੈਨ-ਅੱਖਾਂ।ਬੈਨ-ਬਚਨ; ਬਾਣੀ। ਪ੍ਰਾਨਪਤਿ-ਪ੍ਰਾਣਾਂ ਦਾ ਪਤੀ ਪ੍ਰਭੂ।ਚਿਤਿ-ਚਿੱਤ ਵਿਚ।ਰਾਖੁ-ਰੱਖੋ।ਸਗਲ-ਸਭ ਨੇ।ਰਹਾਉ।ਚੋਆ-ਅਤਰ।ਰਸ ਭੋਗ-ਭੋਗਾਂ ਦਾ ਰਸ; ਸੁਆਦਲੇ ਭੋਜਨ।ਬਿਖਿਆ ਬਿਕਾਰ-ਵਿਸ਼ੇ ਵਿਕਾਰ।ਫੀਕੇ-ਫਿੱਕੇ (ਬੇ ਸੁਆਦੇ)।ਨੀਕੋ-ਚੰਗਾ।ਆਪਨ ਥਾਪਿਓ-ਅਪਣਾ ਸਮਝ ਲਿਆ ;ਮਿਥ ਲਿਆ।ਨਿਮਖ-ਅੱਖ ਝਮਕਣ ਜਿੰਨਾ ਸਮਾਂ।ਅਰਥੁ ਦ੍ਰਬੁ-ਧਨ ਤੇ ਪਦਾਰਥ।ਸੰਗਿ-ਨਾਲ।੧।ਜਾ ਕੋ-ਜਿਸ ਦਾ।ਕਰਮੁ ਭਲਾ-ਭਾਗ ਚੰਗਾ ਹੈ।ਤਿਨਿ-ਉਸ ਨੇ।ਗਹੀ-ਫੜੀ ਹੈ।ਪਲਾ-(ਪੱਲਾ ਬੋਲੋ) ਲੜ।ਨਾਹੀ ਸੰਤਾਵੈ-ਦੁੱਖ ਨਹੀਂ ਦੇਂਦਾ।ਸੰਗਨਾ-ਸੰਗਤ ਵਿਚ। ਪਰਮ ਨਿਧਾਨੁ-ਸਭ ਤੋਂ ਵੱਡਾ ਖਜਾਨਾ।ਲਗਨਾ-ਲੱਗ (ਜੁੜ) ਗਿਆ ਹੈ।੨।੨।੩੦।

ਧਨਾਸਰੀ ਮਹਲਾ ੫ ਘਰੁ ੭ ੴ ਸਤਿਗੁਰ ਪ੍ਰਸਾਦਿ ॥ ਹਰਿ ਏਕੁ ਸਿਮਰਿ ਏਕੁ ਸਿਮਰਿ, ਏਕੁ ਸਿਮਰਿ ਪਿਆਰੇ ॥ ਕਲਿ ਕਲੇਸ ਲੋਭ ਮੋਹ, ਮਹਾ ਭਉਜਲੁ ਤਾਰੇ ॥ਰਹਾਉ॥ ਸਾਸਿ ਸਾਸਿ ਨਿਮਖ ਨਿਮਖ, ਦਿਨਸੁ ਰੈਨਿ ਚਿਤਾਰੇ ॥ ਸਾਧ ਸੰਗਿ ਜਪਿ ਨਿਸੰਗ, ਮਨਿ ਨਿਧਾਨੁ ਧਾਰੇ ॥੧॥ ਚਰਨ ਕਮਲ ਨਮਸਕਾਰ, ਗੁਨ ਗੋਬਿੰਦ ਬੀਚਾਰੇ ॥ ਸਾਧ ਜਨਾ ਕੀ ਰੇਨ ਨਾਨਕ, ਮੰਗਲ ਸੂਖ ਸਧਾਰੇ ॥੨॥੧॥੩੧॥ ਹੇ ਪਿਆਰੇ (ਪੁਰਖਾ! ਜੀਭ ਨਾਲ) ਇਕ ਹਰੀ ਦਾ ਨਾਮ ਸਿਮਰ, (ਮਨ ਕਰਕੇ ਵੀ) ਇਕ ਹਰੀ ਦਾ ਨਾਮ ਸਿਮਰ ਅਤੇ (ਬਾਣੀ ਕਰ ਕੇ ਵੀ) ਇਕ ਹਰੀ ਦਾ ਨਾਮ ਸਿਮਰ।(ਇਹ ਸਿਮਰਨ ਤੇਰੇ) ਕਲਪਨਾ, ਕਲੇਸ਼, ਲੋਭ ਤੇ ਮੋਹ ਦੂਰ ਕਰ ਦੇਵੇਗਾ ਅਤੇ (ਤੈਨੂੰ) ਸੰਸਾਰ ਸਮੁੰਦਰ ਤੋਂ ਤਾਰ ਲਏਗਾ।ਰਹਾਉ।ਹਰੇਕ ਸੁਆਸ ਨਾਲ, ਹਰੇਕ ਖਿਨ ਤੇ ਦਿਨ ਰਾਤ (ਉਸ ਨੂੰ) ਚੇਤੇ ਕਰ।ਸਾਧ ਸੰਗ

ਵਿਚ ਨਿਸੰਗ ਹੋ ਕੇ ਜਪ, (ਦੈਵੀ ਗੁਣਾਂ ਦੇ) ਖਜਾਨੇ ਹਰੀ ਨੂੰ ਮਨ ਵਿਚ ਟਿਕਾ ਲੈ।੧।(ਹੇ ਪਿਆਰੇ! ਪ੍ਰਭੂ ਦੇ) ਚਰਨ ਕਮਲਾਂ ਤੇ ਨਮਸ਼ਕਾਰ ਕਰ ਅਤੇ ਗੋਬਿੰਦ ਦੇ ਗੁਣਾਂ ਦਾ ਬਿਚਾਰ ਕਰ।ਨਾਨਕ ਗੁਰੂ ਜੀ ਆਖਦੇ ਹਨ ਕਿ ਸਾਧ ਜਨਾਂ ਦੇ ਚਰਨਾਂ ਦੀ ਧੂੜ ਸੁਖ ਤੇ ਖੁਸ਼ੀਆਂ ਸਵਾਰਦੀ (ਦੇਂਦੀ) ਹੈ; ਖੁਸ਼ੀਆਂ ਤੇ ਸੁਖ ਬਖਸ਼ਦੀ ਹੈ ਤੇ ਆਸਰਾ ਸਹਿਤ ਕਰਦੀ ਹੈ।੨।੧।੩੧।

ਪਦਾਰਥ = ਪਿਆਰੇ–ਹੇ ਪਿਆਰੇ!।ਕਲਿ–ਕਲਪਨਾ; ਝਗੜੇ; ਕਲਜੁਗ ਦੇ।ਕਲੇਸ–ਦੁਖ; ਝਗੜੇ; ਚਿੰਤਾ।ਮਹਾ ਭਉਜਲੁ–ਬਹੁਤ ਵੱਡਾ ਸੰਸਾਰ ਸਮੁੰਦਰ।ਤਾਰੇ–ਤਾਰ (ਪਾਰ ਲੰਘਾ) ਦੇਵੇਗਾ।ਰਹਾਉ।ਸਾਸਿ ਸਾਸਿ–ਹਰੇਕ ਸਾਹ ਨਾਲ।ਨਿਮਖ ਨਿਮਖ–ਹਰੇਕ ਪਲ। ਰੈਨਿ–ਰਾਤ।ਚਿਤਾਰੇ–ਚੇਤੇ ਕਰ।ਨਿਸੰਗ–ਬੇਝਿਝਕ ਹੋ ਕੇ; ਸ਼ੰਕਾ ਰਹਿਤ ਹੋ ਕੇ।ਮਨਿ–ਮਨ ਵਿਚ।ਨਿਧਾਨੁ–ਖਜਾਨਾ।ਧਾਰੇ–ਟਿਕਾ ਲੈ।੧।ਬੀਚਾਰੇ–ਵਿਚਾਰ ਕਰ।ਰੇਨ–ਚਰਨ ਧੂੜ।ਮੰਗਲ–ਖੁਸ਼ੀਆਂ।ਸਧਾਰੇ–ਆਸਰੇ ਸਹਿਤ ਕਰਦੀ ਹੈ; ਦੇਂਦੀ ਹੈ।

ਧਨਾਸਰੀ ਮਹਲਾ ੫ ਘਰੁ ੮ ਦੁਪਦੇ ੧ੴ ਸਤਿਗੁਰ ਪ੍ਰਸਾਦਿ ॥ ਸਿਮਰਉ ਸਿਮਰਿ ਸਿਮਰਿ ਸੁਖ ਪਾਵਉ ,ਸਾਸਿ ਸਾਸਿ ਸਮਾਲੇ ॥ ਇਹ ਲੋਕਿ ਪਰਲੋਕਿ ਸੰਗਿ ਸਹਾਈ, ਜਤ ਕਤ ਮੋਹਿ ਰਖਵਾਲੇ ॥੧॥ ਗੁਰ ਕਾ ਬਚਨੁ ਬਸੈ ਜੀਅ ਨਾਲੇ ॥ ਜਲਿ ਨਹੀ ਡੂਬੈ ਤਸਕਰੁ ਨਹੀ ਲੇਵੈ, ਭਾਹਿ ਨ ਸਾਕੈ ਜਾਲੇ ॥੧॥ਰਹਾਉ॥ ਨਿਰਧਨ ਕਉ ਧਨੁ ਅੰਧੁਲੇ ਕਉ ਟਿਕ, ਮਾਤ ਦੂਧੁ ਜੈਸੇ ਬਾਲੇ ॥ ਸਾਗਰ ਮਹਿ ਬੋਹਿਥੁ ਪਾਇਓ ਹਰਿ ਨਾਨਕ, ਕਰੀ ਕ੍ਰਿਪਾ ਕਿਰਪਾਲੇ ॥੨॥੧॥੩੨॥ (ਹੇ ਭਾਈ! ਮੈਂ ਪ੍ਰਭੂ ਨੂੰ) ਸਿਮਰ ਸਿਮਰ ਕੇ ਸੁਖ ਪਾਉਂਦਾ ਹਾਂ ਅਤੇ (ਪ੍ਰਭੂ ਨੂੰ ਮੈਂ) ਸੁਆਸ ਸੁਆਸ ਯਾਦ ਕਰਦਾ ਹਾਂ।ਇਹ ਸਿਮਰਨ ਇਸ ਲੋਕ ਵਿਚ ਵੀ ਮੇਰਾ ਸਾਥੀ ਹੈ ਤੇ ਪ੍ਰਲੋਕ ਵਿਚ ਵੀ ਮੇਰੀ ਸਹਾਇਤਾ ਕਰਨ ਵਾਲਾ ਹੈ ਅਤੇ ਜਿਥੇ ਕਿਥੇ (ਹਰੇਕ ਥਾਂ) ਮੇਰਾ ਰੱਖਵਾਲਾ ਹੈ।੧।(ਹੇ ਭਾਈ!) ਗੁਰੂ ਦਾ ਬਚਨ ਮੇਰੇ ਹਿਰਦੇ ਦੇ ਨਾਲ ਬਸਦਾ ਹੈ।(ਗੁਰੂ ਦਾ ਬਚਨ ਰੂਪ ਧਨ) ਪਾਣੀ ਵਿਚ ਨਹੀਂ ਡੁਬ ਸਕਦਾ, ਨਾ (ਇਸ ਨੂੰ ਚੋਰੀ ਕਰਕੇ) ਚੋਰ ਲਿਜਾ ਸਕਦਾ ਹੈ ਅਤੇ ਅੱਗ (ਇਸ ਨੂੰ) ਜਲਾ ਨਹੀਂ ਸਕਦੀ।੧।ਰਹਾਉ।(ਹੇ ਭਾਈ!) ਜਿਸ ਤਰ੍ਹਾਂ ਬੱਚੇ ਲਈ ਮਾਂ ਦਾ ਦੁੱਧ ਹੈ, (ਇਸੇ ਤਰ੍ਹਾਂ ਗੁਰੂ ਦਾ ਬਚਨ) ਧਨਹੀਣ ਲਈ ਧਨ ਹੈ ਅਤੇ ਅੰਨ੍ਹੇ ਲਈ ਸੋਟੀ ਦਾ ਆਸਰਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਜਿਸ ਮਨੁੱਖ ਉਤੇ ਕਿਰਪਾਲੂ ਪ੍ਰਭੂ ਨੇ ਕ੍ਰਿਪਾ ਕੀਤੀ ਹੈ, ਸੰਸਾਰ ਸਮੁੰਦਰ ਵਿਚ (ਉਸ ਨੂੰ ਗੁਰੂ ਪਾਸੋਂ) ਹਰੀ ਦਾ ਨਾਮ ਰੂਪ ਜਹਾਜ ਪ੍ਰਾਪਤ ਹੋ ਗਿਆ ਹੈ।੨।੧।੩੨।

ਪਦਾਰਥ = ਦੁਪਦੇ–ਦੋ ਪਦਿਆਂ ਵਾਲੇ ਸ਼ਬਦ।ਸਿਮਰਉ–ਮੈਂ ਸਿਮਰਦਾ ਹਾਂ।ਸਿਮਰਿ–ਸਿਮਰ ਕੇ।ਪਾਵਉ–ਪਾਉਂਦਾ ਹਾਂ।ਸਾਸਿ ਸਾਸਿ–ਸੁਆਸ ਸੁਆਸ।ਸਮਾਲੇ–ਯਾਦ ਕਰਦਾ ਹਾਂ।ਲੋਕਿ–ਇਸ ਦੁਨੀਆਂ ਵਿਚ।ਪ੍ਰਲੋਕਿ–ਅਗਲੀ ਦੁਨੀਆਂ ਵਿਚ।ਸੰਗਿ–ਸਾਥੀ।ਸਹਾਈ–ਮਦਤ ਕਰਨ ਵਾਲਾ।ਜਤ ਕਤ–ਜਿੱਥੇ ਕਿੱਥੇ (ਹਰੇਕ ਥਾਂ)।ਮੋਹਿ–ਮੇਰਾ।ਰਖਵਾਲੇ–ਰਖਿਆ ਕਰਨ ਵਾਲਾ।੧।ਬਚਨ–ਸ਼ਬਦ; ਉਪਦੇਸ਼।ਜੀਅ ਨਾਲੇ–ਹਿਰਦੇ ਦੇ ਨਾਲ।ਜਲਿ–ਪਾਣੀ ਵਿਚ।ਤਸਕਰੁ–ਚੋਰ।ਭਾਹਿ–ਅੱਗ।ਨ ਸਾਕੈ ਜਾਲੇ–ਜਲਾ ਨਹੀਂ ਸਕਦੀ।੧।ਰਹਾਉ। ਨਿਰਧਨ–ਧਨ ਹੀਣ (ਕੰਗਾਲ)।ਅੰਧੁਲੇ ਕਉ–ਅੰਨ੍ਹੇ ਲਈ; ਨੂੰ।ਟਿਕ–ਸੋਟੀ; ਟੇਕ।ਮਾਤ–ਮਾਂ।ਬਾਲੇ–ਬੱਚੇ ਲਈ।ਸਾਗਰ ਮਹਿ–ਸੰਸਾਰ ਸਮੁੰਦਰ ਵਿਚ।ਬੋਹਿਥੁ–(ਨਾਮ ਰੂਪ) ਜਹਾਜ।ਕਰੀ–ਕੀਤੀ।ਕਿਰਪਾਲੇ–ਕ੍ਰਿਪਾਲੂ ਪ੍ਰਭੂ ਨੇ।੨।੧।੩੨।

ਧਨਾਸਰੀ ਮਹਲਾ ੫ ॥ ਭਏ ਕ੍ਰਿਪਾਲ ਦਇਆਲ ਗੋਬਿੰਦਾ, ਅੰਮ੍ਰਿਤੁ ਰਿਦੈ ਸਿੰਚਾਈ ॥ ਨਵਨਿਧਿ ਰਿਧਿ ਸਿਧਿ ਹਰਿ, ਲਾਗਿ ਰਹੀ ਜਨ ਪਾਈ ॥੧॥ ਸੰਤਨ ਕਉ ਅਨਦੁ ਸਗਲ ਹੀ ਜਾਈ ॥ ਗ੍ਰਿਹਿ ਬਾਹਰਿ ਠਾਕੁਰੁ ਭਗਤਨ ਕਾ, ਰਵਿ ਰਹਿਆ ਸ੍ਰਬ ਠਾਈ ॥੧॥ਰਹਾਉ॥ ਤਾ ਕਉ ਕੋਇ ਨ ਪਹੁਚਨਹਾਰਾ, ਜਾ ਕੈ ਅੰਗਿ ਗੁਸਾਈ ॥ ਜਮ ਕੀ ਤ੍ਰਾਸ ਮਿਟੈ ਜਿਸੁ ਸਿਮਰਤ, ਨਾਨਕ ਨਾਮੁ ਧਿਆਈ ॥੨॥੨॥੩੩ ॥ (ਹੇ ਭਾਈ! ਜਿਸ ਮਨੁੱਖ ਉਤੇ) ਜਗਤ ਦੇ ਮਾਲਕ ਕ੍ਰਿਪਾਲੂ ਪ੍ਰਭੂ ਜੀ ਦਇਆਲ ਹੋਏ, (ਗੁਰੂ ਨੇ ਉਸ ਦੇ) ਹਿਰਦੇ ਰੂਪ ਖੇਤ ਵਿਚ ਨਾਮ ਅੰਮ੍ਰਿਤ ਸਿੰਜ ਦਿਤਾ ਹੈ।ਹਰੀ ਨਾਮ ਦੇ ਪ੍ਰਤਾਪ ਨਾਲ ਨੌਂ ਨਿਧੀਆਂ, ਰਿਧੀਆਂ ਤੇ ਅਠਾਰਾਂ ਸਿਧੀਆਂ ਦਾਸਾਂ ਪੈਰੀਂ ਲੱਗੀਆਂ ਰਹਿੰਦੀਆਂ ਹਨ।੧।(ਹੇ ਭਾਈ!) ਸੰਤਾਂ ਨੂੰ ਸਭ ਜਗ੍ਹਾ ਹੀ ਅਨੰਦ ਬਣਿਆ ਰਹਿੰਦਾ ਹੈ।ਘਰ ਵਿਚ, ਬਾਹਰ (ਸੰਸਾਰ ਵਿਚ) ਪ੍ਰਭੂ ਭਗਤਾਂ ਦਾ ਰਾਖਾ ਹੈ, (ਕਿਉਂਕਿ ਉਹ) ਸਭ ਥਾਵਾਂ ਤੇ ਵਿਆਪਕ ਹੋ ਰਿਹਾ ਹੈ।੧।ਰਹਾਉ।ਜਿਸ ਮਨੁੱਖ ਦੇ ਅੰਗ ਸੰਗ ਧਰਤੀ ਦਾ ਮਾਲਕ ਪ੍ਰਭੂ ਹੈ, ਉਸ ਤਾਈਂ ਕੋਈ ਪਹੁੰਚਣ ਵਾਲਾ (ਛੋਹਣ ਜਾਂ ਮਾਰਨ ਵਾਲਾ) ਨਹੀਂ; ਉਸ ਦੀ ਬਰਾਬਰੀ ਕਰਨ ਵਾਲਾ ਕੋਈ ਨਹੀਂ। ਜਿਸ ਹਰੀ ਦਾ ਸਿਮਰਨ ਕਰਨ ਨਾਲ ਜਮ ਦਾ ਡਰ ਮਿਟ ਜਾਂਦਾ ਹੈ, ਨਾਨਕ ਵੀ ਉਸ ਦਾ ਹੀ ਨਾਮ ਸਿਮਰਦਾ ਹੈ।੨।੨।੩੩।

ਪਦਾਰਥ = ਭਏ–ਹੋਏ।ਗੋਬਿੰਦਾ–ਜਗਤ ਦਾ ਮਾਲਕ ਪ੍ਰਭੂ।ਰਿਦੈ–ਹਿਰਦੇ ਵਿਚ।ਸਿੰਚਾਈ–ਸਿੰਜ ਦਿਤਾ।ਨਵ ਨਿਧਿ–(ਧਰਤੀ ਦੇ ਸਾਰੇ) ਨੌਂ ਖਜਾਨੇ।ਰਿਧਿ ਸਿਧਿ–ਕਰਾਮਾਤੀ ਤਾਕਤਾਂ।ਜਨ–ਦਾਸਾਂ ਦੇ।ਪਾਈ–ਪੈਰਾਂ ਵਿਚ।੧।ਸੰਤਨ ਕਉ–ਸੰਤਾਂ ਨੂੰ।ਸਗਲ ਜਾਈ–ਸਭ ਜਗ੍ਹਾ।ਗ੍ਰਿਹਿ–ਘਰ ਵਿਚ।ਰਵਿ ਰਹਿਆ–ਵਿਆਪਕ ਹੋ ਰਿਹਾ ਹੈ; ਮੌਜੂਦ ਹੈ।ਸ੍ਰਬ ਠਾਈ–ਸਭ ਥਾਵਾਂ ਤੇ।੧।ਰਹਾਉ।ਤਾ ਕਉ–ਉਸ ਤਾਈਂ (ਉਸ ਤੱਕ)।ਪਹੁਚਨਹਾਰਾ–ਛੋਹਣ ਵਾਲਾ; ਮਾਰਨ ਵਾਲਾ; ਬਰਾਬਰੀ ਕਰਨ ਵਾਲਾ।ਜਾ ਕੈ–ਜਿਸ ਦੇ।ਅੰਗਿ–ਅੰਗ ਸੰਗ; ਪੱਖ ਵਿਚ।ਗੁਸਾਈ–ਧਰਤੀ ਦਾ ਮਾਲਕ ਪ੍ਰਭੂ।ਤ੍ਰਾਸ–ਡਰ।ਧਿਆਈ–ਸਿਮਰਦਾ ਹੈ।੨।੨।੩੩।

ਧਨਾਸਰੀ ਮਹਲਾ ੫ ॥ ਦਰਬਵੰਤੁ ਦਰਬੁ ਦੇਖਿ ਗਰਬੈ, ਭੂਮਵੰਤੁ ਅਭਿਮਾਨੀ ॥ ਰਾਜਾ ਜਾਨੈ ਸਗਲ ਰਾਜੁ ਹਮਰਾ, ਤਿਉ ਹਰਿ ਜਨ ਟੇਕ ਸੁਆਮੀ ॥੧॥ ਜੇ ਕੋਊ ਅਪੁਨੀ ਓਟ ਸਮਾਰੈ ॥ ਜੈਸਾ ਬਿਤੁ ਤੈਸਾ ਹੋਇ ਵਰਤੈ, ਅਪੁਨਾ ਬਲੁ ਨਹੀ ਹਾਰੈ ॥੧॥ਰਹਾਉ॥ ਆਨ

ਤਿਆਗਿ ਭਏ ਇਕ ਆਸਰ, ਸਰਣਿ ਸਰਣਿ ਕਰਿ ਆਏ ॥ ਸੰਤ ਅਨੁਗ੍ਰਹ ਭਏ ਮਨ ਨਿਰਮਲ, ਨਾਨਕ ਹਰਿ ਗੁਨ ਗਾਏ ॥੨॥੩॥੩੪ ॥ (ਹੇ ਭਾਈ!) ਧਨਾਢ ਮਨੁੱਖ ਅਪਣੇ ਧਨ ਨੂੰ ਦੇਖ ਕੇ ਹੰਕਾਰ ਕਰਦਾ ਹੈ ਅਤੇ ਜਮੀਨ ਵਾਲਾ (ਅਪਣੀ ਜਮੀਨ ਦੇਖ ਕੇ) ਹੰਕਾਰੀ ਹੋ ਜਾਂਦਾ ਹੈ।(ਜਿਵੇਂ) ਰਾਜਾ ਸਮਝਦਾ ਹੈ ਕਿ ਸਾਰਾ ਰਾਜ ਮੇਰਾ ਹੈ (ਰਾਜੇ ਨੂੰ ਰਾਜ ਦਾ ਹੰਕਾਰ ਹੈ), ਤਿਵੇਂ ਹਰੀ ਦੇ ਸੇਵਕ ਨੂੰ ਮਾਲਕ ਪ੍ਰਭੂ ਦਾ ਆਸਰਾ ਹੈ (ਸੇਵਕ ਨੂੰ ਕਿਸੇ ਚੀਜ ਦਾ ਹੰਕਾਰ ਨਹੀਂ ਹੁੰਦਾ)।੧।ਜੇ ਕੋਈ ਮਨੁੱਖ ਅਪਣੇ ਆਸਰੇ ਵਿਚ ਆਏ ਮਨੁੱਖ ਦੀ ਸੰਭਾਲ ਕਰਦਾ ਹੈ (ਕਿ ਮੇਰੀ ਸ਼ਰਣ ਵਿਚ ਆਇਆ ਹੈ, ਤਾਂ) ਜੈਸਾ ਉਸ ਦਾ ਬਿਤ ਹੈ, ਉਹੋ ਜਿਹਾ ਹੋ ਕੇ (ਉਹ ਸ਼ਰਣ ਵਿਚ ਆਏ ਦੀ ਰੱਖਿਆ ਵਾਸਤੇ ਅਪਣਾ ਬਲ) ਵਰਤਦਾ ਹੈ ਅਤੇ (ਅਪਣੀ ਸ਼ਰਣ ਵਿਚ ਆਏ ਦੀ ਸਹਾਇਤਾ ਲਈ) ਅਪਣਾ ਬਲ ਨਹੀਂ ਹਾਰਦਾ (ਫ.ਸ.; ਸੰ.ਸ. ਤੇ ਟਕਸਾਲ ਨੇ ਇਸ ਨਾਲ ਮਿਲਦੇ ਅਰਥ ਕੀਤੇ ਹਨ) ਭਾਵ ਜੇ ਅਸੀਂ ਹਰੀ ਦਾ ਆਸਰਾ ਲਈਏ ਤਾਂ ਉਹ ਅਪਣਾ ਸਾਰਾ ਤਾਣ ਸਾਡੀ ਸਹਾਇਤਾ ਲਈ ਵਰਤਦਾ ਹੈ।੧।ਰਹਾਉ।(ਹੇ ਭਾਈ! ਜੋ ਮਨੁੱਖ) ਹੋਰ ਸਾਰੇ ਆਸਰੇ ਛਡ ਕੇ ਇਕ ਹਰੀ ਦੇ ਆਸਰੇ ਹੋਏ ਹਨ, ਤੇਰੀ ਸ਼ਰਣ ਤੇਰੀ ਸ਼ਰਣ ਕਰਦੇ (ਕਹਿੰਦੇ ਹੋਏ ਕਿ ਹੇ ਪ੍ਰਭੂ! ਅਸੀਂ ਤੇਰੇ ਦਰ ਤੇ) ਆਏ ਹਾਂ।ਨਾਨਕ ਗੁਰੂ ਜੀ ਆਖਦੇ ਹਨ ਕਿ ਸੰਤਾਂ ਦੀ ਕ੍ਰਿਪਾ ਨਾਲ ਹਰੀ ਦੇ ਗੁਣ ਗਾ ਕੇ (ਉਨ੍ਹਾਂ ਦੇ) ਮਨ ਪਵਿਤ੍ਰ ਹੋ ਗਏ ਹਨ।੨।੩।੩੪।

ਓਟ ਸਮਾਰੈ = ਜੇ ਕੋਈ ਮਨੁੱਖ ਅਪਣੀ ਓਟ (ਹਰੀ) ਨੂੰ ਯਾਦ ਰੱਖੇ।ਤਾਂ ਜਿਹੋ ਜਿਹਾ ਬਲ ਉਸ ਨੂੰ ਹਰੀ ਵੱਲੋਂ ਮਿਲਿਆ ਹੈ, ਉਹੋ ਜਿਹਾ ਹੋ ਕੇ ਉਹ ਵਰਤਦਾ ਹੈ ਅਤੇ ਉਹ ਅਪਣਾ ਬਲ ਨਹੀਂ ਹਾਰਦਾ ਭਾਵ ਬਿਤੋਂ ਬਾਹਰ ਨਹੀਂ ਜਾਂਦਾ (ਹੰਕਾਰ ਨਹੀਂ ਕਰਦਾ।ਜਿਹੋ ਜਿਹੀ ਤਾਕਤ ਰੱਬ ਤੋਂ ਮਿਲੀ ਹੈ, ਉਸ ਅਨੁਸਾਰ ਹੀ ਕੰਮ ਕਰਦਾ ਹੈ।ਉਹ ਸਮਝਦਾ ਹੈ ਕਿ ਮੇਰੇ ਅੰਦਰ ਜੋ ਤਾਕਤ ਹੈ, ਉਹ ਮੇਰੀ ਅਪਣੀ ਨਹੀਂ, ਇਹ ਤਾਕਤ ਰੱਬ ਦੀ ਦਿਤੀ ਹੋਈ ਹੈ, ਫਿਰ ਜਮੀਨ, ਧਨ ਤੇ ਰਾਜ ਆਦਿ ਦਾ ਹੰਕਾਰ ਕਾਹਦਾ?)।

ਪਦਾਰਥ = ਦਰਬਵੰਤ–ਧਨਾਢ ਮਨੁੱਖ।ਦਰਬੁ–ਧਨ।ਗਰਬੈ–ਹੰਕਾਰ ਕਰਦਾ ਹੈ।ਭੂਮਵੰਤੁ–ਜਮੀਨ ਦਾ ਮਾਲਕ।ਅਭਿਮਾਨੀ–ਹੰਕਾਰੀ। ਸਗਲ ਰਾਜੁ–ਸਾਰਾ ਰਾਜ।ਹਮਰਾ–ਮੇਰਾ।ਤਿਉ–ਤਿਵੇਂ।ਹਰਿ ਜਨ–ਹਰੀ ਦੇ ਸੇਵਕਾਂ ਨੂੰ।ਟੇਕ–ਆਸਰਾ।੧।ਕੋਊ–ਕੋਈ (ਮਨੁੱਖ)। ਓਟ–ਆਸਰਾ।ਸਮਾਰੈ–ਸੰਭਾਲ ਕਰਦਾ ਹੈ; ਯਾਦ ਰੱਖੇ।ਬਿਤੁ–ਤਾਕਤ; ਹੈਸੀਅਤ।ਤੈਸਾ–ਉਹੋ ਜਿਹਾ।ਬਲੁ–ਤਾਕਤ।੧।ਰਹਾਉ। ਆਨ–ਹੋਰ (ਆਸਰੇ)।ਤਿਆਗਿ–ਛਡ ਕੇ।ਭਏ–ਹੋਏ।ਇਕ ਆਸਰ–ਇਕ ਹਰੀ ਦੇ ਆਸਰੇ ਤੇ।ਕਰਿ–ਕਰਦੇ (ਕਹਿੰਦੇ) ਹੋਏ।ਸੰਤ ਅਨੁਗ੍ਰਹ–ਸੰਤਾਂ ਦੀ ਕ੍ਰਿਪਾ ਨਾਲ।ਨਿਰਮਲ–ਪਵਿਤ੍ਰ।ਗਾਏ–ਗਾ ਕੇ।੨।੩।੩੪।

ਧਨਾਸਰੀ ਮਹਲਾ ੫ ॥ ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ, ਸੋ ਕਹੀਅਤ ਹੈ ਸੂਰਾ ॥ (ਹੇ ਭਾਈ!) ਇਸ ਕਲਜੁਗ ਦੇ ਸਮੇਂ ਵਿਚ ਉਹ ਮਨੁੱਖ ਸੂਰਮਾ (ਬਹਾਦਰ) ਕਿਹਾ ਜਾਂਦਾ ਹੈ, ਜਿਸ ਨੂੰ ਹਰੀ ਦਾ ਪ੍ਰੇਮ ਲਗ ਗਿਆ ਹੈ।

ਅੰਗ ੬੮੦ = ਆਤਮ ਜਿਣੈ ਸਗਲ ਵਸਿ ਤਾ ਕੈ, ਜਾ ਕਾ ਸਤਿਗੁਰੁ ਪੂਰਾ ॥੧॥ ਠਾਕੁਰੁ ਗਾਈਐ ਆਤਮ ਰੰਗਿ ॥ ਸਰਣੀ ਪਾਵਨ ਨਾਮ ਧਿਆਵਨ, ਸਹਜਿ ਸਮਾਵਨ ਸੰਗਿ ॥੧॥ਰਹਾਉ॥ ਜਨ ਕੇ ਚਰਨ ਵਸਹਿ ਮੇਰੈ ਹੀਅਰੈ, ਸੰਗਿ ਪੁਨੀਤਾ ਦੇਹੀ ॥ ਜਨ ਕੀ ਧੂਰਿ ਦੇਹੁ ਕਿਰਪਾ ਨਿਧਿ, ਨਾਨਕ ਕੈ ਸੁਖੁ ਏਹੀ ॥੨॥੪॥੩੫॥ ਜਿਸ ਮਨੁੱਖ ਦਾ ਪੂਰਾ ਸਤਿਗੁਰੂ (ਧਾਰਨ ਕੀਤਾ ਹੋਇਆ) ਹੈ, ਉਹ ਅਪਣੇ ਮਨ ਨੂੰ ਜਿਤ ਲੈਂਦਾ ਹੈ {ਪ੍ਰਭ ਕਉ ਸਿਮਰਹਿ ਤਿਨ ਆਤਮੁ ਜੀਤਾ ੨੬੩} ਅਤੇ ਸਾਰਾ ਜਗਤ ਉਸ ਦੇ ਵਸ ਵਿਚ ਹੋ ਜਾਂਦਾ ਹੈ ।੧।(ਹੇ ਭਾਈ!) ਪ੍ਰਭੂ ਨੂੰ ਮਨ ਦੇ ਪ੍ਰੇਮ ਨਾਲ ਗਾਉਣਾ ਚਾਹੀਦਾ ਹੈ।(ਪ੍ਰਭੂ ਦੀ) ਸ਼ਰਣ ਵਿਚ ਪੈਣ ਨਾਲ, ਨਾਮ ਧਿਆਉਣ ਨਾਲ ਅਤੇ (ਪ੍ਰਭੂ ਨੂੰ ਅਪਣੇ) ਸੰਗ ਵਸਦਾ ਜਾਨਣ ਨਾਲ ਸਹਿਜ ਅਵਸਥਾ ਵਿਚ ਲੀਨਤਾ ਹੋ ਜਾਂਦੀ ਹੈ; ਸੁਭਾਵਕ ਹੀ ਪ੍ਰਭੂ ਨਾਲ ਸਮਾ ਜਾਈਦਾ ਹੈ (ਫ.ਸ.; ਟਕਸਾਲ)।੧।ਰਹਾਉ।ਹੇ ਕ੍ਰਿਪਾ ਦੇ ਖਜਾਨੇ ਪ੍ਰਭੂ! ਗੁਰਮੁਖ ਜਨਾਂ ਦੇ ਚਰਨ ਮੇਰੇ ਹਿਰਦੇ ਵਿਚ ਵਸ ਜਾਣ, (ਉਨ੍ਹਾਂ ਦੀ) ਸੰਗਤ ਕਰਕੇ ਮੇਰਾ ਸਰੀਰ ਪਵਿਤ੍ਰ ਹੋ ਜਾਵੇ, (ਮੇਰੇ ਤੇ ਮੇਹਰ ਕਰ, ਮੈਨੂੰ ਉਨ੍ਹਾਂ) ਗੁਰਮਖ ਜਨਾਂ ਦੇ ਚਰਨ ਦੀ ਧੂੜ ਬਖਸ਼ ਦੇਵੋਂ, ਨਾਨਕ ਦੇ ਲਈ ਇਹੀ (ਸਭ ਤੋਂ ਵੱਡਾ) ਸੁਖ ਹੈ।੨।੪।੩੫।

ਪਦਾਰਥ = ਜਾ ਕਉ–ਜਿਸ ਨੂੰ।ਰੰਗੁ–ਪ੍ਰੇਮ।ਲਾਗੋ–ਲਗ ਗਿਆ ਹੈ।ਮਹਿ–ਵਿਚ।ਸੋ–ਉਹ।ਸੂਰਾ–ਬਹਾਦਰ।ਆਤਮ–ਮਨ ਨੂੰ।ਜਿਣੈ–ਜਿਤ ਲੈਂਦਾ ਹੈ।ਸਗਲ–ਸਾਰਾ (ਜਗਤ)।ਵਸਿ–ਵਸ ਵਿਚ।ਤਾ ਕੈ–ਉਸ ਦੇ।ਜਾ ਕਾ–ਜਿਸ ਦਾ।੧।ਆਤਮ ਰੰਗਿ–ਮਨ ਦੇ ਪ੍ਰੇਮ ਨਾਲ ।ਪਾਵਨ–ਪੈਣ ਨਾਲ।ਸਹਜਿ–ਸਹਿਜ ਅਵਸਥਾ ਵਿਚ; ਸੁਭਾਵਕ ਹੀ।ਸਮਾਵਨ–ਲੀਨਤਾ।ਸੰਗਿ–ਨਾਲ (ਵਸਦਾ ਜਾਨਣ ਕਰਕੇ)।੧। ਰਹਾਉ।ਜਨ ਕੇ–ਗੁਰਮੁਖ ਜਨਾਂ ਦੇ।ਵਸਹਿ–ਵਸ ਜਾਣ।ਹੀਅਰੈ–ਹਿਰਦੇ ਵਿਚ।ਸੰਗਿ–ਸੰਗਤ ਕਰਕੇ।ਪੁਨੀਤਾ–ਪਵਿਤ੍ਰ।ਦੇਹੀ–ਸਰੀਰ ।ਧੂਰਿ–ਚਰਨ ਧੂੜ।ਦੇਹੁ–(ਬਖਸ਼) ਦੇਵੋ।ਕਿਰਪਾ ਨਿਧਿ–ਹੇ ਕ੍ਰਿਪਾ ਦੇ ਖਜਾਨੇ!।ਨਾਨਕ ਕੈ–ਨਾਨਕ ਦੇ ਲਈ।੨।੪।੩੫।

ਧਨਾਸਰੀ ਮਹਲਾ ੫ ॥ ਜਤਨ ਕਰੈ ਮਾਨੁਖ ਡਹਕਾਵੈ, ਓਹੁ ਅੰਤਰਜਾਮੀ ਜਾਨੈ ॥ ਪਾਪ ਕਰੇ ਕਰਿ ਮੂਕਰਿ ਪਾਵੈ, ਭੇਖ ਕਰੈ ਨਿਰਬਾਨੈ ॥੧॥ ਜਾਨਤ ਦੂਰਿ ਤੁਮਹਿ ਪ੍ਰਭ ਨੇਰਿ ॥ ਉਤ ਤਾਕੈ ਉਤ ਤੇ ਉਤ ਪੇਖੈ, ਆਵੈ ਲੋਭੀ ਫੇਰਿ ॥ਰਹਾਉ॥ ਜਬ ਲਗੁ ਤੁਟੈ ਨਾਹੀ ਮਨ ਭਰਮਾ, ਤਬ ਲਗੁ ਮੁਕਤੁ ਨ ਕੋਈ ॥ ਕਹੁ ਨਾਨਕ ਦਇਆਲ ਸੁਆਮੀ, ਸੰਤੁ ਭਗਤੁ ਜਨੁ ਸੋਈ ॥੨॥੫॥੩੬॥ (ਹੇ ਭਾਈ! ਅਪਣੇ ਵੱਲੋਂ ਠੱਗਣ ਲਈ) ਮਨੁੱਖ ਜਤਨ ਕਰਦਾ ਹੈ, (ਲੋਕਾਂ ਨੂੰ) ਧੋਖਾ ਦੇਂਦਾ ਹੈ, ਪਰ ਉਹ ਅੰਤਰਜਾਮੀ (ਸਭ ਕੁਛ) ਜਾਣਦਾ ਹੈ (ਉਸ ਤੋਂ

ਕੁਛ ਛੁਪਾਇਆ ਨਹੀਂ ਜਾ ਸਕਦਾ।ਅਜੇਹਾ ਮਨੁੱਖ) ਪਾਪ ਕਰ ਕਰ ਕੇ ਮੁਕਰ ਪੈਂਦਾ ਹੈ, (ਅਪਣੇ ਪਾਪ ਛੁਪਾਉਣ ਲਈ ਬਾਹਰੋਂ) ਵਿਰੱਕਤ ਸਾਧੂਆਂ ਵਾਲਾ ਭੇਖ ਧਾਰਨ ਕਰਦਾ ਹੈ।੧।ਹੇ ਪ੍ਰਭੂ! (ਛਲ ਕਰਨ ਵਾਲਾ ਮਨੁੱਖ) ਤੈਨੂੰ ਦੂਰ ਜਾਣਦਾ ਹੈ, ਪਰ ਤੂੰ (ਸਭ ਦੇ) ਨੇੜੇ ਹੈਂ (ਉਨਾਂ ਦੀਆਂ ਠੱਗੀਆਂ ਨੂੰ ਦੇਖਦਾ ਹੈਂ।ਲੋਕਾਂ ਨੂੰ ਠੱਗਣ ਵਾਸਤੇ ਮਨੁੱਖ) ਉਧਰ ਤੱਕਦਾ ਹੈ, ਇਧਰ ਤੋਂ ਉਧਰ ਦੇਖਦਾ ਹੈ, ਇਹ ਲੋਭੀ (ਮਨੁੱਖ ਮੁੜ ਮੁੜ ਮਾਇਆ ਦੇ) ਗੇੜ ਵਿਚ ਆਉਂਦਾ ਹੈ (ਲੋਕਾਂ ਨੂੰ ਠਗਦਾ ਰਹਿੰਦਾ ਹੈ); ਲੋਭੀ ਮਨੁੱਖ ਜਨਮ ਮਰਨ ਦੇ ਗੇੜ ਵਿਚ ਆਉਂਦਾ ਰਹਿੰਦਾ ਹੈ (ਟਕਸਾਲ)।ਰਹਾਉ।(ਹੇ ਭਾਈ!) ਜਦ ਤਕ (ਸੱਚੇ ਗੁਰੂ ਦੀ ਸ਼ਰਣ ਵਿਚ ਪੈ ਕੇ ਮਨੁੱਖ ਦੇ) ਮਨ ਦਾ ਭਰਮ ਨਹੀਂ ਟੁੱਟਦਾ, ਉਦੋਂ ਤਕ ਕੋਈ ਵੀ ਮੁਕਤ ਨਹੀਂ ਹੋ ਸਕਦਾ।ਨਾਨਕ ਗੁਰੂ ਜੀ ਆਖਦੇ ਹਨ ਕਿ ਉਹ ਮਨੁੱਖ ਹੀ (ਸੱਚਾ) ਸੰਤ ਤੇ ਭਗਤ ਹੈ, ਜਿਸ ਉਪਰ ਮਾਲਕ ਪ੍ਰਭੂ ਦਇਆਲ ਹੁੰਦਾ ਹੈ।੨।੫।੩੬।

ਪਦਾਰਥ = ਡਹਕਾਵੈ–ਧੋਖਾ ਦੇਂਦਾ ਹੈ; ਠਗਦਾ ਹੈ; ਭਰਮਾਉਂਦਾ ਹੈ।ਅੰਤਰਜਾਮੀ–ਮਨੁੱਖ ਦੇ ਅੰਦਰ ਦੀ ਜਾਨਣ ਵਾਲਾ ਪ੍ਰਭੂ।ਕਰੇ ਕਰਿ–ਕਰ ਕਰ ਕੇ।ਮੂਕਰਿ ਪਾਵੈ–ਮੁਕਰ ਪੈਂਦਾ ਹੈ।ਨਿਰਬਾਨੈ–ਵਾਸ਼ਨਾ ਰਹਿਤ (ਬਿਰੱਕਤ) ਸਾਧੂ।੧।ਜਾਨਤ–ਜਾਣਦਾ ਹੈ।ਤੁਮਹਿ–ਤੈਨੂੰ।ਉਤ–ਉਧਰ; ਉਸ ਪਾਸੇ।ਤਾਕੈ–ਤੱਕਦਾ ਹੈ।ਪੇਖੈ–ਦੇਖਦਾ ਹੈ।ਫੇਰਿ–ਗੇੜ ਵਿਚ।ਰਹਾਉ।ਭਰਮਾ–ਭਟਕਣਾ।ਜਬ ਲਗ–ਜਦ ਤਕ।ਤਬ ਲਗ–ਉਦੋਂ ਤਕ।ਮੁਕਤਿ–(ਠੱਗੀ ਜਾਂ ਜਨਮ ਮਰਨ ਤੋਂ) ਮੁਕਤੀ।ਜਨੁ–ਮਨੁੱਖ।ਸੋਈ–ਉਹ ਹੀ।੨।੫।੩੬।

ਧਨਾਸਰੀ ਮਹਲਾ ੫ ॥ ਨਾਮੁ ਗੁਰਿ ਦੀਓ ਹੈ ਅਪੁਨੈ, ਜਾ ਕੈ ਮਸਤਕਿ ਕਰਮਾ ॥ ਨਾਮੁ ਦ੍ਰਿੜਾਵੈ ਨਾਮੁ ਜਪਾਵੈ, ਤਾ ਕਾ ਜੁਗ ਮਹਿ ਧਰਮਾ ॥੧॥ ਜਨ ਕਉ ਨਾਮੁ ਵਡਾਈ ਸੋਭ ॥ ਨਾਮੋ ਗਤਿ ਨਾਮੋ ਪਤਿ ਜਨ ਕੀ, ਮਾਨੈ ਜੋ ਜੋ ਹੋਗ ॥੧॥ਰਹਾਉ॥ ਨਾਮ ਧਨੁ ਜਿਸੁ ਜਨ ਕੈ ਪਾਲੈ, ਸੋਈ ਪੂਰਾ ਸਾਹਾ ॥ ਨਾਮੁ ਬਿਉਹਾਰਾ ਨਾਨਕ ਆਧਾਰਾ, ਨਾਮੁ ਪਰਾਪਤਿ ਲਾਹਾ ॥੨॥੬॥੩੭॥ (ਹੇ ਭਾਈ!) ਜਿਸ ਮਨੁੱਖ ਦੇ ਮੱਥੇ ਉਤੇ ਚੰਗੇ ਭਾਗ ਹਨ, ਅਪਣੇ ਗੁਰੂ ਨੇ (ਉਸ ਨੂੰ ਪ੍ਰਭੂ ਦਾ) ਨਾਮ ਦਿਤਾ ਹੈ।(ਫਿਰ ਉਹ ਭਾਗਾਂ ਵਾਲਾ ਮਨੁੱਖ ਅੱਗੋਂ ਹੋਰਨਾਂ ਨੂੰ ਹਰੀ ਦਾ) ਨਾਮ ਦ੍ਰਿੜ ਕਰਾਉਂਦਾ ਹੈ ਤੇ ਨਾਮ ਜਪਾਉਂਦਾ ਹੈ, ਉਸ ਦਾ ਇਸ ਜੁਗ ਵਿਚ ਇਹੋ ਸ਼ੁਭ ਕਰਮ ਹੈ।੧।(ਹੇ ਭਾਈ ! ਹਰੀ ਦੇ) ਸੇਵਕ ਨੂੰ ਨਾਮ ਕਰਕੇ ਹੀ (ਇਸ ਜਗਤ ਵਿਚ) ਵਡਿਆਈ ਮਿਲਦੀ ਹੈ ਤੇ ਪਰਲੋਕ ਵਿਚ ਵੀ ਸੋਭਾ ਹੁੰਦੀ ਹੈ।ਸੇਵਕ ਦੀ ਨਾਮ ਕਰਕੇ ਹੀ ਮੁਕਤੀ ਹੁੰਦੀ ਹੈ, ਨਾਮ ਕਰਕੇ ਹੀ (ਉਸ ਦੀ) ਇੱਜਤ ਹੁੰਦੀ ਹੈ, ਜੋ ਜੋ ਕੁਛ (ਪ੍ਰਭੂ ਦੀ ਰਜ਼ਾ ਵਿਚ) ਹੁੰਦਾ, (ਉਸ ਨੂੰ ਉਹ ਭਲਾ ਕਰਕੇ) ਮੰਨਦਾ ਹੈ।੧।ਰਹਾਉ।(ਹੇ ਭਾਈ!) ਨਾਮ ਦਾ ਧਨ ਜਿਸ ਮਨੁੱਖ ਦੇ (ਹਿਰਦੇ ਰੂਪ) ਪੱਲੇ ਵਿਚ ਹੈ, ਉਹ ਹੀ ਪੂਰਾ ਸ਼ਾਹੂਕਾਰ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ (ਉਸ ਮਨੁੱਖ ਦਾ) ਕਾਰ ਵਿਹਾਰ ਨਾਮ ਹੈ, ਨਾਮ ਹੀ (ਉਸ ਦਾ) ਆਸਰਾ ਹੈ ਅਤੇ ਨਾਮ ਸਿਮਰਨ ਦਾ ਹੀ (ਉਹ) ਲਾਭ ਪ੍ਰਾਪਤ ਕਰਦਾ ਹੈ।੨।੬।੩੭।

ਪਦਾਰਥ = ਗੁਰਿ–ਗੁਰੂ ਨੇ।ਦੀਓ ਹੈ–ਦਿਤਾ ਹੈ।ਜਾ ਕੈ–ਜਿਸ ਦੇ।ਮਸਤਕਿ–ਮੱਥੇ ਉਤੇ।ਕਰਮਾ–(ਚੰਗੇ) ਭਾਗ।ਦ੍ਰਿੜਾਵੈ–ਦ੍ਰਿੜਾਉਂਦਾ ਹੈ।ਜੁਗ ਮਹਿ–(ਇਸ) ਜੁਗ ਵਿਚ।ਧਰਮਾ–ਸ਼ੁੱਭ ਕਰਮ; ਫਰਜ।੧।ਜਨ ਕਉ–ਸੇਵਕ ਨੂੰ।ਵਡਾਈ–ਵਡਿਆਈ।ਸੋਭ–ਸੋਭਾ।ਗਤਿ–ਮੁਕਤੀ।ਪਤਿ–ਇੱਜਤ।ਮਾਨੈ–(ਭਲਾ) ਮੰਨਦਾ ਹੈ।ਹੋਗ–ਹੁੰਦਾ ਹੈ।੧।ਰਹਾਉ।ਪਾਲੈ–ਪੱਲੇ ਵਿਚ।ਸੋਈ–ਉਹ ਹੀ।ਸਾਹਾ–ਸ਼ਾਹੂਕਾਰ ।ਬਿਉਹਾਰਾ–ਕਾਰ ਵਿਹਾਰ; ਲੈਣ ਦੇਣ (ਆਪ ਜਪਣਾ ਤੇ ਹੋਰਨਾਂ ਨੂੰ ਜਪਾਉਣਾ)।ਆਧਾਰਾ–ਆਸਰਾ।ਲਾਹਾ–ਲਾਭ।੨।੬।੩੭।

ਧਨਾਸਰੀ ਮਹਲਾ ੫ ॥ ਨੇਤ੍ਰ ਪੁਨੀਤ ਭਏ ਦਰਸ ਪੇਖੇ, ਮਾਥੈ ਪਰਉ ਰਵਾਲ ॥ ਰਸਿ ਰਸਿ ਗੁਣ ਗਾਵਉ ਠਾਕੁਰ ਕੇ, ਮੋਰੈ ਹਿਰਦੈ ਬਸਹੁ ਗੋਪਾਲ ॥੧॥ ਤੁਮ ਤਉ ਰਾਖਨਹਾਰ ਦਇਆਲ ॥ ਸੁੰਦਰ ਸੁਘਰ ਬੇਅੰਤ ਪਿਤਾ ਪ੍ਰਭ, ਹੋਹੁ ਪ੍ਰਭੂ ਕਿਰਪਾਲ ॥੧॥ਰਹਾਉ॥ ਮਹਾ ਅਨੰਦ ਮੰਗਲ ਰੂਪ, ਤੁਮਰੇ ਬਚਨ ਅਨੂਪ ਰਸਾਲ ॥ ਹਿਰਦੈ ਚਰਣ ਸਬਦੁ ਸਤਿਗੁਰ ਕੋ, ਨਾਨਕ ਬਾਂਧਿਓ ਪਾਲ ॥੨॥੭॥੩੮॥ (ਹੇ ਭਾਈ! ਸਤਿਗੁਰੂ ਦਾ) ਦਰਸ਼ਨ ਦੇਖ ਕੇ ਨੇਤ੍ਰ ਪਵਿਤ੍ਰ ਹੋ ਜਾਂਦੇ ਹਨ, (ਅਰਦਾਸ ਹੈ ਕਿ ਮੇਰੇ) ਮੱਥੇ ਉਤੇ (ਸਤਿਗੁਰੂ ਦੇ) ਚਰਨਾਂ ਦੀ ਧੂੜ ਪਈ ਰਹੇ।(ਹੇ ਸਤਿਗੁਰੂ! ਮੇਰੇ ਤੇ ਕ੍ਰਿਪਾ ਕਰੋ, ਮੈਂ) ਅਨੰਦ ਨਾਲ ਮਾਲਕ ਪ੍ਰਭੂ ਦੇ ਗੁਣ ਗਾਉਂਦਾ ਰਹਾਂ, (ਹੇ ਭਾਈ! ਤੁਸੀਂ ਵੀ ਅਰਦਾਸ ਕਰੋ ਕਿ) ਹੇ ਗੁਪਾਲ! ਮੇਰੇ ਹਿਰਦੇ ਵਿਚ ਵਸ ਜਾਵੋ।੧।ਹੇ ਦਇਆ ਦੇ ਘਰ ਪ੍ਰਭੂ! ਤੂੰ ਤਾਂ (ਦੁੱਖਾਂ ਤੋਂ ਸਾਡੀ) ਰੱਖਿਆ ਕਰਨ ਵਾਲਾ ਹੈਂ।ਹੇ ਪਿਤਾ ਪ੍ਰਭੂ! ਤੂੰ ਸੁੰਦਰ ਹੈਂ, ਸਿਆਣਾ ਹੈਂ ਤੇ ਬੇਅੰਤ ਹੈਂ, ਹੇ ਪ੍ਰਭੂ! (ਸਾਡੇ ਉਤੇ) ਕ੍ਰਿਪਾਲੂ ਹੋਵੋ।੧।ਰਹਾਉ।(ਹੇ ਪ੍ਰਭੂ! ਤੂੰ) ਅਨੰਦ ਰੂਪ ਹੈਂ ਤੇ ਮੰਗਲ ਰੂਪ ਹੈਂ ਅਤੇ ਤੇਰੇ ਬਚਨ ਸੁੰਦਰ ਤੇ ਰਸੀਲੇ ਹਨ।ਨਾਨਕ ਗੁਰੂ ਜੀ ਆਖਦੇ ਹਨ (ਕਿ ਮੈਂ ਅਪਣੇ) ਹਿਰਦੇ ਵਿਚ ਪ੍ਰਭੂ ਦੇ ਚਰਨਾਂ ਦਾ ਧਿਆਨ ਕੀਤਾ ਹੈ ਅਤੇ ਪੱਲੇ ਸਤਿਗੁਰੂ ਦਾ ਸ਼ਬਦ ਬੱਧਾ ਹੈ; (ਜਿਸ ਮਨੁੱਖ ਨੇ) ਅਪਣੇ ਪੱਲੇ ਸਤਿਗੁਰੂ ਦੇ ਸ਼ਬਦ ਨੂੰ ਬੰਨ੍ਹ ਲਿਆ ਹੈ, (ਸਮਝੋ ਉਸ ਦੇ) ਹਿਰਦੇ ਵਿਚ ਪ੍ਰਭੂ ਦੇ ਚਰਨ ਵਸ ਗਏ ਹਨ।੨।੭।੩੮।

ਪਦਾਰਥ = ਨੇਤ੍ਰ–ਅੱਖਾਂ।ਪੁਨੀਤ–ਪਵਿਤ੍ਰ।ਭਏ–ਹੋ ਗਏ।ਦਰਸ ਪੇਖੇ–ਦਰਸ਼ਨ ਦੇਖ ਕੇ।ਮਾਥੈ–ਮੱਥੇ ਉਤੇ।ਪਰਉ–ਪਈ ਰਹੇ।ਰਵਾਲ –ਚਰਨ ਧੂੜ।ਰਸਿ ਰਸਿ–ਅਨੰਦ ਨਾਲ।ਗਾਵਉ–ਗਾਉਂਦਾ ਰਹਾਂ।ਮੋਰੈ ਹਿਰਦੈ–ਮੇਰੇ ਹਿਰਦੇ ਵਿਚ।ਬਸਹੁ–ਵਸ ਜਾਵੋ।ਗੋਪਾਲ–ਹੇ ਧਰਤੀ ਦੇ ਪਾਲਣੇ ਵਾਲੇ!।੧।ਤੁਮ ਤਉ–ਤੂੰ ਤਾਂ।ਰਾਖਨਹਾਰ–ਰੱਖਿਆ ਕਰਨ ਵਾਲਾ।ਦਇਆਲ–ਦਇਆ ਦਾ ਘਰ।ਸੁਘਰ–ਸਿਆਣਾ ; ਸ੍ਰੇਸਟ ਘਾੜਤ ਘੜਨ ਵਾਲਾ।ਹੋਹੁ–ਹੋਵੋ।੧।ਰਹਾਉ।ਅਨੂਪ–ਉਪਮਾ ਰਹਿਤ (ਬਹੁਤ ਸੁੰਦਰ)।ਰਸਾਲ–ਰਸ ਭਰੇ (ਰਸੀਲੇ)।ਕੋ–

ਦਾ। ਬਾਂਧਿਓ–ਬੰਨ੍ਹ ਲਿਆ। ਪਾਲ–ਪੱਲੇ ਵਿਚ।੨।੭।੩੮।

ਧਨਾਸਰੀ ਮਹਲਾ ੫ ॥ ਅਪਨੀ ਉਕਤਿ ਖਲਾਵੈ ਭੋਜਨ, ਅਪਨੀ ਉਕਤਿ ਖੇਲਾਵੈ ॥ ਸਰਬ ਸੂਖ ਭੋਗ ਰਸ ਦੇਵੈ, ਮਨ ਹੀ ਨਾਲਿ ਸਮਾਵੈ ॥੧॥ ਹਮਰੇ ਪਿਤਾ ਗੋਪਾਲ ਦਇਆਲ ॥ ਜਿਉ ਰਾਖੈ ਮਹਤਾਰੀ ਬਾਰਿਕ ਕਉ ,ਤੈਸੇ ਹੀ ਪ੍ਰਭ ਪਾਲ ॥੧॥ਰਹਾਉ॥ ਮੀਤ ਸਾਜਨ ਸਰਬ ਗੁਣ ਨਾਇਕ, ਸਦਾ ਸਲਾਮਤਿ ਦੇਵਾ ॥ ਈਤ ਊਤ ਜਤ ਕਤ ਤਤ ਤੁਮ ਹੀ, ਮਿਲੈ ਨਾਨਕ ਸੰਤ ਸੇਵਾ ॥੨॥੮॥੩੯॥ (ਹੇ ਭਾਈ! ਪ੍ਰਭੂ) ਅਪਣੀ ਜੁਗਤੀ ਨਾਲ ਜੀਵਾਂ ਨੂੰ ਭੋਜਨ ਖੁਆਉਂਦਾ ਹੈ ਅਤੇ ਅਪਣੀ ਜੁਗਤੀ ਨਾਲ ਜੀਵਾਂ ਨੂੰ ਖਿਡਾਉਂਦਾ ਹੈ। (ਉਹ) ਸਾਰੇ ਸੁਖ ਤੇ ਭੋਗਾਂ ਦਾ ਅਨੰਦ ਦੇਂਦਾ ਹੈ ਅਤੇ (ਸਭ ਦੇ) ਮਨ ਦੇ ਨਾਲ ਹੀ ਮਿਲਿਆ ਰਹਿੰਦਾ ਹੈ।੧। (ਹੇ ਭਾਈ!) ਸ੍ਰਿਸਟੀ ਨੂੰ ਪਾਲਣ ਵਾਲਾ ਪ੍ਰਭੂ ਸਾਡੇ (ਸਭ ਦੇ) ਪਿਤਾ ਤੇ ਦਇਆ ਦੇ ਘਰ ਹਨ। ਜਿਵੇਂ ਮਾਂ ਅਪਣੇ ਬੱਚੇ ਨੂੰ ਸੰਭਾਲ ਕੇ ਰੱਖਦੀ ਹੈ, ਤਿਵੇਂ ਹੀ ਪ੍ਰਭੂ (ਸਾਨੂੰ ਸਭ ਜੀਵਾਂ ਨੂੰ) ਪਾਲਦਾ ਹੈ।੧। ਰਹਾਉ। ਹੇ ਪ੍ਰਕਾਸ਼ ਰੂਪ ਪ੍ਰਭੂ! ਤੂੰ ਮੇਰਾ ਸੱਜਨ ਮਿਤ੍ਰ ਹੈਂ ਤੇ ਸਾਰੇ ਗੁਣਾਂ ਦਾ ਮਾਲਕ ਹੈਂ ਅਤੇ ਸਦਾ ਜਿਉਂਦਾ ਜਗਦਾ ਰਹਿਣ ਵਾਲਾ ਹੈਂ। ਇਸ ਲੋਕ ਵਿਚ, ਉਸ ਲੋਕ ਵਿਚ, ਜਿੱਥੇ ਕਿਥੇ ਉਥੇ (ਸਭ ਥਾਂ) ਤੂੰ ਹੀ ਵਿਆਪਕ ਹੈਂ, ਨਾਨਕ ਦੀ (ਬੇਨਤੀ ਹੈ ਕਿ ਮੈਨੂੰ) ਸੰਤਾਂ ਦੀ ਸੇਵਾ ਮਿਲ ਜਾਵੇ।੨।੮।੩੯।

ਪਦਾਰਥ = ਉਕਤਿ–ਜੁਗਤੀ; ਵਿਓਂਤ; ਤਰੀਕਾ। ਖਲਾਵੈ–ਖੁਆਉਂਦਾ ਹੈ। ਖੇਲਾਵੈ–ਖਿਡਾਉਂਦਾ ਹੈ। ਸਰਬ–ਸਾਰੇ। ਭੋਗ ਰਸ–ਭੋਗਾਂ ਦਾ ਰਸ; ਸੁਆਦਲੇ ਪਦਾਰਥ। ਸਮਾਵੈ–ਮਿਲਿਆ (ਅੰਗ ਸੰਗ) ਰਹਿੰਦਾ ਹੈ। ਹਮਰੇ–ਸਾਡੇ। ਗੋਪਾਲ–ਸ੍ਰਿਸਟੀ ਨੂੰ ਪਾਲਣਵਾਲਾ। ਦਇਆਲ–ਦਇਆ ਦਾ ਘਰ। ਮਹਤਾਰੀ–ਮਾਂ। ਬਾਰਿਕ ਕਉ–ਬੱਚੇ ਨੂੰ। ਪਾਲ–ਪਾਲਦੀ ਹੈ।੧। ਰਹਾਉ। ਮੀਤ–ਮਿੱਤਰ। ਸਾਜਨ–ਸ੍ਰੇਸਟ ਪੁਰਖ। ਗੁਣ ਨਾਇਕ–ਗੁਣਾਂ ਦਾ ਮਾਲਕ। ਸਦਾ ਸਲਾਮਤਿ–ਸਦਾ ਕਾਇਮ ਰਹਿਣ ਵਾਲਾ (ਜਿਉਂਦਾ ਜਾਗਦਾ)। ਦੇਵਾ–ਪ੍ਰਕਾਸ਼ ਰੂਪ ਪ੍ਰਭੂ। ਈਤ–ਇਸ ਲੋਕ ਵਿਚ। ਊਤ–ਉਸ ਲੋਕ (ਪ੍ਰਲੋਕ) ਵਿਚ। ਜਤ ਕਤ–ਜਿੱਥੇ ਕਿੱਥੇ। ਤਤ–ਉਥੇ। ਤੁਮ ਹੀ–ਤੂੰ ਹੀ।੨।੮।੩੯।

ਧਨਾਸਰੀ ਮਹਲਾ ੫ ॥ ਸੰਤ ਕ੍ਰਿਪਾਲ ਦਇਆਲ ਦਮੋਦਰ, ਕਾਮ ਕ੍ਰੋਧ ਬਿਖੁ ਜਾਰੇ ॥ ਰਾਜੁ ਮਾਲੁ ਜੋਬਨੁ ਤਨੁ ਜੀਅਰਾ, ਇਨ ਊਪਰਿ ਲੈ ਬਾਰੇ ॥੧॥ ਮਨਿ ਤਨਿ ਰਾਮ ਨਾਮ ਹਿਤਕਾਰੇ ॥ ਸੂਖ ਸਹਜ ਆਨੰਦ ਮੰਗਲ ਸਹਿਤ, ਭਵ ਨਿਧਿ ਪਾਰਿ ਉਤਾਰੇ ॥ਰਹਾਉ॥ (ਹੇ ਭਾਈ!) ਕ੍ਰਿਪਾ ਕਰਨ ਵਾਲੇ ਤੇ ਦਇਆ ਦੇ ਘਰ ਸੰਤ ਜੋ ਪ੍ਰਮਾਤਮਾ ਦਾ ਰੂਪ ਹਨ, (ਉਨ੍ਹਾਂ ਨੇ) ਕਾਮ ਕ੍ਰੋਧ ਆਦਿਕ ਵਿਕਾਰਾਂ ਦਾ ਜਹਿਰ ਜਲਾ ਦਿਤਾ ਹੈ। ਰਾਜ ਮਾਲ, ਜੁਆਨੀ, ਸਰੀਰ ਤੇ ਜਿੰਦ (ਸਭ ਕੁਛ) ਲੈ ਕੇ ਇਨ੍ਹਾਂ ਸੰਤਾਂ ਦੇ ਉਪਰੋਂ ਵਾਰ ਦੇਈਏ।੧। (ਹੇ ਭਾਈ! ਸੰਤ) ਮਨ ਨਾਲ ਤੇ ਤਨ ਨਾਲ ਰਾਮ ਦੇ ਨਾਮ ਨੂੰ ਪਿਆਰ ਕਰਨ ਵਾਲੇ ਹਨ। (ਸੰਤ) ਕੁਦਰਤੀ ਸੁਖ ਦੇ ਸਮੇਤ ਅਨੰਦ ਤੇ ਖੁਸ਼ੀਆਂ ਮਾਣਦੇ ਹਨ ਅਤੇ (ਉਨ੍ਹਾਂ ਨੇ ਅਨੇਕਾਂ ਲੋਕ) ਸੰਸਾਰ ਸਮੁੰਦਰ ਤੋਂ ਪਾਰ ਉਤਾਰ (ਲੰਘਾ) ਦਿਤੇ ਹਨ। ਰਹਾਉ।

ਅੰਗ ੬੮੧ = ਧੰਨਿ ਸੁ ਥਾਨੁ ਧੰਨਿ ਓਇ ਭਵਨਾ, ਜਾ ਮਹਿ ਸੰਤ ਬਸਾਰੇ ॥ ਜਨ ਨਾਨਕ ਕੀ ਸਰਧਾ ਪੂਰਹੁ ਠਾਕੁਰ, ਭਗਤ ਤੇਰੇ ਨਮਸਕਾਰੇ ॥੨॥੯॥੪੦॥ ਉਹ ਅਸਥਾਨ ਧੰਨ ਹੈ, ਉਹ ਘਰ ਧੰਨ ਹਨ, ਜਿਨ੍ਹਾਂ ਵਿਚ ਸੰਤ ਵਸਦੇ ਹਨ। ਹੇ ਮਾਲਕ ਪ੍ਰਭੂ! ਦਾਸ ਨਾਨਕ ਦੀ ਸ਼ਰਧਾ ਪੂਰੀ ਕਰੋ, ਮੈ ਤੇਰੇ ਭਗਤਾਂ ਨੂੰ ਨਮਸ਼ਕਾਰ ਕਰਦਾ ਰਹਾਂ।੨।੯।੪੦।

ਪਦਾਰਥ = ਕ੍ਰਿਪਾਲ–ਕ੍ਰਿਪਾ ਕਰਨ ਵਾਲੇ। ਦਇਆਲ–ਦਇਆ ਦੇ ਘਰ। ਦਮੋਦਰ–ਪ੍ਰਮਾਤਮਾ। ਬਿਖੁ–ਜਹਿਰ। ਜਾਰੇ–ਜਲਾ ਦਿਤਾ ਹੈ। ਮਾਲ–ਸੰਪਤੀ (ਜਾਇਦਾਦ)। ਜੋਬਨ–ਜੁਆਨੀ। ਤਨੁ–ਸਰੀਰ। ਜੀਅਰਾ–ਜਿੰਦ; ਮਨ। ਇਨ ਊਪਰਿ–ਇਨ੍ਹਾਂ ਦੇ ਉਪਰੋਂ। ਲੈ ਬਾਰੇ–ਲੈ ਕੇ ਵਾਰ ਦੇਈਏ।੧। ਮਨਿ–ਮਨ ਨਾਲ। ਤਨਿ–ਤਨ ਨਾਲ। ਹਿਤਕਾਰੇ–ਪਿਆਰ ਕਰਨ ਵਾਲੇ। ਸੂਖ ਸਹਜ–ਕੁਦਰਤੀ ਸੁਖ। ਮੰਗਲ–ਖੁਸ਼ੀਆਂ। ਸਹਿਤ–ਸਮੇਤ। ਭਵ ਨਿਧਿ–ਸੰਸਾਰ ਸਮੁੰਦਰ। ਪਾਰਿ ਉਤਾਰੇ–ਪਾਰ ਲੰਘਾ ਦਿਤੇ ਹਨ। ਰਹਾਉ। ਧੰਨਿ–ਧੰਨਤਾ ਦੇ ਯੋਗ; ਭਾਗਾਂ ਵਾਲਾ। ਸੁ–ਉਹ। ਥਾਨੁ–ਅਸਥਾਨ। ਓਇ–ਉਹ (ਬਹੁ ਵਚਨ)। ਭਵਨਾ–ਘਰ। ਜਾ ਮਹਿ–ਜਿਨ੍ਹਾਂ ਵਿਚ। ਬਸਾਰੇ–ਵਸਦੇ ਹਨ। ਜਨ ਨਾਨਕ –ਦਾਸ ਨਾਨਕ ਦੀ। ਪੂਰਹੁ–ਪੂਰੀ ਕਰੋ। ਨਮਸਕਾਰੇ–ਮੱਥਾ ਟੇਕਦਾ ਰਹਾਂ।੨।੯।੪੦।

ਧਨਾਸਰੀ ਮਹਲਾ ੫ ॥ ਛਡਾਇ ਲੀਓ ਮਹਾ ਬਲੀ ਤੇ, ਅਪਨੇ ਚਰਨ ਪਰਾਤਿ ॥ ਏਕੁ ਨਾਮੁ ਦੀਓ ਮਨ ਮੰਤਾ, ਬਿਨਸਿ ਨ ਕਤਹੂ ਜਾਤਿ ॥੧॥ ਸਤਿਗੁਰਿ ਪੂਰੈ ਕੀਨੀ ਦਾਤਿ ॥ ਹਰਿ ਹਰਿ ਨਾਮੁ ਦੀਓ ਕੀਰਤਨ ਕਉ ,ਭਈ ਹਮਾਰੀ ਗਾਤਿ ॥ਰਹਾਉ॥ ਅੰਗੀਕਾਰੁ ਕੀਓ ਪ੍ਰਭਿ ਅਪੁਨੈ, ਭਗਤਨ ਕੀ ਰਾਖੀ ਪਾਤਿ ॥ ਨਾਨਕ ਚਰਨ ਗਹੇ ਪ੍ਰਭ ਅਪਨੇ, ਸੁਖੁ ਪਾਇਓ ਦਿਨ ਰਾਤਿ ॥੨॥੧੦॥੪੧॥ (ਹੇ ਭਾਈ! ਸਤਿਗੁਰੂ ਨੇ ਮੈਨੂੰ) ਅਪਣੇ ਚਰਨੀਂ ਪਵਾ (ਚਰਨੀ ਲਾ) ਕੇ ਬੜੀ ਤਾਕਤਵਰ ਮਾਇਆ ਤੋਂ ਛਡਾ ਲਿਆ ਹੈ। (ਉਨ੍ਹਾਂ ਨੇ ਮੇਰੇ) ਮਨ ਵਿਚ ਇਕ ਨਾਮ ਮੰਤ੍ਰ (ਵਸਾ) ਦਿਤਾ ਹੈ, ਜੋ ਕਦੇ ਨਾਸ਼ ਨਹੀਂ ਹੁੰਦਾ ਹੈ ਅਤੇ ਨਾ (ਛਡ ਕੇ) ਕਿਤੇ ਜਾਂਦਾ ਹੈ।੧। ਪੂਰੇ ਸਤਿਗੁਰੂ ਨੇ (ਮੈਨੂੰ ਇਹ) ਦਾਤ ਦੀ ਬਖਸ਼ਿਸ਼ ਕੀਤੀ ਹੈ। (ਉਸ ਨੇ) ਕੀਰਤਨ ਕਰਨ ਲਈ ਹਰਿ ਹਰਿ ਨਾਮ ਬਖਸ਼ ਦਿਤਾ ਹੈ, (ਜਿਸ ਦੀ ਬਰਕਤ ਨਾਲ) ਮੇਰੀ ਮੁਕਤੀ ਹੋ ਗਈ ਹੈ। ਰਹਾਉ। ਪ੍ਰਭੂ ਨੇ ਅਪਣੇ ਜਾਣ ਕੇ (ਸਾਡਾ) ਪੱਖ ਕੀਤਾ ਹੈ; ਮੈਨੂੰ ਪ੍ਰਵਾਨ ਕੀਤਾ ਹੈ, (ਇਸ ਤਰ੍ਹਾਂ ਉਸ ਨੇ) ਭਗਤਾਂ ਦੀ ਇੱਜਤ ਰਖ ਲਈ ਹੈ। ਨਾਨਕ ਗੁਰੂ ਜੀ ਆਖਦੇ ਹਨ (ਕਿ ਜਦ ਤੋਂ ਮੈਂ) ਅਪਣੇ ਪ੍ਰਭੂ ਦੇ ਚਰਨ ਫੜੇ ਹਨ, (ਉਦੋਂ ਤੋਂ ਸਦਾ) ਦਿਨ ਰਾਤ ਸੁਖ ਪਾਇਆ ਹੈ।੨।੧੦।੪੧।

ਪਦਾਰਥ = ਛਡਾਇ ਲੀਓ–ਛਡਾ ਲਿਆ। ਮਹਾ–ਬਹੁਤ। ਬਲੀ–ਤਾਕਤਵਰ ਮਾਇਆ; ਅਗਿਆਨ; ਸੁਲਹੀ ਖਾਨ। ਤੇ–ਤੋਂ। ਪਰਾਤਿ–ਪਵਾ (ਲਗਾ) ਕੇ। ਦੀਓ–ਦਿਤਾ। ਮੰਤਾ–ਮੰਤ੍ਰ। ਬਿਨਸਿ ਨ–ਨਾਸ਼ ਨਹੀਂ ਹੁੰਦਾ। ਕਤਹੂ–ਕਿਤੇ; ਕਿਧਰੇ। ਜਾਤਿ–ਜਾਂਦਾ ਹੈ।੧। ਪੂਰੈ ਸਤਿਗੁਰਿ–ਪੂਰੇ ਸਤਿਗੁਰੂ ਨੇ। ਕੀਨੀ–ਕੀਤੀ। ਕਉ–ਵਾਸਤੇ। ਭਈ–ਹੋਈ। ਗਾਤਿ–ਗਤੀ (ਮੁਕਤੀ)। ਰਹਾਉ। ਅੰਗੀਕਾਰੁ ਕੀਓ–ਪੱਖ ਕੀਤਾ; ਪ੍ਰਵਾਨ ਕੀਤਾ। ਪ੍ਰਭਿ–ਪ੍ਰਭੂ ਨੇ। ਪਾਤਿ–ਇੱਜਤ (ਪੱਤ)। ਗਹੇ–ਫੜੇ ਹਨ। ਦਿਨ ਰਾਤਿ–ਦਿਨ ਰਾਤ (ਹਮੇਸ਼ਾਂ)।੨।੧੦।੪੧।

ਧਨਾਸਰੀ ਮਹਲਾ ੫ ॥ ਪਰ ਹਰਨਾ ਲੋਭੁ ਝੂਠ ਨਿੰਦ, ਇਵ ਹੀ ਕਰਤ ਗੁਦਾਰੀ ॥ ਮ੍ਰਿਗ ਤ੍ਰਿਸਨਾ ਆਸ ਮਿਥਿਆ ਮੀਠੀ, ਇਹ ਟੇਕ ਮਨਹਿ ਸਾਧਾਰੀ ॥੧॥ ਸਾਕਤ ਕੀ ਅਵਰਦਾ ਜਾਇ ਬ੍ਰਿਥਾਰੀ ॥ ਜੈਸੇ ਕਾਗਦ ਕੇ ਭਾਰ ਮੂਸਾ ਟੂਕਿ ਗਵਾਵਤ, ਕਾਮਿ ਨਹੀ ਗਾਵਾਰੀ ॥ਰਹਾਉ॥ ਕਰਿ ਕਿਰਪਾ ਪਾਰਬ੍ਰਹਮ ਸੁਆਮੀ, ਇਹ ਬੰਧਨ ਛੁਟਕਾਰੀ ॥ ਬੂਡਤ ਅੰਧ ਨਾਨਕ ਪ੍ਰਭ ਕਾਢਤ, ਸਾਧ ਜਨਾ ਸੰਗਾਰੀ ॥੨॥੧੧॥੪੨॥(ਹੇ ਭਾਈ!) ਪਰਾਇਆ ਮਾਲ ਚੁਰਾਉਣਾ, ਲਾਲਚ ਕਰਨਾ, ਝੂਠ ਬੋਲਣਾ ਤੇ ਨਿੰਦਾ ਕਰਨੀ, ਇਸ ਤਰ੍ਹਾਂ ਦੇ ਕੰਮ ਕਰਦਿਆਂ (ਸਾਕਤ ਮਨੁੱਖ ਨੇ ਸਾਰੀ) ਉਮਰ ਗੁਜਾਰ ਦਿਤੀ ਹੈ। ਮ੍ਰਿਗ ਤ੍ਰਿਸ਼ਨਾ ਜੋ ਝੂਠੀ ਆਸ ਹੈ, (ਸਾਕਤ ਨੇ) ਇਹ ਟੇਕ ਮਿੱਠੀ ਜਾਣ ਕੇ ਮਨ ਵਿਚ ਚੰਗੀ ਤਰ੍ਹਾਂ ਟਿਕਾਈ ਹੋਈ ਹੈ।੧।(ਹੇ ਭਾਈ!) ਸਾਕਤ ਮਨੁੱਖ ਦੀ ਉਮਰ (ਨਾਮ ਸਿਮਰਨ ਤੋਂ ਬਿਨਾ) ਬਿਅਰਥ ਗੁਜਰ ਜਾਂਦੀ ਹੈ। ਜਿਵੇਂ ਚੂਹਾ ਕਾਗਜਾਂ ਦੇ ਭਾਰ ਟੁਕ ਟੁਕ ਕੇ ਖਰਾਬ ਕਰ ਦੇਂਦਾ ਹੈ, (ਪਰ ਉਹ ਟੁੱਕੇ ਹੋਏ ਕਾਗਜ) ਮੂਰਖ ਚੂਹੇ ਦੇ ਕੰਮ ਨਹੀਂ ਆਉਂਦੇ (ਚੂਹੇ ਦੇ ਕਾਗਜ ਟੁਕ ਕੇ ਖਰਾਬ ਕਰਨ ਵਾਂਗ ਸਾਕਤ ਲੋਕ ਵੀ ਅਪਣਾ ਅਮੋਲਕ ਮਨੁੱਖਾ ਜੀਵਨ ਨਿਸਫਲ ਗੁਆ ਲੈਂਦੇ ਹਨ)।ਰਹਾਉ। ਹੇ ਪਾਰਬ੍ਰਹਮ ਸੁਆਮੀ! ਕ੍ਰਿਪਾ ਕਰਕੇ ਇਹ ਬੰਧਨ (ਸਾਥੋਂ) ਛੁਡਾ ਦਿਓ। ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਪ੍ਰਭੂ! (ਤੁਸੀਂ ਸੰਸਾਰ ਸਮੁੰਦਰ ਵਿਚ) ਡੁਬਦੇ ਅੰਨ੍ਹੇ ਮਨੁੱਖਾਂ ਨੂੰ ਸਾਧ ਜਨਾਂ ਦਾ ਸੰਗੀ ਬਣਾ ਕੇ ਬਾਹਰ ਕੱਢ ਲੈਂਦੇ ਹੋ।੨।੧੧।੪੨।

ਪਦਾਰਥ = ਪਰ–ਪਰਾਇਆ (ਮਾਲ ਧਨ)। ਨਿੰਦ–ਨਿੰਦਿਆ। ਇਵ ਹੀ–ਇਸ ਤਰ੍ਹਾਂ ਹੀ। ਕਰਤ–ਕਰਦਿਆਂ। ਗੁਦਾਰੀ–ਗੁਜਾਰ ਦਿਤੀ ਹੈ। ਮ੍ਰਿਗ ਤ੍ਰਿਸਨਾ–ਠਗ ਨੀਰਾ (ਮਾਰੂ ਥਲ ਉਤੇ ਸੂਰਜ ਦੀਆਂ ਕਿਰਨਾਂ ਦਾ ਲਿਸ਼ਕਾਰਾ ਪੈਂਦਾ ਹੈ, ਚਮਕਦੇ ਰੇਤ ਨੂੰ ਪਾਣੀ ਸਮਝ ਕੇ ਮ੍ਰਿਗ ਉਸ ਵੱਲ ਦੌੜਦਾ ਹੈ, ਜਿਤਨਾ ਦੌੜਦਾ ਹੈ, ਪਾਣੀ ਉਸ ਨੂੰ ਦੂਰ ਭਾਸਦਾ ਹੈ)। ਮਿਥਿਆ–ਝੂਠੀ। ਮਨਹਿ–ਮਨ ਵਿਚ। ਸਾਧਾਰੀ–ਚੰਗੀ ਤਰ੍ਹਾਂ ਟਿਕਾਈ ਹੈ।੧। ਸਾਕਤ ਕੀ–ਮਾਇਆ ਦੇ ਗ੍ਰਸੇ ਮਨੁੱਖ ਦੀ। ਆਵਰਦਾ–ਉਮਰ। ਬ੍ਰਿਥਾਰੀ–ਬਿਅਰਥ। ਭਾਰ–ਢੇਰ। ਮੂਸਾ–ਚੂਹਾ। ਟੂਕਿ–ਟੁਕ ਕੇ। ਗਵਾਵਤ–ਖਰਾਬ ਕਰ ਦੇਂਦਾ ਹੈ। ਕਾਮਿ–ਕੰਮ। ਗਾਵਾਰੀ–ਮੂਰਖ (ਚੂਹੇ) ਦੇ। ਛੁਟਕਾਰੀ–ਛਡਾ ਦਿਓ। ਬੂਡਤ–ਡੁਬਦਿਆਂ ਨੂੰ। ਅੰਧ–ਅੰਨ੍ਹੇ (ਅਗਿਆਨੀ ਮਨੁੱਖ)। ਪ੍ਰਭ–ਹੇ ਪ੍ਰਭੂ!। ਕਾਢਤ–ਕੱਢ ਲੈਂਦਾ ਹੈ। ਸੰਗਾਰੀ–ਸੰਗੀ; ਸਾਥੀ।੨।੧੧।੪੨।

ਧਨਾਸਰੀ ਮਹਲਾ ੫ ॥ ਸਿਮਰਿ ਸਿਮਰਿ ਸੁਆਮੀ ਪ੍ਰਭੁ ਅਪਨਾ, ਸੀਤਲ ਤਨੁ ਮਨੁ ਛਾਤੀ ॥ ਰੂਪ ਰੰਗ ਸੂਖ ਧਨੁ ਜੀਅ ਕਾ, ਪਾਰਬ੍ਰਹਮ ਮੋਰੈ ਜਾਤੀ ॥੧॥ ਰਸਨਾ ਰਾਮ ਰਸਾਇਨਿ ਮਾਤੀ ॥ ਰੰਗ ਰੰਗੀ ਰਾਮ ਅਪਨੇ ਕੈ, ਚਰਨ ਕਮਲ ਨਿਧਿ ਥਾਤੀ ॥ਰਹਾਉ॥ ਜਿਸ ਕਾ ਸਾ ਤਿਨ ਹੀ ਰਖਿ ਲੀਆ, ਪੂਰਨ ਪ੍ਰਭ ਕੀ ਭਾਤੀ ॥ ਮੇਲਿ ਲੀਓ ਆਪੇ ਸੁਖ ਦਾਤੈ, ਨਾਨਕ ਹਰਿ ਰਾਖੀ ਪਾਤੀ ॥੨॥੧੨॥੪੩॥ (ਹੇ ਭਾਈ!) ਅਪਣੇ ਪ੍ਰਭੂ ਨੂੰ ਸਿਮਰ ਸਿਮਰ ਕੇ (ਮੇਰਾ) ਤਨ, ਮਨ ਤੇ ਹਿਰਦਾ ਸ਼ਾਂਤ ਹੋ ਗਿਆ ਹੈ। ਮੇਰੇ ਵਾਸਤੇ ਪ੍ਰਮਾਤਮਾ ਦਾ ਨਾਮ ਹੀ ਰੂਪ ਰੰਗ ਸੁਖ, ਹਿਰਦੇ ਦਾ (ਨਾਲ ਨਿਭਣ ਵਾਲਾ) ਧਨ ਤੇ ਉਚੀ ਜਾਤ ਹੈ (ਉਚੀ ਜਾਤ ਵਾਲਿਆਂ ਨੂੰ ਜਾਤ ਦਾ ਜੋ ਮਾਣ ਹੁੰਦਾ ਹੈ, ਉਹ ਮਾਣ ਮੈਨੂੰ ਪ੍ਰਭੂ ਦਾ ਹੈ)।੧।(ਹੇ ਭਾਈ! ਮੇਰੀ) ਜੀਭ ਰਾਮ ਨਾਮ ਦੇ ਰਸਾਇਣ ਵਿਚ ਮਸਤ ਹੋ ਗਈ ਹੈ {ਤੇਰਾ ਜਨੁ ਰਾਮ ਰਸਾਇਣਿ ਮਾਤਾ ੫੩੨}। ਜੀਭ ਅਪਣੇ ਪ੍ਰਭੂ ਦੇ ਪ੍ਰੇਮ ਦੀ ਰੰਗੀ ਹੋਈ ਹੈ ਅਤੇ ਰਾਮ ਦੇ ਚਰਨ ਸਾਡੇ ਲਈ ਧਨ ਦੀ ਥੈਲੀ ਹਨ। ਰਹਾਉ। ਜਿਸ ਪ੍ਰਭੂ ਦਾ ਮੈਂ ਸੇਵਕ ਸੀ, ਉਸ ਨੇ ਹੀ (ਮੈਨੂੰ) ਰਖ ਲਿਆ ਹੈ, ਪ੍ਰਭੂ ਦੀ (ਅਪਣੇ ਸੇਵਕ ਨੂੰ ਬਚਾਉਣ ਦੀ) ਜੁਗਤੀ ਪੂਰਨ (ਮੁਕੰਮਲ; ਉਤਮ) ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਸੁਖ ਦੇਣ ਵਾਲੇ ਪ੍ਰਭੂ ਨੇ (ਮੈਨੂੰ ਅਪਣਾ ਸੇਵਕ ਜਾਣ ਕੇ ਅਪਣੇ ਨਾਲ) ਆਪੇ ਮੇਲ ਲਿਆ ਹੈ, ਹਰੀ ਨੇ (ਇਉਂ ਮੇਰੀ) ਪੱਤ ਰੱਖ ਲਈ ਹੈ।੨।੧੨।੪੩।

ਪਦਾਰਥ = ਸਿਮਰਿ ਸਿਮਰਿ–ਸਿਮਰ ਸਿਮਰ ਕੇ। ਸੁਆਮੀ–ਮਾਲਕ ਪ੍ਰਭੂ। ਸੀਤਲ–ਠੰਢਾ; ਸ਼ਾਂਤ। ਛਾਤੀ–ਹਿਰਦਾ। ਜੀਅ ਕਾ–ਮਨ ਦਾ (ਜਿੰਦ ਦੇ ਨਾਲ ਨਿਭਣ ਵਾਲਾ)। ਮੋਰੈ–ਮੇਰੇ ਵਾਸਤੇ। ਜਾਤੀ–ਉਚੀ ਜਾਤ।੧। ਰਸਨਾ–ਜੀਭ। ਰਸਾਇਨਿ–ਰੋਗਾਂ ਤੇ ਬੁਢੇਪੇ ਤੋਂ ਬਚਾਈ ਰੱਖਣ ਵਾਲੀ ਦਵਾ; ਹਰੀ ਦਾ ਨਾਮ, ਜੋ ਰਸਾਂ ਦਾ ਘਰ ਹੈ। ਮਾਤੀ–ਮਸਤ। ਰੰਗ ਰੰਗੀ–ਪ੍ਰੇਮ ਦੀ ਰੰਗੀ ਹੋਈ। ਨਿਧਿ–ਧਨ ਦੀ। ਥਾਤੀ–ਥੈਲੀ; ਪੂੰਜੀ। ਰਹਾਉ। ਸਾ–ਸੀ। ਤਿਨ ਹੀ–ਉਸ ਨੇ ਹੀ। ਪੂਰਨ ਭਾਤੀ–ਉਤਮ; ਮੁਕੰਮਲ ਤਰੀਕਾ। ਸੁਖ ਦਾਤੈ–ਸੁਖ ਦੇਣ ਵਾਲੇ ਪ੍ਰਭੂ ਨੇ। ਹਰਿ–ਹਰੀ ਨੇ। ਪਾਤੀ–ਪੱਤ; ਇੱਜਤ।੨।੧੨।੪੩।

ਧਨਾਸਰੀ ਮਹਲਾ ੫ ॥ ਦੂਤ ਦੁਸਮਨ ਸਭਿ ਤੁਝ ਤੇ ਨਿਵਰਹਿ, ਪ੍ਰਗਟ ਪ੍ਰਤਾਪੁ ਤੁਮਾਰਾ ॥ ਜੋ ਜੋ ਤੇਰੇ ਭਗਤ ਦੁਖਾਏ, ਓਹੁ ਤਤਕਾਲ ਤੁਮ ਮਾਰਾ ॥੧॥ ਨਿਰਖਉ ਤੁਮਰੀ ਓਰਿ ਹਰਿ ਨੀਤ ॥ ਮੁਰਾਰਿ ਸਹਾਇ ਹੋਹੁ ਦਾਸ ਕਉ ,ਕਰੁ ਗਹਿ ਉਧਰਹੁ ਮੀਤ ॥ਰਹਾਉ॥ ਸੁਣੀ ਬੇਨਤੀ ਠਾਕੁਰਿ ਮੇਰੈ, ਖਸਮਾਨਾ ਕਰਿ ਆਪਿ ॥ ਨਾਨਕ ਅਨਦ ਭਏ ਦੁਖ ਭਾਗੇ, ਸਦਾ ਸਦਾ ਹਰਿ ਜਾਪਿ ॥੨॥੧੩॥੪੪॥ (ਹੇ ਪ੍ਰਭੂ! ਕਾਮਾਦਿਕ) ਦੂਤ ਤੇ ਦੁਸ਼ਮਨ ਸਾਰੇ ਤੇਰੀ (ਕ੍ਰਿਪਾ) ਨਾਲ ਦੂਰ ਹੋ ਜਾਂਦੇ ਹਨ, (ਕਿਉਂਕਿ ਜਗਤ ਵਿਚ ਤੇਰਾ) ਪ੍ਰਤੱਖ ਪ੍ਰਤਾਪ ਹੈ। ਜਿਹੜਾ

ਜਿਹੜਾ (ਦੁਸ਼ਮਨ) ਤੇਰੇ ਭਗਤਾਂ ਨੂੰ ਦੁਖੀ ਕਰਦਾ ਹੈ, ਉਹ ਤੈਂ ਤੁਰੰਤ ਮਾਰ ਦਿਤਾ ਹੈ।੧।ਹੇ ਹਰੀ! ਮੈਂ (ਸਹਾਇਤਾ ਲਈ) ਸਦਾ ਤੇਰੇ ਵੱਲ ਹੀ ਦੇਖਦਾ ਹਾਂ (ਹੋਰ ਕਿਸੇ ਵੱਲ ਨਹੀਂ)।ਹੇ ਪ੍ਰਭੂ! ਅਪਣੇ ਦਾਸ ਦੇ ਲਈ ਸਹਾਈ ਹੋਵੋਂ, ਹੇ ਮੇਰੇ ਮਿਤ੍ਰ ਪ੍ਰਭੂ! ਮੇਰਾ ਹੱਥ ਫੜ ਕੇ ਮੈਨੂੰ (ਵੈਰੀਆਂ ਤੋਂ) ਬਚਾ ਲਵੋ।ਰਹਾਉ।(ਹੇ ਭਾਈ!) ਮੇਰੇ ਠਾਕੁਰ ਨੇ ਆਪ ਪੱਖ ਕਰਕੇ ਮੇਰੀ ਬੇਨਤੀ ਸੁਣ ਲਈ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਸਦਾ ਸਦਾ ਹਰਿ ਹਰਿ ਨਾਮ ਜਪ ਕੇ ਅਨੰਦ ਪ੍ਰਾਪਤ ਹੋ ਗਏ ਹਨ ਅਤੇ ਦੁਖ ਨੱਠ ਗਏ ਹਨ।੨।੧੩।੪੪।

ਪਦਾਰਥ = ਦੂਤ-(ਕਾਮਾਦਿਕ) ਵੈਰੀ; ਜਮ ਦੂਤ।ਤੁਝ ਤੇ-ਤੇਰੀ (ਕ੍ਰਿਪਾ) ਨਾਲ।ਨਿਵਰਹਿ-ਦੂਰ ਹੋ ਜਾਂਦੇ ਹਨ।ਪ੍ਰਗਟ-ਪ੍ਰਤੱਖ। ਪ੍ਰਤਾਪੁ-ਤੇਜ; ਬਲ।ਜੋ-ਜਿਹੜਾ।ਦੁਖਾਏ-ਦੁਖੀ ਕਰਦਾ ਹੈ।ਓਹੁ-ਉਹ (ਦੁਸ਼ਮਨ)।ਤਤਕਾਲ-ਤੁਰੰਤ; ਉਸੇ ਸਮੇਂ।ਮਾਰਾ-ਮਾਰ ਦਿਤੇ ਹਨ।੧।ਨਿਰਖਉ-ਮੈਂ ਦੇਖਦਾ ਹਾਂ।ਤੁਮਰੀ ਓਰਿ-ਤੇਰੇ ਵੱਲ।ਨੀਤ-ਨਿੱਤ; ਸਦਾ।ਮੁਰਾਰਿ-ਹੰਕਾਰ ਦਾ ਵੈਰੀ ਪ੍ਰਭੂ।ਸਹਾਇ ਹੋਹੁ-ਸਹਾਈ ਹੋਵੋ।ਕਉ-ਲਈ; ਨੂੰ।ਕਰੁ-ਹੱਥ।ਗਹਿ-ਫੜ ਕੇ।ਉਧਰਹੁ-ਬਚਾ ਲਵੋ।ਮੀਤ-ਹੇ ਮਿਤ੍ਰ!।ਰਹਾਉ।ਠਾਕੁਰਿ-ਮਾਲਕ ਪ੍ਰਭੂ ਨੇ।ਖਸਮਾਨਾ ਕਰਿ-ਪੱਖ; ਸਹਾਇਤਾ ਕਰਕੇ; ਮਾਲਕ ਵਾਲਾ ਫਰਜ ਪੂਰਾ ਕਰਕੇ।ਭਏ-ਹੋ ਗਏ।ਭਾਗੇ-ਨੱਠ ਗਏ।੨।੧੩।੪੪।

ਧਨਾਸਰੀ ਮਹਲਾ ੫ ॥ ਚਤੁਰ ਦਿਸਾ ਕੀਨੋ ਬਲੁ ਅਪਨਾ, ਸਿਰ ਊਪਰਿ ਕਰੁ ਧਾਰਿਓ ॥ ਕ੍ਰਿਪਾ ਕਟਾਖ੍ਯ ਅਵਲੋਕਨੁ ਕੀਨੋ, ਦਾਸ ਕਾ ਦੂਖੁ ਬਿਦਾਰਿਓ ॥੧॥ ਹਰਿ ਜਨ ਰਾਖੇ ਗੁਰ ਗੋਵਿੰਦ ॥ ਕੰਠਿ ਲਾਇ ਅਵਗੁਣ ਸਭਿ ਮੇਟੇ, ਦਇਆਲ ਪੁਰਖ ਬਖਸੰਦ ॥ਰਹਾਉ॥ ਜੋ ਮਾਗਹਿ ਠਾਕੁਰ ਅਪਨੇ ਤੇ, ਸੋਈ ਸੋਈ ਦੇਵੈ ॥ ਨਾਨਕ ਦਾਸੁ ਮੁਖ ਤੇ ਜੋ ਬੋਲੈ, ਈਹਾ ਊਹਾ ਸਚੁ ਹੋਵੈ ॥੨॥੧੪॥੪੫॥ (ਹੇ ਭਾਈ! ਪ੍ਰਭੂ ਨੇ) ਚਾਰੇ ਦਿਸ਼ਾਵਾਂ ਵਿਚ ਅਪਣਾ ਬਲ ਅਸਥਾਪਨ ਕੀਤਾ ਹੋਇਆ ਹੈ (ਸਾਰਾ ਜਗਤ ਉਸ ਦੇ ਅਧੀਨ ਹੈ, ਉਸ ਨੇ ਅਪਣੇ ਦਾਸ ਦੇ) ਸਿਰ ਉਤੇ ਹੱਥ ਰੱਖਿਆ ਹੈ।(ਉਸ ਨੇ) ਕ੍ਰਿਪਾ ਦ੍ਰਿਸਟੀ ਨਾਲ ਨਜਰ ਕੀਤੀ ਅਤੇ ਦਾਸ ਦਾ ਦੁਖ ਦੂਰ ਕਰ ਦਿਤਾ।੧।(ਹੇ ਭਾਈ!) ਗੋਵਿੰਦ ਰੂਪ ਗੁਰੂ ਨੇ ਹਰੀ ਦੇ ਸੇਵਕਾਂ ਦੀ ਰੱਖਿਆ ਕੀਤੀ ਹੈ।ਬਖਸਨਹਾਰ ਦਿਆਲੂ ਪੁਰਖ ਪ੍ਰਭੂ ਨੇ ਅਪਣੇ ਗਲ ਨਾਲ ਲਾ ਕੇ (ਦਾਸ ਦੇ) ਸਾਰੇ ਅਵਗੁਣ ਮੇਟ ਦਿਤੇ ਹਨ।ਰਹਾਉ।(ਹੇ ਭਾਈ! ਪ੍ਰਭੂ ਦੇ ਦਾਸ) ਜੋ ਕੁਝ ਵੀ ਅਪਣੇ ਮਾਲਕ ਪ੍ਰਭੂ ਤੋਂ ਮੰਗਦੇ ਹਨ, ਉਹ ਉਹ ਹੀ (ਪਦਾਰਥ ਉਹ) ਦੇ ਦੇਂਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ (ਪ੍ਰਭੂ ਦਾ) ਦਾਸ ਮੂੰਹ ਤੋਂ ਜੋ ਬਚਨ ਬੋਲਦਾ ਹੈ, (ਉਹ ਬੋਲਿਆ ਬਚਨ) ਇਸ ਲੋਕ ਵਿਚ ਤੇ ਉਸ ਲੋਕ ਵਿਚ ਵੀ ਸੱਚਾ (ਪੂਰਾ) ਹੁੰਦਾ ਹੈ।੨।੧੪।੪੫।

ਪਦਾਰਥ = ਚਤੁਰ ਦਿਸਾ-ਚਾਰੇ ਪਾਸੇ।ਕੀਨੋ-ਕੀਤਾ।ਬਲੁ-ਤਾਕਤ।ਕਰੁ-ਹੱਥ।ਧਾਰਿਓ-ਰੱਖਿਆ ਹੈ।ਕ੍ਰਿਪਾ ਕਟਾਖ੍ਯ-ਕ੍ਰਿਪਾ ਦ੍ਰਿਸਟੀ ਨਾਲ।ਅਵਲੋਕਨੁ ਕੀਨੋ-ਨਜਰ ਕੀਤੀ।ਬਿਦਾਰਿਓ-ਦੂਰ ਕਰ ਦਿਤਾ।੧।ਹਰਿ ਜਨ-ਹਰੀ ਦੇ ਸੇਵਕ।ਰਾਖੇ-ਰੱਖਿਆ ਕੀਤੀ।ਗੁਰ ਗੋਵਿੰਦ-ਪ੍ਰਭੂ ਰੂਪ ਗੁਰੂ ਨੇ।ਕੰਠਿ ਲਾਇ-ਗਲ ਨਾਲ ਲਾ ਕੇ।ਪੁਰਖ ਬਖਸੰਦ-ਬਖਸ਼ਣ ਵਾਲੇ ਸਰਬ ਵਿਆਪਕ ਪ੍ਰਭੂ ਨੇ।ਰਹਾਉ। ਮਾਗਹਿ-ਮੰਗਦੇ ਹਨ।ਠਾਕੁਰ ਤੇ-ਮਾਲਕ ਪ੍ਰਭੂ ਤੋਂ।ਸੋਈ ਸੋਈ-ਉਹ ਉਹ ਹੀ।ਦੇਵੈ-ਦੇਂਦਾ ਹੈ।ਈਹਾ-ਇਸ ਲੋਕ ਵਿਚ।ਊਹਾ-ਉਸ ਲੋਕ (ਅਗਲੀ ਦੁਨੀਆਂ) ਵਿਚ।ਸਚੁ ਹੋਵੈ-ਸੱਚਾ (ਪੂਰਾ) ਹੁੰਦਾ ਹੈ।੨।੧੪।੪੫।

ਅੰਗ ੬੮੨ = ਧਨਾਸਰੀ ਮਹਲਾ ੫ ॥ ਅਉਖੀ ਘੜੀ ਨ ਦੇਖਣ ਦੇਈ, ਅਪਨਾ ਬਿਰਦੁ ਸਮਾਲੇ ॥ ਹਾਥ ਦੇਇ ਰਾਖੈ ਅਪਨੇ ਕਉ, ਸਾਸਿ ਸਾਸਿ ਪ੍ਰਤਿਪਾਲੇ ॥੧॥ ਪ੍ਰਭ ਸਿਉ ਲਾਗਿ ਰਹਿਓ ਮੇਰਾ ਚੀਤੁ ॥ ਆਦਿ ਅੰਤਿ ਪ੍ਰਭੁ ਸਦਾ ਸਹਾਈ, ਧੰਨੁ ਹਮਾਰਾ ਮੀਤੁ ॥ਰਹਾਉ॥ ਮਨਿ ਬਿਲਾਸ ਭਏ ਸਾਹਿਬ ਕੇ, ਅਚਰਜ ਦੇਖਿ ਬਡਾਈ ॥ ਹਰਿ ਸਿਮਰਿ ਸਿਮਰਿ ਆਨਦ ਕਰਿ ਨਾਨਕ, ਪ੍ਰਭਿ ਪੂਰਨ ਪੈਜ ਰਖਾਈ ॥੨॥੧੫॥੪੬॥ (ਹੇ ਭਾਈ! ਪ੍ਰਭੂ ਅਪਣੇ ਦਾਸਾਂ ਨੂੰ) ਦੁਖ ਦੇਣ ਵਾਲਾ ਸਮਾਂ ਨਹੀਂ ਦੇਖਣ ਦੇਂਦਾ ਅਤੇ ਅਪਣਾ ਰੱਖਿਆ ਕਰਨ ਵਾਲਾ ਸੁਭਾਵ ਯਾਦ ਰੱਖਦਾ ਹੈ।(ਉਹ) ਅਪਣੇ ਦਾਸਾਂ ਨੂੰ ਹੱਥ ਦੇ ਕੇ ਬਚਾਈ ਰੱਖਦਾ ਹੈ ਅਤੇ ਹਰੇਕ ਸਾਹ ਦੇ ਨਾਲ ਪਾਲਣਾ ਕਰਦਾ ਹੈ।੧। (ਹੇ ਭਾਈ!) ਪ੍ਰਭੂ ਨਾਲ ਮੇਰਾ ਚਿਤ ਲੱਗ ਰਿਹਾ (ਜੁੜਿਆ ਹੋਇਆ) ਹੈ।ਪ੍ਰਭੂ ਆਦਿ ਤੋਂ ਅੰਤ ਤਕ (ਸ੍ਰਿਸਟੀ ਦੇ ਸ਼ੁਰੂ ਹੋਣ ਤੋਂ ਸ੍ਰਿਸਟੀ ਦੇ ਅੰਤ ਤਕ ਅਪਣੇ ਦਾਸਾਂ ਦੀ) ਸਦਾ ਹੀ ਸਹਾਇਤਾ ਕਰਨ ਵਾਲਾ ਹੈ, (ਉਹ) ਮੇਰਾ ਮਿਤ੍ਰ ਧੰਨਤਾ ਦੇ ਯੋਗ ਹੈ।ਰਹਾਉ।(ਹੇ ਭਾਈ!) ਮਾਲਕ ਪ੍ਰਭੂ ਦੇ ਅਸਚਰਜ ਕੌਤਕ ਤੇ ਵਡਿਆਈ ਦੇਖ ਕੇ ਮੇਰੇ ਮਨ ਵਿਚ ਬਹੁਤ ਅਨੰਦ ਹੋਇਆ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਹਰੀ ਨੂੰ ਸਿਮਰ ਸਿਮਰ ਕੇ ਅਸੀਂ ਅਨੰਦ ਮਾਣਦੇ ਹਾਂ ਅਤੇ ਪ੍ਰਭੂ ਨੇ ਸਾਡੀ ਪੂਰੀ ਇਜਤ ਰੱਖ ਲਈ ਹੈ।੨।੧੫।੪੬।

ਪਦਾਰਥ = ਅਉਖੀ ਘੜੀ-ਦੁਖ ਦੇਣ ਵਾਲਾ ਸਮਾਂ।ਦੇਈ-ਦੇਂਦਾ।ਬਿਰਦੁ-ਰੱਖਿਆ ਕਰਨ ਵਾਲਾ ਸੁਭਾਵ।ਸਮਾਲੇ-ਯਾਦ ਰੱਖਦਾ ਹੈ। ਦੇਇ-ਦੇ ਕੇ।ਰਾਖੈ-ਬਚਾਈ ਰੱਖਦਾ ਹੈ।ਕਉ-ਨੂੰ।ਸਾਸਿ ਸਾਸਿ-ਹਰੇਕ ਸਾਹ ਨਾਲ।ਪ੍ਰਤਿਪਾਲੇ-ਪਾਲਣਾ ਕਰਦਾ ਹੈ।੧।ਸਿਉ-ਨਾਲ। ਆਦਿ-ਸ਼ੁਰੂ ਤੋਂ।ਅੰਤਿ-ਅੰਤ ਤਕ।ਸਹਾਈ-ਸਹਾਇਤਾ ਕਰਨ ਵਾਲਾ।ਮੀਤੁ-ਮਿਤ੍ਰ।ਧੰਨੁ-ਸਲਾਹੁਣ ਯੋਗ।ਰਹਾਉ।ਮਨਿ-ਮਨ ਵਿਚ।ਬਿਲਾਸ-ਖੁਸ਼ੀਆਂ।ਭਏ-ਹੋਇਆ।ਸਾਹਿਬ ਕੇ-ਮਾਲਕ ਪ੍ਰਭੂ ਦੇ।ਕਰਿ-ਮਾਣਦੇ ਹਾਂ।ਪ੍ਰਭਿ-ਪ੍ਰਭੂ ਨੇ।ਪੈਜ-ਇੱਜਤ।੨।੧੫।੪੬।

ਧਨਾਸਰੀ ਮਹਲਾ ੫ ॥ ਜਿਸ ਕਉ ਬਿਸਰੈ ਪ੍ਰਾਨਪਤਿ ਦਾਤਾ, ਸੋਈ ਗਨਹੁ ਅਭਾਗਾ ॥ ਚਰਨ ਕਮਲ ਜਾ ਕਾ ਮਨੁ ਰਾਗਿਓ, ਅਮਿਅ ਸਰੋਵਰ ਪਾਗਾ ॥੧॥ ਤੇਰਾ ਜਨੁ ਰਾਮ ਨਾਮ ਰੰਗਿ ਜਾਗਾ ॥ ਆਲਸੁ ਛੀਜਿ ਗਇਆ ਸਭੁ ਤਨ ਤੇ, ਪ੍ਰੀਤਮ ਸਿਉ ਮਨੁ ਲਾਗਾ ॥ਰਹਾਉ॥ ਜਹ ਜਹ ਪੇਖਉ ਤਹ ਨਾਰਾਇਣ, ਸਗਲ ਘਟਾ ਮਹਿ ਤਾਗਾ ॥ ਨਾਮ ਉਦਕੁ ਪੀਵਤ ਜਨ ਨਾਨਕ, ਤਿਆਗੇ ਸਭਿ ਅਨੁਰਾਗਾ ॥੨॥

੧੬॥੪੭॥ (ਹੇ ਭਾਈ!) ਜਿਸ ਨੂੰ ਦਾਤਾਂ ਦੇਣ ਵਾਲਾ ਪ੍ਰਾਣਾਂ ਦਾ ਪਤੀ ਪ੍ਰਭੂ ਭੁੱਲ ਜਾਂਦਾ ਹੈ, ਉਸ ਮਨੁੱਖ ਨੂੰ ਬਦ ਕਿਸਮਤ ਗਿਣੋ (ਸਮਝੋ)। ਜਿਸ ਦਾ ਮਨ ਪ੍ਰਭੂ ਦੇ ਚਰਨਾਂ ਕਮਲਾਂ ਨਾਲ ਰੰਗਿਆ ਗਿਆ ਹੈ, (ਉਹ ਮਨੁੱਖ ਨਾਮ) ਅੰਮ੍ਰਿਤ ਦੇ ਸਰੋਵਰ ਵਿਚ ਭਿੱਜ (ਨਾਮ ਸਿਮਰਨ ਵਿਚ ਮਗਨ ਹੋ) ਗਿਆ ਹੈ।੧।(ਹੇ ਪ੍ਰਭੂ!) ਤੇਰਾ ਸੇਵਕ ਰਾਮ ਨਾਮ ਦੇ ਰੰਗ ਵਿਚ (ਪ੍ਰੇਮ ਕਰਕੇ ਮੋਹ ਮਾਇਆ ਦੀ ਨੀਂਦ ਵਿਚੋਂ) ਜਾਗ ਪਿਆ ਹੈ।(ਉਸ ਦੇ) ਸਰੀਰ ਤੋਂ ਸਾਰਾ ਆਲਸ ਦੂਰ ਹੋ ਗਿਆ ਹੈ ਅਤੇ (ਉਸ ਦਾ) ਮਨ ਪਿਆਰੇ ਪ੍ਰਭੂ ਨਾਲ ਜੁੜ ਗਿਆ ਹੈ। ਰਹਾਉ।(ਹੇ ਭਾਈ! ਨਾਮ ਸਿਮਰਨ ਦੀ ਬਰਕਤ ਨਾਲ) ਜਿਥੇ ਜਿਥੇ ਵੀ ਮੈਂ ਦੇਖਦਾ ਹਾਂ, ਉਥੇ ਵਿਆਪਕ ਪ੍ਰਭੂ ਹੀ ਦਿਸਦਾ ਹੈ, ਉਹ ਸਾਰੇ ਜੀਵਾਂ ਵਿਚ ਧਾਗੇ (ਤਾਣੇ ਪੇਟੇ) ਦੀ ਤਰ੍ਹਾਂ ਪ੍ਰੋਇਆ ਹੋਇਆ ਹੈ। ਨਾਮ ਦਾ ਅੰਮ੍ਰਿਤ ਜਲ ਪੀਂਦਿਆਂ ਦਾਸ ਨਾਨਕ ਨੇ ਦੁਨੀਆਂ ਦੇ ਸਾਰੇ (ਪਦਾਰਥਾਂ ਤੇ ਸਬੰਧੀਆਂ ਦੇ) ਪਿਆਰ ਛਡ ਦਿਤੇ ਹਨ।੨।੧੬।੪੭।

ਪਦਾਰਥ = ਜਿਸ ਕਉ–ਜਿਸ ਨੂੰ। ਬਿਸਰੈ–ਭੁੱਲ ਜਾਂਦਾ ਹੈ। ਪ੍ਰਾਨਪਤਿ–ਪ੍ਰਾਣਾਂ ਦਾ ਮਾਲਕ ਪ੍ਰਭੂ। ਸੋਈ–ਉਸ ਨੂੰ। ਗਨਹੁ–ਗਿਣੋ; ਸਮਝੋ। ਅਭਾਗਾ–ਮਾੜੀ ਕਿਸਮਤ ਵਾਲਾ। ਜਾ ਕਾ–ਜਿਸ ਦਾ। ਰਾਗਿਓ–ਰੰਗਿਆ ਗਿਆ। ਅਮਿਅ ਸਰੋਵਰ–ਨਾਮ ਅੰਮ੍ਰਿਤ ਦਾ ਸਰੋਵਰ। ਪਾਗਾ–ਭਿੱਜ ਗਿਆ; ਮਗਨ ਹੋ ਗਿਆ।੧। ਜਨੁ–ਸੇਵਕ। ਰੰਗਿ–ਪ੍ਰੇਮ ਵਿਚ। ਜਾਗਾ–ਜਾਗ ਪਿਆ। ਛੀਜਿ ਗਇਆ–ਦੂਰ ਹੋ ਗਿਆ। ਤਨ ਤੇ–ਸਰੀਰ ਤੋਂ। ਸਿਉ–ਨਾਲ। ਲਾਗਾ–ਲਗ (ਜੁੜ) ਗਿਆ। ਰਹਾਉ। ਜਹ ਜਹ–ਜਿੱਥੇ ਜਿੱਥੇ। ਪੇਖਉ–ਮੈਂ ਦੇਖਦਾ ਹਾਂ। ਤਹ–ਉਥੇ। ਸਗਲ–ਸਾਰੇ। ਘਟਾ ਮਹਿ–ਜੀਵਾਂ ਵਿਚ। ਤਾਗਾ–ਧਾਗਾ। ਉਦਕੁ–ਜਲ। ਪੀਵਤ–ਪੀਂਦਿਆਂ। ਅਨੁਰਾਗਾ–ਪਿਆਰ।੨।੧੬।੪੭।

ਧਨਾਸਰੀ ਮਹਲਾ ੫ ॥ ਜਨ ਕੇ ਪੂਰਨ ਹੋਏ ਕਾਮ ॥ ਕਲੀ ਕਾਲ ਮਹਾ ਬਿਖਿਆ ਮਹਿ, ਲਜਾ ਰਾਖੀ ਰਾਮ ॥ਰਹਾਉ॥ ਸਿਮਰਿ ਸਿਮਰਿ ਸੁਆਮੀ ਪ੍ਰਭੁ ਅਪੁਨਾ, ਨਿਕਟਿ ਨ ਆਵੈ ਜਾਮ ॥ ਮੁਕਤਿ ਬੈਕੁੰਠ ਸਾਧ ਕੀ ਸੰਗਤਿ, ਜਨ ਪਾਇਓ ਹਰਿ ਕਾ ਧਾਮ ॥੧॥ ਚਰਨ ਕਮਲ ਹਰਿ ਜਨ ਕੀ ਥਾਤੀ, ਕੋਟਿ ਸੂਖ ਬਿਸ੍ਰਾਮ ॥ ਗੋਬਿੰਦੁ ਦਮੋਦਰ ਸਿਮਰਉ ਦਿਨ ਰੈਨਿ, ਨਾਨਕ ਸਦ ਕੁਰਬਾਨ ॥੨॥੧੭॥੪੮॥ (ਹੇ ਭਾਈ! ਹਰੀ ਦੇ) ਦਾਸਾਂ ਦੇ ਸਾਰੇ ਕੰਮ ਪੂਰੇ ਹੋ ਗਏ ਹਨ। ਕਲਜੁਗ ਦੇ ਅੱਤ ਜਹਿਰੀਲੇ ਸਮੇਂ ਵਿਚ ਸਰਬ ਵਿਆਪਕ ਰਾਮ ਨੇ (ਦਾਸਾਂ ਦੀ) ਲਾਜ ਰੱਖ ਲਈ ਹੈ। ਰਹਾਉ। ਅਪਣੇ ਮਾਲਕ ਪ੍ਰਭੂ ਨੂੰ ਸਿਮਰ ਸਿਮਰ ਕੇ ਦਾਸਾਂ ਦੇ ਨੇੜੇ ਜਮ (ਦਾ ਡਰ) ਨਹੀਂ ਆਉਂਦਾ। ਸਾਧੂਆਂ ਦੀ ਸੰਗਤ (ਹੀ ਦਾਸਾਂ ਲਈ) ਸਵਰਗ ਤੇ ਮੁਕਤੀ ਹੈ, (ਸਾਧ ਸੰਗਤ ਵਿਚੋਂ) ਦਾਸਾਂ ਨੇ ਹਰੀ ਦਾ ਘਰ ਪ੍ਰਾਪਤ ਕਰ ਲਿਆ ਹੈ।੧। ਹਰੀ ਦੇ ਚਰਨ ਕਮਲ ਦਾਸਾਂ ਦੀ ਧਨ ਦੀ ਥੈਲੀ ਹਨ, ਜਿਥੇ ਕ੍ਰੋੜਾਂ ਸੁੱਖ ਤੇ ਆਰਾਮ ਹਨ। ਨਾਨਕ ਗੁਰੂ ਜੀ ਆਖਦੇ ਹਨ ਕਿ ਮੈਂ ਦਿਨ ਰਾਤ ਪ੍ਰਭੂ ਦਾ ਨਾਮ ਸਿਮਰਦਾ ਹਾਂ ਅਤੇ (ਹਰੀ ਤੋਂ ਮੈਂ) ਸਦਾ ਕੁਰਬਾਨ ਜਾਂਦਾ ਹਾਂ।੨।੧੭।੪੮।

ਪਦਾਰਥ = ਜਨ ਕੇ–ਦਾਸਾਂ ਦੇ। ਪੂਰਨ–ਪੂਰੇ; ਸਫਲ। ਕਾਮ–ਕੰਮ; ਮਨੋਰਥ। ਕਲੀ ਕਾਲ ਮਹਿ–ਕਲਜੁਗ ਦੇ ਸਮੇਂ ਵਿਚ। ਬਿਖਿਆ–ਜਹਿਰੀਲਾ; ਮਾਇਆ। ਲਜਾ–(ਲੱਜਾ ਬੋਲੋ) ਲਾਜ (ਇੱਜਤ)। ਰਾਮ–ਸਰਬ ਵਿਆਪਕ ਪ੍ਰਭੂ। ਰਹਾਉ। ਸਿਮਰਿ–ਸਿਮਰ ਕੇ। ਸੁਆਮੀ–ਮਾਲਕ। ਨਿਕਟਿ–ਨੇੜੇ। ਜਾਮ–ਜਮ (ਦਾ ਡਰ)। ਬੈਕੁੰਠਿ–ਵਿਸ਼ਨੂੰ ਦਾ ਲੋਕ (ਸਵੱਰਗ)। ਧਾਮ–ਘਰ।੧। ਥਾਤੀ–ਧਨ ਦੀ ਥੈਲੀ। ਕੋਟਿ ਸੂਖ–ਕ੍ਰੋੜਾਂ ਸੁੱਖ। ਬਿਸ੍ਰਾਮ–ਆਰਾਮ; ਸ਼ਾਂਤੀ। ਗੋਬਿੰਦੁ–ਪ੍ਰਿਥਵੀ ਦਾ ਮਾਲਕ ਪ੍ਰਭੂ। ਦਮੋਦਰ–ਕ੍ਰਿਸ਼ਨ ਜੀ (ਦਾਮ–ਰੱਸੀ। ਉਦਰ–ਪੇਟ। ਕ੍ਰਿਸ਼ਨ ਜੀ ਦੇ ਪੇਟ ਦੁਆਲੇ ਮਾਤਾ ਜਸ਼ੋਧਾਂ ਨੇ ਰੱਸੀ ਬੰਨ੍ਹ ਦਿਤੀ ਸੀ, ਤਾਂ ਕਿ ਚੋਰੀ ਨਾ ਕਰ ਸਕੇ) ਗੋਬਿਦ ਤੇ ਦਮੋਦਰ ਆਦਿ ਨਾਮ ਪ੍ਰਮਾਤਮਾ ਲਈ ਵਰਤੇ ਹੋਏ ਹਨ। ਸਿਮਰਉ–ਸਿਮਰਦਾ ਹਾਂ। ਰੈਨਿ–ਰਾਤ। ਸਦ–ਸਦਾ।੨।੧੭।੪੮।

ਧਨਾਸਰੀ ਮਹਲਾ ੫ ॥ ਮਾਂਗਉ ਰਾਮ ਤੇ ਇਕੁ ਦਾਨੁ ॥ ਸਗਲ ਮਨੋਰਥ ਪੂਰਨ ਹੋਵਹਿ, ਸਿਮਰਉ ਤੁਮਰਾ ਨਾਮੁ ॥੧॥ਰਹਾਉ॥ ਚਰਨ ਤੁਮ੍ਹਾਰੇ ਹਿਰਦੈ ਵਾਸਹਿ, ਸੰਤਨ ਕਾ ਸੰਗੁ ਪਾਵਉ ॥ ਸੋਗ ਅਗਨਿ ਮਹਿ ਮਨੁ ਨ ਵਿਆਪੈ, ਆਠ ਪਹਰ ਗੁਣ ਗਾਵਉ ॥੧॥ ਸ੍ਵਸਤਿ ਬਿਵਸਥਾ ਹਰਿ ਕੀ ਸੇਵਾ, ਮਧ੍ਯੰਤ ਪ੍ਰਭ ਜਾਪਣ ॥ ਨਾਨਕ ਰੰਗੁ ਲਗਾ ਪਰਮੇਸਰ, ਬਾਹੁੜਿ ਜਨਮ ਨ ਛਾਪਣ ॥੨॥੧੮॥੪੯॥ (ਹੇ ਭਾਈ!) ਮੈਂ ਰਾਮ ਤੋਂ (ਨਾਮ ਸਿਮਰਨ ਦਾ) ਇਕ ਦਾਨ ਮੰਗਦਾ ਹਾਂ।(ਜਿਸ ਦੇ ਸਿਮਰਨ ਨਾਲ) ਸਾਰੇ ਮਨੋਰਥ ਪੂਰੇ ਹੋ ਜਾਂਦੇ ਹਨ ਅਤੇ (ਅਰਦਾਸ ਕਰਦਾ ਹਾਂ ਕਿ ਹੇ ਪ੍ਰਭੂ!) ਮੈਂ ਤੇਰਾ ਨਾਮ ਸਿਮਰਦਾ ਰਹਾਂ।੧। ਰਹਾਉ।(ਹੇ ਪ੍ਰਭੂ! ਕ੍ਰਿਪਾ ਕਰ) ਤੇਰੇ ਚਰਨ ਮੇਰੇ ਹਿਰਦੇ ਵਿਚ ਵਸ ਜਾਣ ਅਤੇ ਤੇਰੇ ਸੰਤਾਂ ਦਾ ਸੰਗ ਪ੍ਰਾਪਤ ਹੋਵੇ। ਸੋਗ ਦੀ ਅੱਗ ਵਿਚ ਮੇਰਾ ਮਨ ਨਾ ਪਵੇ ਅਤੇ ਅੱਠੇ ਪਹਿਰ ਤੇਰੇ ਗੁਣ ਗਾਉਂਦਾ ਰਹਾਂ।੧। ਬਚਪਨ ਵਿਚ ਹਰੀ ਦੀ ਸੇਵਾ ਭਗਤੀ ਕਰਾਂ, ਵਿਚਕਾਰਲੀ ਉਮਰ ਤੇ ਅੰਤ ਸਮੇਂ ਤਕ ਪ੍ਰਭੂ ਦਾ ਜਾਪ ਕਰਦਾ ਰਹਾਂ। ਨਾਨਕ ਗੁਰੂ ਜੀ ਆਖਦੇ ਹਨ (ਕਿ ਜਿਸ ਮਨੁੱਖ ਨੂੰ) ਪ੍ਰਮੇਸਰ ਦਾ ਪ੍ਰੇਮ ਲੱਗਾ ਹੈ, (ਉਸ ਦਾ) ਮੁੜ ਦੁਬਾਰਾ ਜਨਮ ਤੇ ਮਰਨ ਨਹੀਂ ਹੋਵੇਗਾ; (ਉਸ ਨੂੰ) ਮੁੜ ਕੇ ਜਨਮਾਂ ਦੀ ਛਾਪ (ਠੱਪਾ) ਨਹੀਂ ਲਗਦਾ।੨।੧੭।੪੮।

ਸ੍ਵਸਤਿ ਬਿਵਸਥਾ = ਕਲਿਆਣ (ਸੁਖ) ਰੂਪ ਅਵਸਥਾ ਤਾਂ ਹਰੀ ਦੀ ਸੇਵਾ ਹੈ ਅਤੇ ਅਤੀ ਸੁੰਦਰਤਾ ਵਾਲੀ ਅਵਸਥਾ ਪ੍ਰਭੂ ਦਾ ਜਪਣਾ ਹੈ (ਗੁ. ਗ੍ਰੰ. ਕੋਸ਼ ਵਿਚ ਦੋਵੇਂ ਅਰਥ ਹਨ); ਸਰੀਰ ਦੀ ਅਰੋਗ ਅਵਸਥਾ ਸਮੇਂ ਹਰੀ ਦੀ ਸੇਵਾ ਭਗਤੀ ਕਰਾਂ ਅਤੇ ਹਿਰਦੇ ਅੰਦਰ ਪ੍ਰਭੂ ਦਾ ਜਾਪ ਕਰਦਾ ਰਹਾਂ (ਟਕਸਾਲ ਨੇ ਵੀ ਉਪਰੋਕਤ ਸਾਰੇ ਅਰਥ ਕੀਤੇ ਹਨ)।

ਪਦਾਰਥ = ਮਾਗਉ–ਮੈਂ ਮੰਗਦਾ ਹਾਂ। ਰਾਮ ਤੇ–ਵਾਹਿਗੁਰੂ ਤੋਂ। ਸਗਲ–ਸਾਰੇ। ਮਨੋਰਥ–ਮਨ ਦੀਆਂ ਮੁਰਾਦਾਂ। ਹੋਵਹਿ–ਹੋ ਜਾਂਦੇ ਹਨ।

ਸਿਮਰਉ–ਸਿਮਰਦਾ ਰਹਾਂ।੧।ਰਹਾਉ।ਹਿਰਦੈ–ਹਿਰਦੇ ਵਿਚ।ਵਾਸਹਿ–ਵਸ ਜਾਣ।ਪਾਵਉ–ਪ੍ਰਾਪਤ ਕਰਾਂ।ਅਗਨਿ ਮਹਿ–ਅੱਗ ਵਿਚ।ਨ ਵਿਆਪੈ–ਨਾ ਪਵੇ; ਨਾ ਫਸੇ।ਗਾਵਉ–ਗਾਉਂਦਾ ਰਹਾਂ।੧।ਸੂਸਤਿ ਬਿਵਸਥਾ–ਬਚਪਨ ਦੀ ਬੇਫਿਕਰੀ ਵਾਲੀ ਹਾਲਤ; ਭਾਗਾਂ ਵਾਲੀ ਅਵਸਥਾ; ਕਲਿਆਣ ਰੂਪ ਅਵਸਥਾ।ਸੇਵਾ–ਸੇਵਾ ਭਗਤੀ।ਮਧੰਤ–ਮਧ+ਅੰਤ–ਵਿਚਕਾਰਲੀ ਤੇ ਅੰਤ ਦੇ ਸਮੇਂ (ਜਵਾਨੀ ਤੇ ਬੁਢੇਪੇ) ਤਕ।ਜਾਪਣ–ਜਪਦਾ ਰਹਾਂ।ਰੰਗੁ–ਪ੍ਰੇਮ।ਬਾਹੁੜਿ–ਮੁੜ ਕੇ।ਛਾਪਣ–ਮਰਨਾ; ਛਾਪ (ਠੱਪਾ; ਚਿੰਨ੍ਹ)।੨।੧੭।੪੮।

ਧਨਾਸਰੀ ਮਹਲਾ ੫ ॥ ਮਾਂਗਉ ਰਾਮ ਤੇ ਸਭਿ ਥੋਕ ॥ ਮਾਨੁਖ ਕਉ ਜਾਚਤ ਸ੍ਰਮੁ ਪਾਈਐ, ਪ੍ਰਭ ਕੈ ਸਿਮਰਨਿ ਮੋਖ ॥੧॥ਰਹਾਉ॥ ਘੋਖੇ ਮੁਨਿ ਜਨ ਸਿੰਮ੍ਰਿਤਿ ਪੁਰਾਨਾਂ, ਬੇਦ ਪੁਕਾਰਹਿ ਘੋਖ ॥ ਕ੍ਰਿਪਾ ਸਿੰਧੁ ਸੇਵਿ ਸਚੁ ਪਾਈਐ, ਦੋਵੈ ਸੁਹੇਲੇ ਲੋਕ ੧॥ ਆਨ ਅਚਾਰ ਬਿਉਹਾਰ ਹੈ ਜੇਤੇ, ਬਿਨੁ ਹਰਿ ਸਿਮਰਨ ਫੋਕ ॥ ਨਾਨਕ ਜਨਮ ਮਰਣ ਭੈ ਕਾਟੇ, ਮਿਲਿ ਸਾਧੂ ਬਿਨਸੇ ਸੋਕ ॥੨॥੧੯॥੫੦॥(ਹੇ ਭਾਈ!) ਮੈਂ ਸਾਰੇ ਪਦਾਰਥ ਰਾਮ ਤੋਂ ਹੀ ਮੰਗਦਾ ਹਾਂ (ਹੋਰ ਕਿਸੇ ਕੋਲੋਂ ਨਹੀਂ)।ਮਨੁੱਖ ਪਾਸੋਂ ਮੰਗਦਿਆਂ ਥਕਾਵਟ ਹੀ ਪਾਈਦੀ ਹੈ (ਮੰਗ ਮੰਗ ਕੇ ਥੱਕ ਜਾਈਦਾ ਹੈ ,ਫਿਰ ਵੀ ਕੁਛ ਨਹੀਂ ਮਿਲਦਾ, ਪਰ) ਪ੍ਰਭੂ ਦੇ ਸਿਮਰਨ ਨਾਲ (ਸਭ ਕੁਛ ਮਿਲ ਜਾਂਦਾ ਹੈ ਤੇ) ਮੁਕਤੀ ਮਿਲਦੀ ਹੈ।੧।ਰਹਾਉ।ਮੁਨੀ ਜਨਾਂ ਨੇ ਸਿਮ੍ਰਤੀਆਂ ਤੇ ਪੁਰਾਣਾਂ ਦੀ ਧਿਆਨ ਨਾਲ ਵਿਚਾਰ ਕੀਤੀ ਹੈ ਅਤੇ ਵੇਦਾਂ ਨੂੰ ਵੀ ਵਿਚਾਰ ਕੇ ਮੁਨੀ ਜਨ ਇਹੀ ਪੁਕਾਰਦੇ ਹਨ।ਕਿ ਕ੍ਰਿਪਾ ਦੇ ਸਮੁੰਦਰ ਪ੍ਰਭੂ ਨੂੰ ਸਿਮਰ ਕੇ ਸੱਚ ਸਰੂਪ ਪ੍ਰਭੂ ਨੂੰ ਪਾਈਦਾ ਹੈ, (ਜਿਸ ਦੀ ਬਰਕਤ ਨਾਲ) ਦੋਵੇਂ ਲੋਕ ਸੁਖੀ ਹੋ ਜਾਂਦੇ ਹਨ (ਲੋਕ ਪ੍ਰਲੋਕ ਦੋਹਾਂ ਵਿਚ ਸੁਖ ਮਿਲਦਾ ਹੈ)।੧।ਹਰੀ ਦੇ ਸਿਮਰਨ ਤੋਂ ਬਿਨਾ ਹੋਰ ਜਿੰਨੀਆਂ ਰਹੁ ਰੀਤਾਂ ਤੇ (ਧਰਮ ਦੇ ਹੋਰ) ਕਾਰ ਵਿਹਾਰ ਹਨ, ਉਹ ਸਭ ਫੋਕੇ (ਬਿਅਰਥ) ਹਨ।ਨਾਨਕ ਗੁਰੂ ਜੀ ਆਖਦੇ ਹਨ ਕਿ ਸਾਧੂ (ਗੁਰੂ) ਨੂੰ ਮਿਲ ਕੇ ਜਨਮ ਮਰਨ ਦੇ ਭੈ ਕੱਟੇ ਜਾਂਦੇ ਹਨ ਅਤੇ ਗਮ ਵੀ ਨਾਸ਼ ਹੋ ਜਾਂਦੇ ਹਨ।੨।੧੯।੫੦।

ਪਦਾਰਥ =ਮਾਂਗਉ–ਮੈਂ ਮੰਗਦਾ ਹਾਂ।ਰਾਮ ਤੇ–ਵਾਹਿਗੁਰੂ ਤੋਂ।ਥੋਕ–ਪਦਾਰਥ।ਕਉ–ਪਾਸੋਂ।ਜਾਚਤ–ਮੰਗਦਿਆਂ।ਸ੍ਰਮੁ–ਥਕਾਵਟ; ਦੁੱਖ ;ਖੇਚਲ।ਸਿਮਰਨਿ–ਸਿਮਰਨ ਕਰਨ ਨਾਲ।ਮੋਖ–ਮੁਕਤੀ।੧।ਰਹਾਉ।ਘੋਖੇ–ਧਿਆਨ ਨਾਲ ਵਿਚਾਰ ਕੀਤੀ।ਮੁਨਿ ਜਨ–ਮੁਨੀ ਜਨਾਂ ਨੇ।ਪੁਕਾਰਹਿ–ਪੁਕਾਰਦੇ ਹਨ।ਘੋਖ–ਵਿਚਾਰ ਕੇ।ਕ੍ਰਿਪਾ ਸਿੰਧੁ–ਕ੍ਰਿਪਾ ਦਾ ਸਮੁੰਦਰ ਪ੍ਰਭੂ।ਸੇਵਿ–ਸਿਮਰ ਕੇ।ਸਚੁ–ਸੱਚ ਸਰੂਪ ਪ੍ਰਭੂ ਨੂੰ ;ਸੱਚਾ ਸੁਖ।ਸੁਹੇਲੇ–ਸੁਖੀ; ਸੌਖੇ।ਦੋਵੇ ਲੋਕ–ਇਹ ਲੋਕ ਤੇ ਅਗਲੀ ਦੁਨੀਆਂ।੧।ਆਨ–ਹੋਰ।ਅਚਾਰ–ਰਹੁ ਰੀਤਾਂ; ਰਸਮ ਰਿਵਾਜ। ਬਿਉਹਾਰ–(ਧਰਮ ਦੇ) ਕਾਰ ਵਿਹਾਰ।ਜੇਤੇ–ਜਿੰਨੇ ਵੀ।ਫੋਕ–ਬਿਅਰਥ।ਬਿਨਸੇ–ਨਾਸ਼ ਹੋ ਜਾਂਦੇ ਹਨ।ਸੋਕ–ਗਮ।੨।੧੯।੫੦।

ਧਨਾਸਰੀ ਮਹਲਾ ੫ ॥ ਤ੍ਰਿਸਨਾ ਬੁਝੈ ਹਰਿ ਕੈ ਨਾਮਿ ॥ ਮਹਾ ਸੰਤੋਖੁ ਹੋਵੈ ਗੁਰ ਬਚਨੀ, ਪ੍ਰਭ ਸਿਉ ਲਾਗੈ ਪੂਰਨ ਧਿਆਨੁ ॥੧॥ਰਹਾਉ ॥ (ਹੇ ਭਾਈ!) ਹਰੀ ਦਾ ਨਾਮ ਜਪਣ ਦੁਆਰਾ ਤ੍ਰਿਸ਼ਨਾ ਦੀ ਅੱਗ ਬੁਝ ਜਾਂਦੀ ਹੈ।ਗੁਰੂ ਦੇ ਬਚਨਾਂ (ਨੂੰ ਮੰਨਣ) ਦੁਆਰਾ ਵੱਡਾ ਸੰਤੋਖ ਪੈਦਾ ਹੋ ਜਾਂਦਾ ਹੈ ਅਤੇ ਪ੍ਰਭੂ ਨਾਲ ਪੂਰਨ ਤੌਰ ਤੇ ਧਿਆਨ ਲੱਗ (ਜੁੜ) ਜਾਂਦਾ ਹੈ।੧।ਰਹਾਉ।

ਅੰਗ ੬੮੩ = ਮਹਾ ਕਲੋਲ ਬੁਝਹਿ ਮਾਇਆ ਕੇ, ਕਰਿ ਕਿਰਪਾ ਮੇਰੇ ਦੀਨ ਦਇਆਲ ॥ ਅਪਣਾ ਨਾਮੁ ਦੇਹਿ ਜਪਿ ਜੀਵਾ, ਪੂਰਨ ਹੋਇ ਦਾਸ ਕੀ ਘਾਲ ॥੧॥ ਸਰਬ ਮਨੋਰਥ ਰਾਜ ਸੂਖ ਰਸ, ਸਦ ਖੁਸੀਆ ਕੀਰਤਨੁ ਜਪਿ ਨਾਮ ॥ ਜਿਸ ਕੈ ਕਰਮਿ ਲਿਖਿਆ ਧੁਰਿ ਕਰਤੈ, ਨਾਨਕ ਜਨ ਕੇ ਪੂਰਨ ਕਾਮ ॥੨॥੨੦॥੫੧॥ ਹੇ ਗਰੀਬਾਂ ਉਤੇ ਦਇਆ ਕਰਨ ਵਾਲੇ ਮੇਰੇ ਪ੍ਰਭੂ! (ਮੇਰੇ ਤੇ) ਕ੍ਰਿਪਾ ਕਰ, ਤਾਂ ਕਿ ਮਾਇਆ ਦੇ ਮਹਾਨ ਤਰੰਗ ਮੁਕ ਜਾਣ।(ਅਤੇ ਮੈਨੂੰ) ਅਪਣਾ ਨਾਮ ਬਖਸ ਦੇਹ, (ਜਿਸ ਨੂੰ) ਜਪ ਕੇ ਮੈਂ ਜਿਉਂਦਾ ਰਹਾਂ, (ਇਉਂ) ਦਾਸ ਦੀ ਮੇਹਨਤ ਪੂਰਨ ਹੋ ਜਾਵੇ।੧।(ਹੇ ਭਾਈ! ਪ੍ਰਭੂ ਦਾ) ਨਾਮ ਜਪ ਕੇ, ਕੀਰਤਨ ਕਰਕੇ ਸਾਰੇ ਮਨੋਰਥ ਪੂਰੇ ਹੋ ਜਾਂਦੇ ਹਨ, ਰਾਜ ਦੇ ਸੁੱਖ ਦਾ ਰਸ ਅਤੇ ਸਦੀਵੀ ਖੁਸ਼ੀਆਂ ਮਿਲ ਜਾਂਦੀਆਂ ਹਨ।ਨਾਨਕ ਗੁਰੂ ਜੀ ਆਖਦੇ ਹਨ ਕਿ ਜਿਸ ਦੇ ਭਾਗਾਂ ਵਿਚ ਕਰਤਾਰ ਨੇ ਧੁਰ ਤੋਂ (ਨਾਮ ਜਪਣਾ) ਲਿਖਿਆ ਹੋਇਆ ਹੈ, ਉਸ ਮਨੁੱਖ ਦੇ ਸਾਰੇ ਕੰਮ ਪੂਰਨ ਹੋ ਜਾਂਦੇ ਹਨ।੨।੨੦।੫੧।

ਪਦਾਰਥ = ਬੁਝੈ–ਬੁਝ ਜਾਂਦੀ ਹੈ।ਨਾਮਿ–ਨਾਮ ਦੁਆਰਾ।ਗੁਰ ਬਚਨੀ–ਗੁਰੂ ਦੇ ਬਚਨਾਂ ਦੁਆਰਾ।ਸਿਉ–ਨਾਲ।ਲਾਗੈ–ਲਗ (ਜੁੜ) ਜਾਂਦਾ ਹੈ।੧।ਰਹਾਉ।ਕਲੋਲ–ਲਹਿਰਾਂ; ਖੇਲ ਤਮਾਸ਼ੇ।ਦੀਨ ਦਇਆਲ–ਹੇ ਗਰੀਬਾਂ ਉਤੇ ਦਇਆ ਕਰਨ ਵਾਲੇ!।ਦੇਹਿ–ਬਖਸ਼ ਦੇਹ। ਜਪਿ–ਜਪ ਕੇ।ਪੂਰਨ–ਸਫਲ।ਘਾਲ–ਮੇਹਨਤ।੧।ਸਰਬ ਮਨੋਰਥ–ਮਨ ਦੀਆਂ ਸਾਰੀਆਂ ਮੁਰਾਦਾਂ।ਰਾਜ ਸੂਖ ਰਸ–ਰਾਜ ਦੇ ਸੁਖ ਦਾ ਰਸ।ਸਦ–ਸਦਾ।ਕਰਮਿ–ਭਾਗਾਂ ਵਿਚ।ਧੁਰਿ–ਧੁਰ ਤੋਂ।ਕਰਤੈ–ਕਰਤਾਰ ਨੇ।ਜਨ ਕੇ–ਮਨੁੱਖ ਦੇ।ਕਾਮ–ਕੰਮ।੨।੨੦।੫੧।

ਧਨਾਸਰੀ ਮਃ ੫ ॥ ਜਨ ਕੀ ਕੀਨੀ ਪਾਰਬ੍ਰਹਮਿ ਸਾਰ ॥ ਨਿੰਦਕ ਟਿਕਨੁ ਨ ਪਾਵਨਿ ਮੂਲੇ, ਊਡਿ ਗਏ ਬੇਕਾਰ ॥੧॥ਰਹਾਉ॥ ਜਹ ਜਹ ਦੇਖਉ ਤਹ ਤਹ ਸੁਆਮੀ, ਕੋਇ ਨ ਪਹੁਚਨਹਾਰ ॥ ਜੋ ਜੋ ਕਰੈ ਅਵਗਿਆ ਜਨ ਕੀ, ਹੋਇ ਗਇਆ ਤਤ ਛਾਰ ॥੧॥ ਕਰਨਹਾਰੁ ਰਖਵਾਲਾ ਹੋਆ, ਜਾ ਕਾ ਅੰਤੁ ਨ ਪਾਰਾਵਾਰ ॥ ਨਾਨਕ ਦਾਸ ਰਖੇ ਪ੍ਰਭਿ ਅਪੁਨੈ, ਨਿੰਦਕ ਕਾਢੇ ਮਾਰਿ ॥੨॥੨੧॥੫੨॥ (ਹੇ ਭਾਈ!) ਪਾਰਬ੍ਰਹਮ ਨੇ (ਸਦਾ ਹੀ ਅਪਣੇ) ਦਾਸ ਦੀ ਸੰਭਾਲ ਕੀਤੀ ਹੈ।(ਹੁਣ) ਨਿੰਦਕ ਲੋਕ ਬਿਲਕੁਲ ਵੀ ਟਿਕਾਉ ਪ੍ਰਾਪਤ ਨਹੀਂ ਕਰ ਸਕਦੇ (ਮੁਕਾਬਲਾ ਨਹੀਂ ਕਰ ਸਕਦੇ, ਉਹ) ਨਿਕੰਮੇ ਲੋਕ ਉਡ (ਤਬਾਹ ਹੋ) ਗਏ।੧।ਰਹਾਉ।(ਹੇ ਭਾਈ!) ਮੈਂ ਜਿਥੇ ਜਿਥੇ ਵੀ ਦੇਖਦਾ ਹਾਂ, ਉਥੇ ਉਥੇ (ਮੇਰੀ ਰੱਖਿਆ ਕਰਨ ਵਾਲਾ) ਮਾਲਕ ਪ੍ਰਭੂ ਮੌਜੂਦ ਹੈ, (ਪ੍ਰਭੂ ਦੀ ਕਿਰਪਾ ਦਾ ਸਦਕਾ ਮੇਰੇ ਤਕ) ਕੋਈ ਨਹੀਂ ਪਹੁੰਚਣ

ਵਾਲਾ ਨਹੀਂ ਹੈ (ਕੋਈ ਨੁਕਸਾਨ ਪੁਚਾਉਣ ਵਾਲਾ ਨਹੀਂ)।ਜੋ ਜੋ ਮਨੁੱਖ ਪ੍ਰਭੂ ਦੇ ਸੇਵਕ ਦੀ ਨਿਰਾਦਰੀ ਕਰਦਾ ਹੈ, ਉਹ ਤੁਰਤ ਹੀ ਸੁਆਹ ਹੋ ਗਿਆ ਹੈ।੧।(ਹੇ ਭਾਈ!) ਜਗਤ ਨੂੰ ਪੈਦਾ ਕਰਨ ਵਾਲਾ ਪ੍ਰਭੂ (ਅਪਣੇ ਦਾਸ ਦਾ) ਰਖਵਾਲਾ ਹੋਇਆ ਹੈ, ਜਿਸ ਦੇ ਉਰਾਰ ਤੇ ਪਾਰ ਦਾ ਕੋਈ ਅੰਤ ਨਹੀਂ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਅਪਨੇ ਪ੍ਰਭੂ ਨੇ ਦਾਸ (ਦੁਖ ਤਕਲੀਫਾਂ ਤੋਂ) ਬਚਾ ਕੇ ਰੱਖੇ ਹਨ ਅਤੇ ਨਿੰਦਕ ਲੋਕ ਮਾਰ ਕੇ (ਅਪਣੇ ਦਰ ਤੋਂ ਬਾਹਰ) ਕੱਢ ਦਿਤੇ ਹਨ।੨।੨੧।੫੨।

ਪਦਾਰਥ = ਪਾਰਬ੍ਰਹਮਿ–ਪਾਰਬ੍ਰਹਮ ਨੇ।ਕੀਨੀ–ਕੀਤੀ ਹੈ।ਸਾਰ–ਸੰਭਾਲ।ਟਿਕਨੁ ਨ ਪਾਵਨਿ–ਟਿਕਾਉ ਪ੍ਰਾਪਤ ਨਹੀਂ ਕਰ ਸਕਦੇ। ਮੂਲੇ–ਬਿਲਕੁਲ; ਉੱਕਾ ਹੀ।ਬੇਕਾਰ–ਨਿਕੰਮੇ ਲੋਕ।੧।ਰਹਾਉ।ਜਹ ਜਹ–ਜਿੱਥੇ ਜਿੱਥੇ।ਦੇਖਉ–ਮੈਂ ਦੇਖਦਾ ਹਾਂ।ਤਹ ਤਹ–ਉਥੇ ਉਥੇ। ਸੁਆਮੀ–ਮਾਲਕ ਪ੍ਰਭੂ।ਪਹੁਚਨਹਾਰ–ਪਹੁੰਚਨ ਵਾਲਾ; ਮੁਕਾਬਲਾ ਕਰਨ ਵਾਲਾ; ਨੁਕਸਾਨ ਕਰਨ ਵਾਲਾ।ਅਵਗਿਆ–(ਅਵੱਗਿਆ ਬੋਲੋ) ਨਿਰਾਦਰੀ।ਜਨ ਕੀ–ਸੇਵਕ ਦੀ।ਤਤ–ਤੁਰੰਤ।ਛਾਰ–ਸੁਆਹ।੧।ਕਰਨਹਾਰ–ਕਰਤਾਰ (ਜਗਤ ਨੂੰ ਪੈਦਾ ਕਰਨ ਵਾਲਾ)।ਜਾ ਕਾ–ਜਿਸ ਦਾ।ਪਾਰਾਵਾਰ–ਉਰਲਾ ਕੰਢਾ ਤੇ ਪਾਰਲਾ ਕੰਢਾ।ਪ੍ਰਭਿ–ਪ੍ਰਭੂ ਨੇ।ਕਾਢੇ ਮਾਰਿ–ਮਾਰ ਕੇ ਕੱਢ ਦਿਤੇ।੨।੨੧।੫੨।

ਧਨਾਸਰੀ ਮਹਲਾ ੫ ਘਰੁ ੯ ਪੜਤਾਲ ੴ ਸਤਿਗੁਰ ਪ੍ਰਸਾਦਿ ॥ ਹਰਿ ਚਰਨ ਸਰਨ ਗੋਬਿੰਦ ਦੁਖ ਭੰਜਨਾ, ਦਾਸ ਅਪੁਨੇ ਕਉ ਨਾਮੁ ਦੇਵਹੁ ॥ ਦ੍ਰਿਸਟਿ ਪ੍ਰਭ ਧਾਰਹੁ ਕ੍ਰਿਪਾ ਕਰਿ ਤਾਰਹੁ ,ਭੁਜਾ ਗਹਿ ਕੂਪ ਤੇ ਕਾਢਿ ਲੇਵਹੁ ॥ਰਹਾਉ॥ ਕਾਮ ਕ੍ਰੋਧ ਕਰਿ ਅੰਧ ਮਾਇਆ ਕੇ ਬੰਧ, ਅਨਿਕ ਦੋਖਾ ਤਨਿ ਛਾਦਿ ਪੂਰੇ ॥ ਪ੍ਰਭ ਬਿਨਾ ਆਨ ਨ ਰਾਖਨਹਾਰਾ, ਨਾਮੁ ਸਿਮਰਾਵਹੁ ਸਰਨਿ ਸੂਰੇ ॥੧॥ ਪਤਿਤ ਉਧਾਰਣਾ ਜੀਅ ਜੰਤ ਤਾਰਣਾ, ਬੇਦ ਉਚਾਰ ਨਹੀ ਅੰਤੁ ਪਾਇਓ ॥ ਗੁਣਹ ਸੁਖ ਸਾਗਰਾ ਬ੍ਰਹਮ ਰਤਨਾਗਰਾ, ਭਗਤਿ ਵਛਲੁ ਨਾਨਕ ਗਾਇਓ ॥੨॥੧॥੫੩॥ ਹੇ ਹਰੀ! ਹੇ ਦੁੱਖਾਂ ਦੇ ਨਾਸ਼ ਕਰਨ ਵਾਲੇ ਗੋਬਿੰਦ! ਮੈਂ ਤੇਰੇ ਚਰਨਾਂ ਦੀ ਸ਼ਰਨ ਵਿਚ ਹਾਂ, ਅਪਣੇ ਦਾਸ ਨੂੰ ਨਾਮ ਸਿਮਰਨ ਦੀ ਦਾਤ ਦੇਵੋ।ਹੇ ਪ੍ਰਭੂ! (ਮੇਰੇ ਉਤੇ ਅਪਣੀ) ਮੇਹਰ ਦੀ ਨਜਰ ਕਰੋ, ਕ੍ਰਿਪਾ ਕਰਕੇ (ਭਵਜਲ ਤੋਂ ਮੈਨੂੰ) ਤਾਰ ਲਵੋ ਅਤੇ ਬਾਂਹ ਫੜ ਕੇ (ਮੈਨੂੰ ਅਗਿਆਨ ਦੇ) ਖੂਹ ਤੋਂ ਕੱਢ ਲਵੋ।ਰਹਾਉ।੧।ਕਾਮ ਕ੍ਰੋਧ ਦੇ ਕਰਕੇ ਅੰਨ੍ਹੇ (ਜੀਵ) ਮਾਇਆ ਦੇ ਬੰਧਨਾਂ ਵਿਚ ਪਏ ਹੋਏ ਹਨ, ਸਰੀਰ ਵਿਚ ਬਹੁਤ ਦੋਸ਼ ਹਨ, ਜੋ ਪੂਰੀ ਤਰ੍ਹਾਂ (ਇਸ ਨੇ) ਢਕ ਕੇ ਰੱਖੇ ਹੋਏ ਹਨ {ਐਸੇ ਗੁਨਹ ਅਛਾਦਿਓ ਪ੍ਰਾਨੀ ੩੭੬}।ਪ੍ਰਭੂ ਤੋਂ ਬਿਨਾ ਹੋਰ ਕੋਈ (ਇਨ੍ਹਾਂ ਦੋਸ਼ਾਂ ਤੋਂ) ਰੱਖਿਆ ਕਰਨ ਵਾਲਾ ਨਹੀਂ ਹੈ, ਸ਼ਰਣ ਵਿਚ ਆਏ ਜੀਵਾਂ ਦੀ ਰੱਖਿਆ ਕਰਨ ਵਾਲੇ ਹੇ ਸੂਰਬੀਰ ਪ੍ਰਭੂ! (ਅਪਣੇ ਦਾਸ ਤੋਂ) ਨਾਮ ਦਾ ਸਿਮਰਨ ਕਰਾਵੋ।੧।ਹੇ ਪਾਪੀਆਂ ਦਾ ਉਧਾਰ ਕਰਨ ਵਾਲੇ! ਹੇ ਛੋਟੇ ਵੱਡੇ ਜੀਵ ਜੰਤਾਂ ਨੂੰ (ਭਵਜਲ ਤੋਂ) ਤਾਰਨ ਵਾਲੇ ਪ੍ਰਭੂ! ਬੇਦ ਉਚਾਰਨ ਵਾਲੇ ਰਿਖੀਆਂ ਨੇ ਵੀ ਤੇਰਾ ਅੰਤ ਨਹੀਂ ਪਾਇਆ।ਹੇ ਗੁਣਾਂ ਤੇ ਸੁਖਾਂ ਦੇ ਸਮੁੰਦਰ! ਹੇ ਰਤਨਾਂ ਦੀ ਖਾਣ ਪਾਰਬ੍ਰਹਮ! ਨਾਨਕ ਨੇ ਤੈਨੂੰ ਭਗਤੀ ਦਾ ਪਿਆਰਾ ਜਾਣ ਕੇ ਗਾਇਆ ਹੈ।੨।੧।੫੩।

ਪਦਾਰਥ = ਪੜਤਾਲ–(ਪਰਤਾਓ ਤਾਲ) ਸ਼ਬਦ ਗਾਉਣ ਸਮੇਂ ਮੁੜ ਮੁੜ ਤਾਲ ਪਰਤਾਇਆ ਜਾਣਾ।ਦੁਖ ਭੰਜਨਾ–ਹੇ ਦੁੱਖਾਂ ਦੇ ਨਾਸ਼ ਕਰਨ ਵਾਲੇ!।ਕਉ–ਨੂੰ।ਦ੍ਰਿਸਟਿ–(ਮੇਹਰ ਦੀ) ਨਜਰ।ਪ੍ਰਭ–ਹੇ ਪ੍ਰਭੂ!।ਧਾਰਹੁ–ਕਰੋ।ਤਾਰਹੁ–(ਭਵਜਲ ਤੋਂ) ਤਾਰ ਲਵੋ।ਭੁਜਾ–ਬਾਂਹ ।ਗਹਿ–ਫੜ ਕੇ।ਕੂਪ ਤੇ–(ਅਗਿਆਨ ਦੇ) ਖੂਹ ਵਿਚੋਂ।ਰਹਾਉ।ਕਰਿ–ਕਰਕੇ।ਅੰਧ–ਅੰਨ੍ਹੇ।ਬੰਧ–ਬੰਧਨ।ਅਨਿਕ ਦੋਖਾ–ਅਨੇਕਾਂ ਪਾਪ।ਤਨਿ–ਸਰੀਰ ਵਿਚ।ਛਾਦਿ–ਢਕ ਕੇ।ਪੂਰੇ–ਪੂਰੀ ਤਰ੍ਹਾਂ।ਆਨ–ਹੋਰ।ਸਿਮਰਾਵਹੁ–ਜਪਾਵੋ।ਸਰਨਿ ਸੂਰੇ–ਹੇ ਸ਼ਰਨ ਵਿਚ ਆਏ ਦੀ ਰੱਖਿਆ ਕਰਨ ਵਾਲੇ ਸੂਰਬੀਰ ਪ੍ਰਭੂ!।੧।ਪਤਿਤ ਉਧਾਰਣਾ–ਹੇ ਪਾਪੀਆਂ ਦਾ ਉਧਾਰ ਕਰਨ ਵਾਲੇ!।ਜੀਅ ਜੰਤ ਤਾਰਣਾ–ਛੋਟੇ ਵੱਡੇ ਜੀਵ ਜੰਤਾਂ ਨੂੰ ਹੇ ਤਾਰਨ ਵਾਲੇ!।ਬੇਦ ਉਚਾਰ–ਬੇਦਾਂ ਨੂੰ ਉਚਾਰਨ ਵਾਲੇ ਰਿਖੀ ਮੁਨੀ।ਗੁਣਹ ਸਾਗਰਾ–ਹੇ ਗੁਣਾਂ ਦੇ ਸਮੁੰਦਰ! ।ਬ੍ਰਹਮ ਰਤਨਾਗਰਾ–ਹੇ ਰਤਨਾਂ ਦੀ ਖਾਣ ਪਾਰਬ੍ਰਹਮ!।ਭਗਤਿ ਵਛਲੁ–ਭਗਤੀ ਦਾ ਪਿਆਰਾ।੨।੧।੫੩।

ਧਨਾਸਰੀ ਮਹਲਾ ੫ ॥ ਹਲਤਿ ਸੁਖੁ ਪਲਤਿ ਸੁਖੁ ਨਿਤ ਸੁਖੁ ਸਿਮਰਨੋ, ਨਾਮੁ ਗੋਬਿੰਦ ਕਾ ਸਦਾ ਲੀਜੈ ॥ ਮਿਟਹਿ ਕਮਾਣੇ ਪਾਪ ਚਿਰਾਣੇ, ਸਾਧ ਸੰਗਤਿ ਮਿਲਿ ਮੁਆ ਜੀਜੈ ॥੧॥ਰਹਾਉ॥ ਰਾਜ ਜੋਬਨ ਬਿਸਰੰਤ ਹਰਿ ਮਾਇਆ, ਮਹਾ ਦੁਖੁ ਏਹੁ ਮਹਾਂਤ ਕਹੈ ॥ ਆਸ ਪਿਆਸ ਰਮਣ ਹਰਿ ਕੀਰਤਨ, ਏਹੁ ਪਦਾਰਥੁ ਭਾਗਵੰਤੁ ਲਹੈ ॥੧॥ ਸਰਣਿ ਸਮਰਥ ਅਕਥ ਅਗੋਚਰਾ, ਪਤਿਤ ਉਧਾਰਣ ਨਾਮੁ ਤੇਰਾ ॥ ਅੰਤਰਜਾਮੀ ਨਾਨਕ ਕੇ ਸੁਆਮੀ, ਸਰਬਤ ਪੂਰਨ ਠਾਕੁਰੁ ਮੇਰਾ ॥੨॥੨॥੫੪॥ (ਹੇ ਭਾਈ! ਹਰੀ ਦਾ ਨਾਮ) ਸਿਮਰਨ ਇਸ ਦੁਨੀਆਂ ਵਿਚ ਸੁਖ, ਪਰਲੋਕ ਵਿਚ ਵੀ ਸੁਖ ਤੇ ਸਦਾ ਹੀ ਸੁਖ ਦੇਣ ਵਾਲਾ ਹੈ, (ਇਸ ਕਰਕੇ) ਗੋਬਿੰਦ ਦਾ ਨਾਮ ਸਦਾ ਹੀ ਲੈਣਾ (ਜਪਣਾ) ਚਾਹੀਦਾ ਹੈ।(ਨਾਮ ਸਿਮਰਨ ਦੀ ਬਰਕਤ ਨਾਲ) ਚਿਰਾਂ ਤੋਂ ਕੀਤੇ ਹੋਏ (ਅਨੇਕਾਂ ਜਨਮਾਂ ਦੇ) ਪਾਪ ਮਿਟ ਜਾਂਦੇ ਹਨ ਅਤੇ ਸਾਧ ਸੰਗਤ ਵਿਚ ਮਿਲ ਕੇ ਆਤਮਕ ਤੌਰ ਤੇ ਮਰਿਆ ਹੋਇਆ (ਮਨੁੱਖ ਮੁੜ) ਜਿਉਂਦਾ ਹੋ ਜਾਂਦਾ ਹੈ।੧।ਰਹਾਉ।(ਹੇ ਭਾਈ!) ਰਾਜ ,ਜਵਾਨੀ ਅਤੇ ਮਾਇਆ ਵਿਚ ਮਸਤ ਹੋ ਕੇ ਮਨੁੱਖ ਹਰੀ ਨੂੰ ਭੁਲ ਜਾਂਦਾ ਹੈ, ਮਹਾਂ ਪੁਰਖ ਕਹਿੰਦੇ ਹਨ ਕਿ (ਹਰੀ ਨੂੰ ਭੁੱਲ ਜਾਣਾ) ਇਹ ਵੱਡਾ ਦੁਖ ਹੈ।ਹਰੀ ਦਾ ਕੀਰਤਨ ਗਾਉਣ ਦੀ ਆਸ ਤੇ ਇੱਛਾ, ਇਹ ਪਦਾਰਥ ਭਾਗਾਂ ਵਾਲਾ ਪੁਰਖ ਹੀ ਪ੍ਰਾਪਤ ਕਰਦਾ ਹੈ।੧।ਹੇ ਸਰਣ ਦੇਣ ਯੋਗ! ਹੇ ਬਿਆਨ ਨਾ ਹੋ ਸਕਣ ਵਾਲੇ! ਹੇ ਇੰਦ੍ਰੀਆਂ ਦੀ ਪਹੁੰਚ ਤੋਂ ਪਰੇ ਹਰੀ! ਤੇਰਾ ਨਾਮ ਪਾਪੀਆਂ ਦਾ ਉਧਾਰ ਕਰਨ ਵਾਲਾ ਹੈ।ਹੇ ਨਾਨਕ ਦੇ ਅੰਤਰ ਜਾਮੀ ਮਾਲਕ! ਤੂੰ ਮੇਰਾ ਮਾਲਕ ਸਭ ਜਗ੍ਹਾ ਵਿਆਪਕ ਹੈਂ।੨।੨।੫੪।

ਪਦਾਰਥ = ਹਲਤਿ–ਇਸ ਦੁਨੀਆਂ ਵਿਚ।ਪਲਤਿ–ਪ੍ਰਲੋਕ ਵਿਚ।ਨਿਤ–ਸਦਾ ਹੀ।ਸਿਮਰਣੋ–ਸਿਮਰਨ।ਲੀਜੈ–ਲੈਣਾ (ਜਪਣਾ) ਚਾਹੀਦਾ ਹੈ।ਮਿਟਹਿ–ਮਿਟ ਜਾਂਦੇ ਹਨ।ਕਮਾਣੇ–ਕਮਾਏ (ਕੀਤੇ) ਹੋਏ।ਚਿਰਾਣੇ–ਚਿਰਾਂ ਤੋਂ।ਮੁਆ–ਆਤਮਕ ਤੌਰ ਤੇ ਮਰਿਆ ਹੋਇਆ (ਰੱਬ ਤੋਂ ਬੇਮੁਖ ਹੋਣ ਕਰਕੇ ਆਤਮਾ ਮਰੀ ਹੋਈ ਸੀ)।ਜੀਜੈ–ਜਿਉਂਦਾ ਹੋ ਜਾਂਦਾ ਹੈ।੧।ਰਹਾਉ।ਰਾਜ–ਹਕੂਮਤ।ਜੋਬਨ–ਜਵਾਨੀ। ਬਿਸਰੰਤ–ਭੁਲ ਜਾਂਦਾ ਹੈ।ਮਹਾ–ਵੱਡਾ ਭਾਰੀ।ਮਹਾਂਤ–ਮਹਾਂ ਪੁਰਖ।ਕਹੈ–ਕਹਿੰਦੇ ਹਨ।ਪਿਆਸ–ਰੁਚੀ; ਪੀਣ ਦੀ ਇੱਛਾ।ਰਮਣ–ਗਾਉਣ ਦੀ।ਭਾਗਵੰਤੁ–ਭਾਗਾਂ ਵਾਲੇ ਪੁਰਖ ਨੂੰ।ਲਹੈ–ਪ੍ਰਾਪਤ ਕਰਦਾ ਹੈ।੧।ਸਰਣਿ ਸਮਰਥ–ਸ਼ਰਣ ਦੇਣ ਦੇ ਯੋਗ।ਅਕਥ–ਹੇ ਬਿਆਨ ਨਾ ਹੋ ਸਕਣ ਵਾਲੇ!।ਅਗੋਚਰਾ–ਹੇ ਇੰਦ੍ਰੀਆਂ ਦੀ ਪਹੁੰਚ ਤੋਂ ਪਰੇ!।ਪਤਿਤ ਉਧਾਰਣ–ਪਾਪੀਆਂ ਦਾ ਉਧਾਰ ਕਰਨ ਵਾਲਾ।ਅੰਤਰ ਜਾਮੀ–ਦਿਲਾਂ ਦੇ ਅੰਦਰ ਦੀਆਂ ਜਾਨਣ ਵਾਲਾ।ਸੁਆਮੀ–ਮਾਲਕ।ਸਰਬਤ ਪੂਰਨ–ਸਰਬ ਵਿਆਪਕ।ਠਾਕੁਰੁ–ਮਾਲਕ।੨।੨।੫੪।

ਧਨਾਸਰੀ ਮਹਲਾ ੫ ਘਰੁ ੧੨ ੴ ਸਤਿਗੁਰ ਪ੍ਰਸਾਦਿ ॥ ਬੰਦਨਾ ਹਰਿ ਬੰਦਨਾ, ਗੁਣ ਗਾਵਹੁ ਗੋਪਾਲ ਰਾਇ ॥ਰਹਾਉ॥ ਵਡੈ ਭਾਗਿ ਭੇਟੇ ਗੁਰਦੇਵਾ ॥ (ਹੇ ਭਾਈ! ਮਨ ਕਰਕੇ) ਨਮਸ਼ਕਾਰ ਕਰੋ, (ਤਨ ਕਰਕੇ ਵੀ) ਹਰੀ ਨੂੰ ਨਮਸ਼ਕਾਰ ਕਰੋ ਅਤੇ ਪ੍ਰਿਥਵੀ ਦੀ ਪਾਲਣਾ ਕਰਨ ਵਾਲੇ ਹਰੀ ਰਾਜੇ ਦੇ ਗੁਣ ਗਾਵੋ।ਰਹਾਉ।(ਹੇ ਭਾਈ! ਜਿਸ ਨੂੰ) ਵੱਡੇ ਭਾਗਾਂ ਨਾਲ ਗੁਰੂ ਜੀ ਮਿਲੇ ਹਨ।

ਅੰਗ ੬੮੪ = ਕੋਟਿ ਪਰਾਧ ਮਿਟੇ ਹਰਿ ਸੇਵਾ ॥੧॥ ਚਰਨ ਕਮਲ ਜਾ ਕਾ ਮਨੁ ਰਾਪੈ ॥ ਸੋਗ ਅਗਨਿ ਤਿਸੁ ਜਨ ਨ ਬਿਆਪੈ ॥੨॥ ਸਾਗਰੁ ਤਰਿਆ ਸਾਧੂ ਸੰਗੇ ॥ ਨਿਰਭਉ ਨਾਮੁ ਜਪਹੁ ਹਰਿ ਰੰਗੇ ॥੩॥ ਪਰ ਧਨ ਦੋਖ ਕਿਛੁ ਪਾਪ ਨ ਫੇੜੇ ॥ ਜਮ ਜੰਦਾਰੁ ਨ ਆਵੈ ਨੇੜੇ ॥੪॥ ਤ੍ਰਿਸਨਾ ਅਗਨਿ ਪ੍ਰਭਿ ਆਪਿ ਬੁਝਾਈ ॥ ਨਾਨਕ ਉਧਰੇ ਪ੍ਰਭ ਸਰਣਾਈ ॥੫॥੧॥੫੫॥ (ਗੁਰੂ ਦੀ ਸ਼ਰਣ ਵਿਚ ਪੈ ਕੇ) ਹਰੀ ਦੀ ਸੇਵਾ ਭਗਤੀ ਕਰਨ ਨਾਲ (ਉਸ ਮਨੁੱਖ ਦੇ) ਕ੍ਰੋੜਾਂ ਪਾਪ ਮਿਟ ਗਏ ਹਨ।੧।(ਹੇ ਭਾਈ!) ਜਿਸ ਦਾ ਮਨ ਪ੍ਰਭੂ ਦੇ ਚਰਨਾਂ ਕਮਲਾਂ ਨਾਲ ਰੰਗਿਆ ਗਿਆ ਹੈ।ਉਸ ਮਨੁੱਖ ਨੂੰ ਸੋਗ ਦੀ ਅੱਗ ਨਹੀਂ ਲਗਦੀ।੨।(ਅਜੇਹੇ ਮਨੁੱਖ ਨੇ) ਸਾਧੂਆਂ ਦੀ ਸੰਗਤ ਕਰਕੇ ਸੰਸਾਰ ਸਮੁੰਦਰ ਨੂੰ ਤਰ ਲਿਆ ਹੈ।(ਇਸ ਲਈ ਤੁਸੀਂ ਵੀ ਗੁਰੂ ਦੀ ਸ਼ਰਣ ਵਿਚ ਪੈ ਕੇ) ਪ੍ਰੇਮ ਨਾਲ ਨਿਰਭਉ ਪ੍ਰਭੂ ਦਾ ਨਾਮ ਜਪਿਆ ਕਰੋ।੩।(ਜਿਸ ਮਨੁੱਖ ਨੇ) ਪਰਾਇਆ ਧਨ ਚੁਰਾਉਣ ਦਾ ਐਬ ਨਹੀਂ ਕੀਤਾ ਅਤੇ ਕੋਈ ਪਾਪ ਕਰਮ ਨਹੀਂ ਕੀਤੇ।ਜਿੰਦ ਦਾ ਵੈਰੀ ਜਮ (ਉਸ ਦੇ) ਨੇੜੇ ਨਹੀਂ ਆਉਂਦਾ।੪।(ਅਜੇਹੇ ਮਨੁੱਖਾਂ ਦੀ) ਤ੍ਰਿਸ਼ਨਾ ਦੀ ਅੱਗ ਪ੍ਰਭੂ ਨੇ ਆਪ ਬੁਝਾ ਦਿਤੀ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ (ਉਹ) ਪ੍ਰਭੂ ਦੀ ਸਰਣ ਵਿਚ ਪੈ ਕੇ ਮੁਕਤ ਹੋ ਗਏ ਹਨ।੪।੧।੫੫।

ਪਦਾਰਥ = ਬੰਦਨਾ–ਨਮਸ਼ਕਾਰ ਕਰੋ।ਗੋਪਾਲ ਰਾਇ–ਪ੍ਰਿਥਵੀ ਦੀ ਪਾਲਣਾ ਕਰਨ ਵਾਲਾ ਹਰੀ ਰਾਜਾ।ਰਹਾਉ।ਵਡੈ ਭਾਗਿ–ਵੱਡੇ ਭਾਗਾਂ ਨਾਲ।ਭੇਟੇ–ਮਿਲੇ ਹਨ।ਗੁਰਦੇਵਾ–ਪੂਜਨੀਕ ਗੁਰੂ।ਕੋਟਿ–ਕ੍ਰੋੜਾਂ।ਪਰਾਧ–ਪਾਪ।ਸੇਵਾ–ਸੇਵਾ ਭਗਤੀ।੧।ਜਾ ਕਾ–ਜਿਸ ਮਨੁੱਖ ਦਾ।ਰਾਪੈ–ਰੰਗਿਆ ਗਿਆ।ਤਿਸੁ ਜਨ–ਉਸ ਮਨੁੱਖ ਨੂੰ।ਨ ਬਿਆਪੈ–ਨਹੀਂ ਲਗਦੀ।੨।ਸਾਗਰੁ–ਸੰਸਾਰ ਸਮੁੰਦਰ।ਨਿਰਭਉ–ਭੈ ਰਹਿਤ।ਰੰਗੇ–ਪ੍ਰੇਮ ਨਾਲ।੩।ਪਰ ਧਨ–ਪਰਾਇਆ ਧਨ।ਦੋਖ–ਦੋਸ਼।ਫੇੜੇ–ਕਰਮ ਕੀਤੇ।ਜੰਦਾਰੁ–(ਅ.) ਜਲਾਦ; ਖੱਲ ਉਤਾਰਨ ਵਾਲਾ; ਜਿੰਦ ਦਾ ਵੈਰੀ।੪।ਪ੍ਰਭਿ ਆਪਿ–ਪ੍ਰਭੂ ਨੇ ਆਪ।ਬੁਝਾਈ–ਬੁਝਾ ਦਿਤੀ।ਉਧਰੇ–ਮੁਕਤ ਹੋ ਗਏ।੪।੧।੫੫।

ਧਨਾਸਰੀ ਮਹਲਾ ੫ ॥ ਤ੍ਰਿਪਤਿ ਭਈ ਸਚੁ ਭੋਜਨੁ ਖਾਇਆ ॥ ਮਨਿ ਤਨਿ ਰਸਨਾ ਨਾਮੁ ਧਿਆਇਆ ॥੧॥ ਜੀਵਨਾ ਹਰਿ ਜੀਵਨਾ ॥ ਜੀਵਨੁ ਹਰਿ ਜਪਿ ਸਾਧ ਸੰਗਿ ॥੧॥ਰਹਾਉ॥ ਅਨਿਕ ਪ੍ਰਕਾਰੀ ਬਸਤ੍ਰ ਓਢਾਏ ॥ ਅਨਦਿਨੁ ਕੀਰਤਨੁ ਹਰਿ ਗੁਨ ਗਾਏ ॥੨॥ ਹਸਤੀ ਰਥ ਅਸੁ ਅਸਵਾਰੀ ॥ ਹਰਿ ਕਾ ਮਾਰਗੁ ਰਿਦੈ ਨਿਹਾਰੀ ॥੩॥ ਮਨ ਤਨ ਅੰਤਰਿ ਚਰਨ ਧਿਆਇਆ ॥ ਹਰਿ ਸੁਖ ਨਿਧਾਨ ਨਾਨਕ ਦਾਸਿ ਪਾਇਆ ॥੪॥੨॥੫੬॥ (ਹੇ ਭਾਈ! ਜਿਸ ਮਨੁੱਖ ਨੇ) ਸੱਚੇ ਨਾਮ ਦਾ ਭੋਜਨ ਖਾਇਆ ਹੈ, (ਉਸ ਨੂੰ) ਤ੍ਰਿਪਤੀ ਹੋ ਗਈ ਹੈ।(ਉਸ ਨੇ) ਮਨ ਨਾਲ, ਸਰੀਰ ਨਾਲ ਤੇ ਰਾਸਨਾ ਨਾਲ ਹਰੀ ਦਾ ਨਾਮ ਸਿਮਰਿਆ ਹੈ।੧।(ਹੇ ਭਾਈ! ਅਸਲੀ) ਜੀਵਨ ਹਰੀ ਦੇ ਸਿਮਰਨ ਵਿਚ ਜਿਉਣਾ ਹੈ; ਜੀਵਨਾਂ ਵਿਚੋਂ ਅਸਲੀ ਜੀਵਨ ਉਸ ਦਾ ਹੈ, ਜੋ ਹਰੀ ਨੂੰ ਜਪਦਾ ਹੈ।ਸਾਧ ਸੰਗਤ ਵਿਚ ਮਿਲ ਕੇ ਹਰੀ ਨੂੰ ਜਪ ਕੇ ਜੀਵਨ ਸਫਲ ਹੁੰਦਾ ਹੈ।੧।ਰਹਾਉ।(ਹੇ ਭਾਈ! ਜਿਹੜਾ ਮਨੁੱਖ) ਹਰ ਰੋਜ ਹਰੀ ਦਾ ਕੀਰਤਨ ਕਰਦਾ ਹੈ ਤੇ ਹਰੀ ਦੇ ਗੁਣ ਗਾਉਂਦਾ ਹੈ।(ਤਾਂ ਸਮਝੋ ਉਸ ਨੇ) ਅਨੇਕਾਂ ਪ੍ਰਕਾਰ ਦੇ ਬਸਤ੍ਰ ਪਹਿਨ ਲਏ ਹਨ (ਅਨੇਕਾਂ ਤਰ੍ਹਾਂ ਦੇ ਬਸਤ੍ਰ ਪਹਿਨੇ ਤਦੇ ਸਫਲ ਹਨ, ਜੇ ਹਰੀ ਦਾ ਕੀਰਤਨ ਤੇ ਗੁਣ ਗਾਏ ਜਾਣ।੨।ਜਿਸ ਮਨੁੱਖ ਨੇ ਅਪਣੇ) ਹਿਰਦੇ ਵਿਚੋਂ ਹਰੀ ਦੀ ਪ੍ਰਾਪਤੀ ਦਾ ਰਸਤਾ ਦੇਖਿਆ ਹੈ।(ਸਮਝੋ ਉਸ ਨੇ) ਹਾਥੀ, ਰਥ ਤੇ ਘੋੜੇ ਦੀ ਸਵਾਰੀ ਕਰ ਲਈ ਹੈ (ਹਾਥੀ, ਰਥ ਤੇ ਘੋੜੇ ਦੀ ਸਵਾਰੀ ਕੀਤੀ ਉਸ ਮਨੁੱਖ ਦੀ ਸਫਲ ਹੈ, ਜਿਸ ਨੇ ਅਪਣੇ ਹਿਰਦੇ ਵਿਚ ਹਰੀ ਦਾ ਰਸਤਾ ਦੇਖਿਆ ਹੈ)।੩।ਨਾਨਕ ਗੁਰੂ ਜੀ ਆਖਦੇ ਹਨ (ਕਿ ਉਸ) ਦਾਸ ਨੇ ਸੁੱਖਾਂ ਦੇ ਖਜਾਨੇ ਪ੍ਰਭੂ ਨੂੰ ਪਾ ਲਿਆ ਹੈ।(ਜਿਸ ਨੇ ਅਪਣੇ) ਮਨ ਤੇ ਤਨ ਦੇ ਅੰਦਰ ਹਰੀ ਦੇ ਚਰਨਾਂ ਦਾ ਧਿਆਨ ਕੀਤਾ ਹੈ।੪।੨।੫੬।

ਪਦਾਰਥ = ਤ੍ਰਿਪਤਿ ਭਈ–ਰੱਜ ਹੋ ਗਿਆ ਹੈ; ਸੰਤੋਖ ਹੋ ਗਿਆ; ਖੁਸ਼ੀ ਹੋਈ।ਸਚੁ–ਸੱਚਾ ਨਾਮ।ਮਨਿ–ਮਨ ਨਾਲ।ਤਨਿ–ਸਰੀਰ ਨਾਲ।ਰਸਨਾ–ਜੀਭ ਨਾਲ।੧।ਜਪਿ–ਜਪ ਕੇ।ਸਾਧ ਸੰਗਿ–ਸਾਧ ਸੰਗਤ ਵਿਚ।੧।ਰਹਾਉ।ਅਨਿਕ ਪ੍ਰਕਾਰੀ–ਅਨੇਕਾਂ ਪ੍ਰਕਾਰ ਦੇ। ਬਸਤ੍ਰ–ਕਪੜੇ।ਓਢਾਏ–ਪਹਿਨ ਲਏ।ਅਨਦਿਨੁ–ਹਰ ਰੋਜ।੨।ਹਸਤੀ–ਹਾਥੀ।ਅਸੁ ਅਸਵਾਰੀ–ਘੋੜੇ ਦੀ ਸਵਾਰੀ।ਮਾਰਗੁ–ਰਸਤਾ

।ਰਿਦੈ–ਹਿਰਦੇ ਵਿਚ।ਨਿਹਾਰੀ–ਦੇਖਿਆ ਹੈ।੩।ਅੰਤਰਿ–ਅੰਦਰ।ਸੁਖ ਨਿਧਾਨ–ਸੁੱਖਾਂ ਦਾ ਖਜਾਨਾ।ਦਾਸਿ–ਦਾਸ ਨੇ।੪।੨।੫੬।
ਧਨਾਸਰੀ ਮਹਲਾ ੫ ॥ ਗੁਰ ਕੇ ਚਰਨ ਜੀਅ ਕਾ ਨਿਸਤਾਰਾ ॥ ਸਮੁੰਦੁ ਸਾਗਰੁ ਜਿਨਿ ਖਿਨ ਮਹਿ ਤਾਰਾ ॥੧॥ਰਹਾਉ॥ ਕੋਈ ਹੋਆ ਕ੍ਰਮ ਰਤੁ ,ਕੋਈ ਤੀਰਥ ਨਾਇਆ ॥ ਦਾਸੀਂ ਹਰਿ ਕਾ ਨਾਮੁ ਧਿਆਇਆ ॥੧॥ ਬੰਧਨ ਕਾਟਨਹਾਰੁ ਸੁਆਮੀ ॥ ਜਨ ਨਾਨਕੁ ਸਿਮਰੈ ਅੰਤਰਜਾਮੀ ॥੨॥੩॥੫੭॥ (ਹੇ ਭਾਈ!) ਗੁਰੂ ਦੇ ਚਰਨਾਂ (ਦਾ ਧਿਆਨ ਜਹਾਜ ਰੂਪ ਹੈ, ਜੋ ਭਵਜਲ ਤੋਂ) ਜੀਵ ਦਾ ਨਿਸਤਾਰਾ ਕਰਨ ਵਾਲਾ ਹੈ।ਜਿਸ ਗੁਰੂ ਨੇ ਜੀਵ ਨੂੰ ਇਕ ਖਿਨ ਵਿਚ ਸੰਸਾਰ ਸਮੁੰਦਰ ਤੋਂ ਤਾਰ ਦਿਤਾ ਹੈ।੧।ਰਹਾਉ।(ਹੇ ਭਾਈ! ਸੰਸਾਰ ਵਿਚ) ਕੋਈ ਮਨੁੱਖ ਕਰਮ ਕਾਂਡ ਦਾ ਪ੍ਰੇਮੀ ਹੋ ਗਿਆ ਹੈ ਅਤੇ ਕੋਈ ਮਨੁੱਖ ਤੀਰਥਾਂ ਤੇ ਨਹਾਉਂਦਾ ਫਿਰਿਆ ਹੈ।(ਪਰ ਹਰੀ ਦੇ) ਦਾਸਾਂ ਨੇ ਕੇਵਲ ਹਰੀ ਦਾ ਨਾਮ ਹੀ ਧਿਆਇਆ ਹੈ।੧।(ਹੇ ਭਾਈ!) ਦਾਸ ਨਾਨਕ ਦਿਲਾਂ ਦੇ ਅੰਦਰ ਦੀਆਂ ਜਾਨਣ ਵਾਲੇ ਪ੍ਰਭੂ ਦਾ ਨਾਮ ਸਿਮਰਦਾ ਹੈ।ਜੋ ਮਾਲਕ ਪ੍ਰਭੂ (ਸਭ ਤਰ੍ਹਾਂ ਦੇ) ਬੰਧਨ ਕੱਟਣ ਵਾਲਾ ਹੈ।੨।੩।੫੭।
ਪਦਾਰਥ = ਜੀਅ ਕਾ–ਜੀਵਾਤਮਾ ਦਾ।ਨਿਸਤਾਰਾ–ਪਾਰ ਉਤਾਰਾ ਕਰਨ ਵਾਲਾ।ਸਮੁੰਦੁ ਸਾਗਰੁ–ਸੰਸਾਰ ਸਮੁੰਦਰ।ਖਿਨ ਮਹਿ–ਇਕ ਪਲ ਵਿਚ।ਤਾਰਾ–ਤਾਰ (ਪਾਰ ਲੰਘਾ) ਦਿਤਾ।੧।ਰਹਾਉ।ਕ੍ਰਮ ਰਤੁ–ਕਰਮ ਕਾਂਡ ਦਾ ਪ੍ਰੇਮੀ।ਤੀਰਥ–ਤੀਰਥਾਂ ਉਤੇ।ਦਾਸੀਂ–ਦਾਸਾਂ ਨੇ।੧।ਕਾਟਨਹਾਰੁ–ਕੱਟਣਵਾਲਾ।ਸੁਆਮੀ–ਮਾਲਕ।ਜਨ–ਦਾਸ।ਅੰਤਰਜਾਮੀ–ਦਿਲਾਂ ਦੇ ਅੰਦਰ ਦੀਆਂ ਜਾਨਣ ਵਾਲਾ।੨।੩।੫੭।
ਧਨਾਸਰੀ ਮਹਲਾ ੫ ॥ ਕਿਤੈ ਪ੍ਰਕਾਰਿ ਨ ਤੂਟਉ ਪ੍ਰੀਤਿ ॥ ਦਾਸ ਤੇਰੇ ਕੀ ਨਿਰਮਲ ਰੀਤਿ ॥੧॥ਰਹਾਉ॥ ਜੀਅ ਪ੍ਰਾਨ ਮਨ ਧਨ ਤੇ ਪਿਆਰਾ ॥ ਹਉਮੈ ਬੰਧੁ ਹਰਿ ਦੇਵਣਹਾਰਾ ॥੧॥ ਚਰਨ ਕਮਲ ਸਿਉ ਲਾਗਉ ਨੇਹੁ ॥ ਨਾਨਕ ਕੀ ਬੇਨੰਤੀ ਏਹ ॥੨॥੪॥੫੮॥ (ਹੇ ਪ੍ਰਭੂ!) ਤੇਰੇ ਦਾਸ ਦੀ ਰੀਤ ਪਵਿਤ੍ਰ ਹੁੰਦੀ ਹੈ।ਤਾਂ ਕਿ ਕਿਸੇ ਤਰ੍ਹਾਂ ਵੀ (ਤੇਰੇ ਨਾਲੋਂ) ਪ੍ਰੀਤ ਟੁੱਟ ਨਾ ਜਾਵੇ।੧।ਰਹਾਉ।(ਹੇ ਭਾਈ ! ਪ੍ਰਭੂ ਦਾਸਾਂ ਨੂੰ) ਜਿੰਦ ਜਾਨ, ਪ੍ਰਾਣ, ਮਨ ਤੇ ਧਨ ਤੋਂ ਵੀ ਪਿਆਰਾ ਲਗਦਾ ਹੈਂ।ਅਤੇ ਹਰੀ (ਦਾਸਾਂ ਦੀ) ਹਉਮੈ ਰੋਕ ਦੇਣ ਵਾਲਾ ਹੈ।੧।ਨਾਨਕ ਦੀ ਏਹ ਬੇਨਤੀ ਹੈ।(ਕਿ ਤੇਰੇ) ਚਰਨਾਂ ਕਮਲਾਂ ਨਾਲ ਮੇਰਾ ਪ੍ਰੇਮ ਲੱਗਾ ਰਹੇ।੨।੪।੫੮।
ਪਦਾਰਥ = ਕਿਤੈ ਪ੍ਰਕਾਰਿ–ਕਿਸੇ ਤਰ੍ਹਾਂ ਵੀ।ਨ ਤੂਟਉ–ਟੁੱਟ ਨਾ ਜਾਵੇ।ਨਿਰਮਲ–ਪਵਿਤ੍ਰ।ਰੀਤਿ–ਜੀਵਨ ਜਿਉਣ ਦਾ ਤਰੀਕਾ।੧। ਰਹਾਉ।ਜੀਅ–ਜਿੰਦ ਜਾਨ।ਤੇ–ਤੋਂ; ਨਾਲੋਂ।ਬੰਧੁ–ਬੰਨ੍ਹ; ਰੋਕ।ਦੇਵਣਹਾਰਾ–ਦੇਣ ਵਾਲਾ।੧।ਚਰਨ ਕਮਲ–ਕਮਲ ਫੁੱਲ ਵਰਗੇ ਸੋਹਣੇ ਤੇ ਨਿਰਲੇਪ ਚਰਨ।ਸਿਉ–ਨਾਲ।ਲਾਗਉ ਨੇਹੁ–ਪ੍ਰੇਮ ਲੱਗਾ ਰਹੇ।੨।੪।੫੮।

ੴ ਸਤਿਗੁਰ ਪ੍ਰਸਾਦਿ ॥ ਧਨਾਸਰੀ ਮਹਲਾ ੯ ॥ ਕਾਹੇ ਰੇ ਬਨ ਖੋਜਨ ਜਾਈ ॥ ਸਰਬ ਨਿਵਾਸੀ ਸਦਾ ਅਲੇਪਾ, ਤੋਹੀ ਸੰਗਿ ਸਮਾਈ ॥੧॥ਰਹਾਉ॥ ਪੁਹਪ ਮਧਿ ਜਿਉ ਬਾਸੁ ਬਸਤੁ ਹੈ, ਮੁਕਰ ਮਾਹਿ ਜੈਸੇ ਛਾਈ ॥ ਤੈਸੇ ਹੀ ਹਰਿ ਬਸੇ ਨਿਰੰਤਰਿ, ਘਟ ਹੀ ਖੋਜਹੁ ਭਾਈ ॥੧॥ ਬਾਹਰਿ ਭੀਤਰਿ ਏਕੋ ਜਾਨਹੁ ,ਇਹੁ ਗੁਰ ਗਿਆਨੁ ਬਤਾਈ ॥ ਜਨ ਨਾਨਕ ਬਿਨੁ ਆਪਾ ਚੀਨੈ, ਮਿਟੈ ਨ ਭ੍ਰਮ ਕੀ ਕਾਈ ॥੨॥੧॥ ਹੇ ਭਾਈ! (ਤੂੰ ਹਰੀ ਨੂੰ) ਲੱਭਣ ਵਾਸਤੇ ਜੰਗਲਾਂ ਵਿਚ ਕਿਉਂ ਜਾਂਦਾ ਹੈਂ।(ਉਹ ਪ੍ਰਭੂ) ਸਾਰੇ ਜੀਵਾਂ ਵਿਚ ਵਸਣ ਵਾਲਾ ਹੈ, (ਫਿਰ ਵੀ ਉਹ ਮਾਇਆ ਤੋਂ) ਸਦਾ ਨਿਰਲੇਪ ਰਹਿੰਦਾ ਹੈ ਅਤੇ (ਉਹ) ਸਦਾ ਤੇਰੇ ਨਾਲ ਵਸਦਾ ਹੈ।੧।ਰਹਾਉ।ਜਿਵੇਂ ਫੁੱਲਾਂ ਵਿਚ ਮਹਿਕ ਵਸਦੀ ਹੈ ਅਤੇ ਜਿਵੇਂ ਸ਼ੀਸ਼ੇ ਵਿਚ (ਸ਼ੀਸ਼ਾ ਦੇਖਣ ਵਾਲੇ ਦਾ) ਪਰਛਾਵਾਂ ਦਿਸਦਾ ਹੈ।ਇਸੇ ਤਰ੍ਹਾਂ ਹੀ ਹੇ ਭਾਈ! ਪ੍ਰਭੂ ਤੇਰੇ ਅੰਦਰ ਇਕ ਰਸ ਵਸ ਰਿਹਾ ਹੈ, (ਉਸ ਨੂੰ ਅਪਣੇ) ਹਿਰਦੇ ਵਿਚੋਂ ਹੀ ਲੱਭੋ।੧।(ਹੇ ਭਾਈ!) ਗੁਰੂ ਦਾ ਗਿਆਨ ਇਹ ਦਸਦਾ ਹੈ ਕਿ ਅਪਣੇ ਸਰੀਰ ਦੇ ਅੰਦਰ ਤੇ (ਅਪਣੇ ਸਰੀਰ ਤੋਂ) ਬਾਹਰ ਇਕ ਪ੍ਰਭੂ ਨੂੰ ਵਸਦਾ ਜਾਣੋ।ਦਾਸ ਨਾਨਕ ਆਖਦਾ ਹੈ ਕਿ ਅਪਣੇ ਆਪ ਨੂੰ ਸਮਝਣ ਤੋਂ ਬਿਨਾ ਮਨ ਦੇ ਭਰਮ ਦੀ ਮੈਲ ਨਹੀਂ ਮਿਟਦੀ।੨।੧।
ਪਦਾਰਥ = ਕਾਹੇ–ਕਿਉਂ।ਰੇ–ਹੇ ਭਾਈ!।ਬਨ–ਜੰਗਲਾਂ ਵਿਚ।ਖੋਜਨ ਜਾਈ–ਲੱਭਣ ਜਾਂਦਾ ਹੈਂ।ਸਰਬ ਨਿਵਾਸੀ–ਸਾਰੇ ਜੀਵਾਂ ਵਿਚ ਵਸਣਾ ਵਾਲਾ।ਅਲੇਪਾ–ਨਿਰਲੇਪ।ਤੋਹੀ ਸੰਗਿ–ਤੇਰੇ ਨਾਲ।ਸਮਾਈ–ਵਸਦਾ ਹੈ।੧।ਰਹਾਉ।ਪੁਹਪ ਮਧਿ–ਫੁੱਲਾਂ ਵਿਚ।ਬਾਸੁ–ਮਹਿਕ।ਬਸਤੁ ਹੈ–ਵਸਦੀ ਹੈ।ਮੁਕਰ ਮਾਹਿ–ਸ਼ੀਸ਼ੇ ਵਿਚ।ਜੈਸੇ–ਜਿਵੇਂ।ਛਾਈ–ਪਰਛਾਵਾਂ; ਪ੍ਰਤੀਬਿੰਬ।ਤੈਸੇ ਹੀ–ਇਸੇ ਤਰ੍ਹਾਂ ਹੀ।ਬਸੇ–ਵਸਦਾ ਹੈ।ਨਿਰੰਤਰਿ–ਇਕ ਰਸ; ਬਿਨਾ ਵਿੱਥ ਦੇ; ਲਗਾਤਾਰ।ਘਟ ਹੀ–ਹਿਰਦੇ ਵਿਚੋਂ ਹੀ।ਖੋਜਹੁ–ਲੱਭੋ।ਭਾਈ–ਹੇ ਭਾਈ!।੧।ਭੀਤਰਿ–ਸਰੀਰ ਦੇ ਅੰਦਰ।ਏਕੋ–ਇਕ ਪ੍ਰਭੂ।ਜਾਨਹੁ–ਜਾਣੋ; ਸਮਝੋ।ਗੁਰ ਗਿਆਨੁ–ਗੁਰੂ ਦਾ ਗਿਆਨ।ਬਤਾਈ–ਦਸਦਾ ਹੈ।ਆਪਾ–ਅਪਣੇ ਆਪ ਨੂੰ।ਬਿਨੁ ਚੀਨੈ–ਸਮਝਣ ਤੋਂ ਬਿਨਾ।ਕਾਈ–ਜਾਲੇ ਜਿਹੇ ਵਰਗੀ ਮੈਲ, ਜੋ ਪਾਣੀ ਉਤੇ ਜਾਂ ਗਿੱਲੀ ਥਾਂ ਜੰਮੀ ਹੁੰਦੀ ਹੈ।੨।੧।
ਧਨਾਸਰੀ ਮਹਲਾ ੯ ॥ ਸਾਧੋ ਇਹੋ ਜਗੁ ਭਰਮ ਭੁਲਾਨਾ ॥ ਰਾਮ ਨਾਮ ਕਾ ਸਿਮਰਨੁ ਛੋਡਿਆ, ਮਾਇਆ ਹਾਥਿ ਬਿਕਾਨਾ ॥੧॥ਰਹਾਉ॥ ਹੇ ਸਾਧੂ ਜਨੋਂ! (ਅਗਿਆਨ ਦੇ ਕਾਰਣ) ਇਹ ਜਗਤ ਭਰਮ ਦਾ ਭੁਲਾਇਆ ਹੋਇਆ ਹੈ।(ਜਿਸ ਕਰਕੇ ਇਸ ਨੇ) ਪ੍ਰਭੂ ਦੇ ਨਾਮ ਦਾ ਸਿਮਰਨ ਛੱਡ ਦਿਤਾ ਹੈ ਅਤੇ ਮਾਇਆ ਦੇ ਹੱਥ ਵਿਚ ਬਿਕ (ਮਾਇਆ ਦਾ ਗੁਲਾਮ ਬਣ) ਚੁੱਕਾ ਹੈ।੧।ਰਹਾਉ।
ਅੰਗ ੬੮੫ = ਮਾਤ ਪਿਤਾ ਭਾਈ ਸੁਤ ਬਨਿਤਾ, ਤਾ ਕੈ ਰਸਿ ਲਪਟਾਨਾ ॥ ਜੋਬਨੁ ਧਨੁ ਪ੍ਰਭਤਾ ਕੈ ਮਦ ਮੈ ਅਹਿਨਿਸਿ ਰਹੈ ਦਿਵਾਨਾ

॥੧॥ ਦੀਨ ਦਇਆਲ ਸਦਾ ਦੁਖ ਭੰਜਨ, ਤਾ ਸਿਉ ਮਨੁ ਨ ਲਗਾਨਾ ॥ ਜਨ ਨਾਨਕ ਕੋਟਨ ਮੈ ਕਿਨਹੂ ,ਗੁਰਮੁਖਿ ਹੋਇ ਪਛਾਨਾ ੨॥੨॥ (ਹੇ ਸੰਤ ਜਨੋਂ! ਇਹ ਜਗਤ) ਮਾਤਾ, ਪਿਤਾ, ਭਾਈ, ਪੁਤ੍ਰ ਤੇ ਇਸਤ੍ਰੀ (ਆਦਿ ਜੋ ਵੀ ਇਸ ਦਾ ਪ੍ਰਵਾਰ) ਹੈ, ਉਨ੍ਹਾਂ ਦੇ ਮੋਹ ਵਿਚ ਫਸਿਆ ਪਿਆ ਹੈ। ਜੋਬਨ, ਧਨ ਤੇ ਅਪਣੇ ਵਡੱਪਣ ਦੇ ਨਸ਼ੇ ਵਿਚ ਦਿਨ ਰਾਤ ਝੱਲਾ ਹੋਇਆ ਰਹਿੰਦਾ ਹੈ।੧। ਜੋ ਗਰੀਬਾਂ ਉਤੇ ਸਦਾ ਦਇਆ ਕਰਨ ਵਾਲਾ ਤੇ (ਗਰੀਬਾਂ ਦੇ) ਦੁਖ ਨਾਸ਼ ਕਰਨ ਵਾਲਾ ਪ੍ਰਭੂ ਹੈ, ਉਸ ਨਾਲ (ਜਗਤ ਦੇ ਲੋਕਾਂ ਨੇ) ਮਨ ਨਹੀਂ ਲਗਾਇਆ। ਦਾਸ ਨਾਨਕ ਆਖਦਾ ਹੈ ਕਿ ਕ੍ਰੋੜਾਂ ਵਿਚੋਂ ਕਿਸੇ ਵਿਰਲੇ ਮਨੁੱਖ ਨੇ ਗੁਰੂ ਦੇ ਸਨਮੁਖ ਹੋ ਕੇ ਪ੍ਰਭੂ ਨੂੰ ਪਛਾਣਿਆ ਹੈ।੨।੨।

ਪਦਾਰਥ = ਸਾਧੋ–ਹੇ ਸਾਧੂ ਜਨੋਂ!। ਭਰਮ ਭੁਲਾਨਾ–ਭਰਮ ਦਾ ਭੁਲਾਇਆ ਹੋਇਆ ਹੈ; ਭਰਮ ਵਿਚ ਪੈ ਕੇ ਕੁਰਾਹੇ ਪਿਆ ਹੈ। ਹਾਥਿ–ਹੱਥ ਵਿਚ। ਬਿਕਾਨਾ–ਬਿਕ ਚੁੱਕਾ ਹੈ।੧। ਰਹਾਉ। ਮਾਤ–ਮਾਤਾ। ਸੁਤ–ਪੁਤ੍ਰ। ਬਨਿਤਾ–ਇਸਤ੍ਰੀ। ਤਾ ਕੈ–ਉਨ੍ਹਾਂ ਦੇ। ਰਸਿ–ਮੋਹ ਵਿਚ। ਲਪਟਾਨਾ–ਫਸਿਆ ਹੈ। ਜੋਬਨੁ–ਜਵਾਨੀ। ਪ੍ਰਭਤਾ–ਵਡੱਪਣ; ਪ੍ਰਸਿੱਧੀ; ਤਾਕਤ। ਮਦ ਮੈ–ਨਸ਼ੇ ਵਿਚ। ਅਹਿਨਿਸਿ–ਦਿਨ ਰਾਤ। ਦਿਵਾਨਾ–ਝੱਲਾ; ਪਾਗਲ।੧। ਦੀਨ ਦਇਆਲ–ਗਰੀਬਾਂ ਉਤੇ ਦਇਆ ਕਰਨ ਵਾਲਾ ਪ੍ਰਭੂ। ਦੁਖ ਭੰਜਨ–ਦੁਖ ਨਾਸ਼ ਕਰਨ ਵਾਲਾ। ਤਾ ਸਿਉ–ਉਸ ਨਾਲ। ਲਗਾਨਾ–ਲਗਾਇਆ। ਕੋਟਨ ਮੈ–ਕ੍ਰੋੜਾਂ ਵਿਚੋਂ। ਕਿਨਹੂ–ਕਿਸੇ ਵਿਰਲੇ ਨੇ। ਗੁਰਮੁਖਿ ਹੋਇ–ਗੁਰ ਦੇ ਸਨਮੁਖ ਹੋ ਕੇ।੨।੨।

ਧਨਾਸਰੀ ਮਹਲਾ ੯ ॥ ਤਿਹ ਜੋਗੀ ਕਉ ਜੁਗਤਿ ਨ ਜਾਨਉ ॥ ਲੋਭ ਮੋਹ ਮਾਇਆ ਮਮਤਾ ਫੁਨਿ, ਜਿਹ ਘਟਿ ਮਾਹਿ ਪਛਾਨਉ ॥੧॥ ਰਹਾਉ॥ ਪਰ ਨਿੰਦਾ ਉਸਤਤਿ ਨਹ ਜਾ ਕੈ, ਕੰਚਨ ਲੋਹ ਸਮਾਨੋ ॥ ਹਰਖ ਸੋਗ ਤੇ ਰਹੈ ਅਤੀਤਾ, ਜੋਗੀ ਤਾਹਿ ਬਖਾਨੋ ॥੧॥ ਚੰਚਲ ਮਨੁ ਦਹ ਦਿਸਿ ਕਉ ਧਾਵਤ, ਅਚਲ ਜਾਹਿ ਠਹਰਾਨੋ ॥ ਕਹੁ ਨਾਨਕ ਇਹ ਬਿਧਿ ਕੋ ਜੋ ਨਰੁ ,ਮੁਕਤਿ ਤਾਹਿ ਤੁਮ ਮਾਨੋ ॥੨॥੩॥
(ਹੇ ਭਾਈ!) ਜਿਸ ਜੋਗੀ ਦੇ ਹਿਰਦੇ ਵਿਚ ਲੋਭ, ਮਾਇਆ ਦਾ ਮੋਹ ਅਤੇ ਫਿਰ ਪ੍ਰਵਾਰ ਦੀ ਮਮਤਾ ਤੁਸੀਂ ਪਛਾਣਦੇ ਹੋ। ਉਸ ਜੋਗੀ ਨੂੰ ਪ੍ਰਭੂ ਨਾਲ ਜੁੜਿਆ ਹੋਇਆ ਨਾ ਜਾਣੋ (ਸੰ.ਸ.; ਫ.ਸ.); ਉਸ ਜੋਗੀ ਨੂੰ ਸਮਝੋ ਕਿ ਜੀਵਨ ਦੀ ਠੀਕ ਜੁਗਤੀ (ਵਿਉਂਤ) ਹੀ ਪਤਾ ਨਹੀਂ (ਸ਼ਬਦਾਰਥ) ਭਾਵ ਗਿਆਨ ਨਹੀਂ।੧। ਰਹਾਉ। (ਹੇ ਭਾਈ!) ਪਰਾਈ ਨਿੰਦਿਆ ਤੇ ਵਡਿਆਈ ਕਰਨੀ ਜਿਸ ਦੇ (ਮਨ ਵਿਚ) ਨਹੀਂ ਹੈ ਅਤੇ ਸੋਨਾ ਤੇ ਲੋਹਾ (ਜਿਸ ਵਾਸਤੇ) ਬਰਾਬਰ ਹਨ। ਖੁਸ਼ੀ ਤੇ ਗਮੀ ਤੋਂ ਜੋ ਅਲੱਗ (ਨਿਰਲੇਪ) ਰਹਿੰਦਾ ਹੈ, ਅਸਲੀ ਜੋਗੀ ਉਸੇ ਨੂੰ ਆਖੋ (ਸਮਝੋ)।੧। (ਹੇ ਭਾਈ! ਜਿਹੜਾ) ਚੰਚਲ ਮਨ ਦਸੇ ਦਿਸ਼ਾਵਾਂ ਵੱਲ ਦੌੜਦਾ ਹੈ, ਜਿਸ ਨੇ (ਇਸ ਨੂੰ) ਅਡੋਲ ਕਰ ਕੇ ਟਿਕਾ ਲਿਆ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਇਸ ਤਰੀਕੇ ਦਾ ਜੋ ਮਨੁੱਖ ਹੈ, ਉਸ ਨੂੰ ਤੁਸੀ ਮੁਕਤ ਹੋਇਆ ਮੰਨੋ।੨।੩।

ਪਦਾਰਥ = ਤਿਹ–ਉਸ। ਜੋਗੀ ਕਉ–ਜੋਗੀ ਨੂੰ। ਜੁਗਤਿ–ਜੁੜਿਆ ਹੋਇਆ; (ਜੀਵਨ ਦੀ ਸਹੀ) ਜੁਗਤੀ। ਨ ਜਾਨਉ–ਨਾ ਜਾਣੋ। ਫੁਨਿ–ਫਿਰ; ਭੀ। ਜਿਹ–ਜਿਸ ਦੇ। ਘਟਿ ਮਾਹਿ–ਹਿਰਦੇ ਵਿਚ। ਪਛਾਨਉ–ਸਮਝਦੇ ਹੋ; ਪਛਾਣਦੇ ਹੋ।੧। ਰਹਾਉ। ਪਰ–ਪਰਾਈ; ਦੂਜਿਆਂ ਦੀ। ਉਸਤਤਿ–ਵਡਿਆਈ; ਚਾਪਲੂਸੀ। ਨਹ–ਨਹੀਂ। ਜਾ ਕੈ–ਜਿਸ ਦੇ (ਮਨ ਵਿਚ)। ਕੰਚਨ–ਸੋਨਾ। ਲੋਹ–ਲੋਹਾ। ਸਮਾਨੋ–ਇਕ ਬਰਾਬਰ। ਹਰਖ–ਖੁਸ਼ੀ। ਸੋਗ–ਗਮੀ। ਤੇ–ਤੋਂ। ਅਤੀਤਾ–ਅਲੱਗ; ਨਿਰਲੇਪ। ਤਾਹਿ–ਉਸ ਨੂੰ। ਬਖਾਨੋ–ਆਖੋ; ਸਮਝੋ।੧। ਚੰਚਲ ਮਨੁ–ਭਟਕਣ ਵਾਲਾ ਮਨ। ਦਹ ਦਿਸਿ–ਦਸੇ (ਹਰ) ਪਾਸੇ। ਕਉ–ਨੂੰ; ਵੱਲ। ਧਾਵਤ–ਦੌੜਦਾ ਹੈ। ਅਚਲ–ਅਡੋਲ। ਜਾਹਿ–ਜਿਸ ਨੇ। ਠਹਰਾਨੋ–ਟਿਕਾ ਲਿਆ ਹੈ। ਇਹ ਬਿਧਿ ਕੋ–ਇਸ ਤਰ੍ਹਾਂ (ਕਿਸਮ) ਦਾ। ਨਰੁ–ਮਨੁੱਖ। ਮਾਨੋ–ਮੰਨੋ; ਸਮਝੋ।੨।੩।

ਧਨਾਸਰੀ ਮਹਲਾ ੯ ॥ ਅਬ ਮੈ ਕਉਨੁ ਉਪਾਉ ਕਰਉ ॥ ਜਿਹ ਬਿਧਿ ਮਨ ਕੋ ਸੰਸਾ ਚੂਕੈ, ਭਉਨਿਧਿ ਪਾਰ ਪਰਉ ॥੧॥ਰਹਾਉ॥ ਜਨਮੁ ਪਾਇ ਕਛੁ ਭਲੋ ਨ ਕੀਨੋ, ਤਾ ਤੇ ਅਧਿਕ ਡਰਉ ॥ ਮਨ ਬਚ ਕ੍ਰਮ ਹਰਿ ਗੁਨ ਨਹੀ ਗਾਏ, ਯਹ ਜੀਅ ਸੋਚ ਧਰਉ ॥੧॥ ਗੁਰ ਮਤਿ ਸੁਨਿ ਕਛੁ ਗਿਆਨੁ ਨ ਉਪਜਿਓ, ਪਸੁ ਜਿਉ ਉਦਰੁ ਭਰਉ ॥ ਕਹੁ ਨਾਨਕ ਪ੍ਰਭ ਬਿਰਦੁ ਪਛਾਨਉ ,ਤਬ ਹਉ ਪਤਿਤ ਤਰਉ ॥੨॥੪॥੯॥੯॥੧੩॥੫੮॥੪॥੯੩॥ (ਹੇ ਸਤਿਗੁਰੂ!) ਹੁਣ ਮੈਂ ਕਿਹੜਾ ਜਤਨ ਕਰਾਂ? ਜਿਸ ਤਰੀਕੇ ਨਾਲ ਮੇਰੇ ਮਨ ਦਾ ਸੰਸਾ ਦੂਰ ਹੋ ਜਾਵੇ ਅਤੇ ਮੈਂ ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾਵਾਂ।੧। ਰਹਾਉ। ਮੈਂ ਮਨੁੱਖਾ ਜਨਮ ਪ੍ਰਾਪਤ ਕਰਕੇ ਕੋਈ ਚੰਗਾ ਕੰਮ ਨਹੀਂ ਕੀਤਾ, ਇਸ ਕਰਕੇ ਮੈਂ ਬਹੁਤ ਡਰਦਾ ਹਾਂ (ਕਿ ਪ੍ਰਲੋਕ ਵਿਚ ਮੇਰਾ ਕੀ ਹਾਲ ਹੋਵੇਗਾ?)। ਮੈਂ ਮਨ, ਬਚਨ ਅਤੇ ਕਰਮ ਰਾਹੀਂ ਹਰੀ ਦੇ ਗੁਣ ਨਹੀਂ ਗਾਏ, ਮੈਂ ਇਹ ਚਿੰਤਾ ਮਨ ਧਰੀ ਰਖਦਾ ਹਾਂ।੧। ਗੁਰੂ ਦੀ ਸਿੱਖਿਆ ਸੁਣ ਕੇ ਵੀ ਕੁਛ ਗਿਆਨ ਪੈਦਾ ਨਹੀਂ ਹੋਇਆ, ਪਸ਼ੂ ਵਾਂਗ ਪੇਟ ਭਰ ਲੈਂਦਾ (ਬਹੁਤ ਖਾਂਦਾ) ਹਾਂ। ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਪ੍ਰਭੂ! (ਤੁਸੀਂ ਸੇਵਕਾਂ ਦੀ ਰੱਖਿਆ ਕਰਨ ਵਾਲਾ ਅਪਣਾ) ਦਿਆਲੂ ਸੁਭਾਵ ਪਛਾਣੋ, ਤਾਂ ਮੈਂ ਪਾਪੀ ਮਨੁੱਖ (ਭਵਜਲ ਤੋਂ) ਤਰ ਸਕਦਾ ਹਾਂ।੨।੪।੯।੯।੧੩।੫੮।੪।੯੩।

ਪਦਾਰਥ = ਅਬ–ਹੁਣ। ਕਉਨੁ–ਜਿਹੜਾ। ਉਪਾਉ–ਜਤਨ। ਕਰਉ–ਕਰਾਂ। ਜਿਹ ਬਿਧਿ–ਜਿਸ ਤਰੀਕੇ ਨਾਲ। ਕੋ–ਦਾ। ਚੂਕੈ–ਦੂਰ ਹੋ ਜਾਵੇ। ਭਉਨਿਧਿ–ਭਵਜਲ (ਸੰਸਾਰ ਸਮੁੰਦਰ)। ਪਾਰ ਪਰਉ–ਮੈਂ ਪਾਰ ਲੰਘ ਜਾਵਾਂ।੧। ਰਹਾਉ। ਪਾਇ–ਪ੍ਰਾਪਤ ਕਰਕੇ। ਭਲੋ–ਚੰਗਾ ਕੰਮ। ਨ ਕੀਨੋ–ਨਹੀਂ ਕੀਤਾ। ਤਾ ਤੇ–ਇਸ ਕਰਕੇ। ਅਧਿਕ–ਬਹੁਤ। ਡਰਉ–ਮੈਂ ਡਰਦਾ ਹਾਂ। ਬਚ–ਬਚਨਾਂ ਰਾਹੀਂ। ਕ੍ਰਮ–ਕਰਮਾਂ ਰਾਹੀਂ; ਸਰੀਰ ਰਾਹੀਂ। ਯਹ–ਇਹ। ਸੋਚ–ਚਿੰਤਾ। ਜੀਅ–ਮਨ ਵਿਚ। ਧਰਉ–ਧਰੀ ਰੱਖਦਾ ਹਾਂ।੧। ਗੁਰਮਤਿ–ਗੁਰੂ ਦੀ ਸਿੱਖਿਆ। ਸੁਨਿ–ਸੁਣ ਕੇ। ਪਸੁ ਜਿਉ–ਪਸ਼ੂ ਵਾਂਗ। ਉਦਰ–ਪੇਟ। ਭਰਉ–ਭਰ ਲੈਂਦਾ ਹਾਂ। ਬਿਰਦੁ–ਮੁੱਢ ਦਾ ਬਣਿਆ ਸੁਭਾਵ। ਤਬ–ਤਾਂ। ਹਉ–ਮੈਂ। ਪਤਿਤ–

ਪਾਪੀ।ਤਰਉ–ਤਰ ਸਕਦਾ ਹਾਂ।੨।੪।੯।੯।੧੩।੫੮।੪।੯੩।
ਅਖੀਰ ਦੇ ਅੰਕਾਂ ਦਾ ਵੇਰਵਾ =
ਮਹਲਾ ੧ ਦੇ ੯ ਸ਼ਬਦ, ਮਹਲਾ ੩ ਦੇ ੯ ਸ਼ਬਦ। ਮਹਲਾ ੪ ਦੇ ੧੩ ਸ਼ਬਦ।
ਮਹਲਾ ੫ ਦੇ ੫੮ ਸ਼ਬਦ ਅਤੇ ਮਹਲਾ ੯ ਦੇ ੪ ਸ਼ਬਦ।
ਰਾਗ ਧਨਾਸਰੀ ਵਿਚ ਸਾਰੇ ਸ਼ਬਦਾਂ ਦਾ ਕੁਲ ਜੋੜ = ੯੩ ਹੈ।
ਬਾਕੀ ਅਰਥ ਅੱਗੇ ਨਵੇਂ ਫੋਲਡਰ ਵਿਚ ਲਿਖੇ ਹਨ।